ਮਾਸਿਕ

# ਸੀਸ ਗੰਜ

# SIS GANJ

Volume 60 February 2023 Issue 2 Rs. 5



ਸਾਕਾ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ)

## ਇਸ ਮਹੀਨੇ ਦਾ ਵਿਚਾਰ

**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥**
**ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥**
**ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥**
**ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥**
**ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥**
**ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥**
**ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥**
**ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥**
**ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥**
**ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥ ੧੩ ॥**

{ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੬ }

### : ਪਦ ਅਰਥ :

**ਫਲਗੁਣਿ** – ਫੱਗਣ (ਮਹੀਨੇ) ਵਿਚ । **ਉਪਾਰਜਨਾ** – ਉਪਜ, ਪ੍ਰਕਾਸ਼ । **ਸਹਾਈ ਰਾਮ ਕੇ** – ਪਰਮਾਤਮਾ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ । **ਸੇਜ** – ਹਿਰਦਾ । **ਜਾਇ** – ਥਾਂ । **ਵਰੁ** – ਖਸਮ-ਪ੍ਰਭੂ । **ਗਾਵਹੀ** – ਗਾਵਹਿ, ਗਾਂਦੀਆਂ ਹਨ । **ਮੰਗਲੁ** – ਖ਼ੁਸ਼ੀ ਦਾ ਗੀਤ, ਆਤਮਕ ਆਨੰਦ ਪੈਦਾ ਕਰਨ ਵਾਲਾ ਗੀਤ, ਸਿਫ਼ਤਿ-ਸਾਲਾਹ ਦੀ ਬਾਣੀ । **ਅਲਾਇ** – ਉਚਾਰ ਕੇ, ਅਲਾਪ ਕੇ । **ਦਿਸਈ** – ਦਿੱਸਦਾ । **ਲਵੈ** – ਨੇੜੇ । **ਲਵੈ ਲਾਉਣੇ** – ਨੇੜੇ ਤੇੜੇ, ਇਰਦ-ਗਿਰਦ । **ਲਵੈ ਨ ਲਾਇ** – ਲਵੈ ਲਾਉਣੇ ਨਹੀਂ, ਨੇੜੇ ਤੇੜੇ ਦਾ ਨਹੀਂ, ਬਰਾਬਰੀ ਕਰਨ ਜੋਗਾ ਨਹੀਂ । **ਹਲਤੁ** – {अत्र} ਇਹ ਲੋਕ । **ਪਲਤੁ** – {परत्र} ਪਰ ਲੋਕ । **ਸਵਾਰਿਓਨੁ** – ਉਸ (ਪ੍ਰਭੂ) ਨੇ ਸਵਾਰ ਦਿੱਤਾ । **ਦਿਤੀਅਨੁ** – ਉਸ (ਪ੍ਰਭੂ) ਨੇ ਦਿੱਤੀ । **ਜਾਇ** – ਥਾਂ । **ਤੇ** – ਤੋਂ । **ਰਖਿਅਨੁ** – ਉਸ (ਹਰੀ) ਨੇ ਰੱਖ ਲਏ । **ਧਾਇ** – ਧਾਈ, ਭਟਕਣਾ । **ਪਾਇ** – ਪੈ ਕੇ । **ਤਿਲੁ** – ਰਤਾ ਭੀ । **ਤਮਾਇ** – ਤਮ੍ਹਾ, ਲਾਲਚ ।

### : ਅਰਥ :


(ਸਿਆਲੀ ਰੁੱਤ ਦੀ ਕਰੜੀ ਸਰਦੀ ਪਿੱਛੋਂ ਬਹਾਰ ਫਿਰਨ ਤੇ ਫੱਗਣ ਦੇ ਮਹੀਨੇ ਵਿਚ ਲੋਕ ਹੋਲੀਆਂ ਦੇ ਰੰਗ-ਤਮਾਸ਼ਿਆਂ ਦੀ ਰਾਹੀਂ ਖ਼ੁਸ਼ੀਆਂ ਮਨਾਂਦੇ ਹਨ, ਪਰ) ਫੱਗਣ ਵਿਚ (ਉਹਨਾਂ ਜੀਵ-ਇਸਤ੍ਰੀਆਂ ਦੇ ਅੰਦਰ) ਆਤਮਕ ਆਨੰਦ ਪੈਦਾ ਹੁੰਦਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਸੱਜਣ-ਹਰੀ ਪਰਤੱਖ ਆ ਵੱਸਦਾ ਹੈ, ਪਰਮਾਤਮਾ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ ਸੰਤ ਜਨ ਮਿਹਰ ਕਰ ਕੇ ਉਹਨਾਂ ਨੂੰ ਪ੍ਰਭੂ ਨਾਲ ਜੋੜ ਦੇਂਦੇ ਹਨ, ਉਹਨਾਂ ਦੀ ਹਿਰਦਾ-ਸੇਜ ਸੁੰਦਰ ਬਣ ਜਾਂਦੀ ਹੈ, ਉਹਨਾਂ ਨੂੰ ਸਾਰੇ ਹੀ ਸੁੱਖ ਪ੍ਰਾਪਤ ਹੋ ਜਾਂਦੇ ਹਨ, ਫਿਰ ਦੁੱਖਾਂ ਲਈ (ਉਹਨਾਂ ਦੇ ਹਿਰਦੇ ਵਿਚ) ਕਿਤੇ ਰਤਾ ਥਾਂ ਨਹੀਂ ਰਹਿ ਜਾਂਦੀ । ਉਹਨਾਂ ਵਡ-ਭਾਗਣ ਜੀਵ-ਇਸਤ੍ਰੀਆਂ ਦੀ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ, ਉਹਨਾਂ ਨੂੰ ਹਰੀ-ਪ੍ਰਭੂ ਖਸਮ ਮਿਲ ਪੈਂਦਾ ਹੈ, ਉਹ ਸਤ-ਸੰਗੀ ਸਹੇਲੀਆਂ ਨਾਲ ਰਲ ਕੇ ਗੋਵਿੰਦ ਦੀ ਸਿਫ਼ਤਿ-ਸਾਲਾਹ ਦੇ ਗੀਤ ਅਲਾਪ ਕੇ ਆਤਮਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਂਦੀਆਂ ਹਨ । ਪਰਮਾਤਮਾ ਵਰਗਾ ਕੋਈ ਹੋਰ, ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਉਹਨਾਂ ਨੂੰ ਕਿਤੇ ਦਿੱਸਦਾ ਹੀ ਨਹੀਂ ।

ਉਸ ਪਰਮਾਤਮਾ ਨੇ (ਉਹਨਾਂ ਸਤ-ਸੰਗੀਆਂ ਦਾ) ਲੋਕ ਪਰਲੋਕ ਸਵਾਰ ਦਿੱਤਾ ਹੈ, ਉਹਨਾਂ ਨੂੰ (ਆਪਣੇ ਚਰਨਾਂ ਵਿਚ ਲਿਵ-ਲੀਨਤਾ ਵਾਲੀ) ਐਸੀ ਥਾਂ ਬਖ਼ਸ਼ੀ ਹੈ ਜੋ ਕਦੇ ਡੋਲਦੀ ਹੀ ਨਹੀਂ । ਪ੍ਰਭੂ ਨੇ ਸੰਸਾਰ-ਸਮੁੰਦਰ ਤੋਂ ਉਹਨਾਂ ਨੂੰ (ਹੱਥ ਦੇ ਕੇ) ਰੱਖ ਲਿਆ ਹੈ, ਜਨਮਾਂ ਦੇ ਗੇੜ ਵਿਚ ਮੁੜ ਉਹਨਾਂ ਦੀ ਦੌੜ ਭੱਜ ਨਹੀਂ ਹੁੰਦੀ ।

ਹੇ ਨਾਨਕ! (ਆਖ-) ਸਾਡੀ ਇਕ ਜੀਭ ਹੈ, ਪ੍ਰਭੂ ਦੇ ਅਨੇਕਾਂ ਹੀ ਗੁਣ ਹਨ (ਅਸੀ ਉਹਨਾਂ ਨੂੰ ਬਿਆਨ ਕਰਨ ਜੋਗੇ ਨਹੀਂ ਹਾਂ, ਪਰ) ਜੇਹੜੇ ਜੀਵ ਉਸ ਦੀ ਚਰਨੀਂ ਪੈਂਦੇ ਹਨ (ਉਸ ਦਾ ਆਸਰਾ ਤੱਕਦੇ ਹਨ) ਉਹ (ਸੰਸਾਰ-ਸਮੁੰਦਰ ਤੋਂ) ਤਰ ਜਾਂਦੇ ਹਨ ।

ਫੱਗਣ ਦੇ ਮਹੀਨੇ ਵਿਚ (ਹੋਲੀਆਂ ਆਦਿਕ ਵਿਚੋਂ ਅਨੰਦ ਲੱਭਣ ਦੇ ਥਾਂ) ਸਦਾ ਉਸ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ, ਜਿਸ ਨੂੰ (ਆਪਣੀ ਵਡਿਆਈ ਕਰਾਣ ਦਾ) ਰਤਾ ਭਰ ਭੀ ਲਾਲਚ ਨਹੀਂ ਹੈ (ਇਸ ਵਿਚ ਸਾਡਾ ਹੀ ਭਲਾ ਹੈ) ।੧੩ ।

ਟੀਕਾਕਾਰ : ਭਾਈ ਸਾਹਿਬ ਸਿੰਘ ਜੀ




ਜਿਲਦ 60 – ਨੰਬਰ 2
ਫਰਵਰੀ 2023 – ਮਾਘ / ਫੱਗਣ 2079

ਐਡੀਟੋਰੀਅਲ ਬੋਰਡ :
ਸ. ਹਰਮੀਤ ਸਿੰਘ ਕਾਲਕਾ
ਸ. ਜਗਦੀਪ ਸਿੰਘ ਕਾਹਲੋਂ
ਸ. ਹਰਵਿੰਦਰ ਸਿੰਘ ਕੇ.ਪੀ.
ਸ. ਆਤਮਾ ਸਿੰਘ ਲੁਬਾਣਾ
ਸ. ਜਸਮੇਨ ਸਿੰਘ ਨੋਨੀ

ਮੁੱਖ ਸੰਪਾਦਕ :
ਸ. ਹਰਮੀਤ ਸਿੰਘ ਕਾਲਕਾ

ਸੰਪਾਦਕ :
ਸ. ਪਰਮਜੀਤ ਸਿੰਘ ਰਾਣਾ

ਸਹਿ-ਸੰਪਾਦਕ :
ਸ. ਜਸਪ੍ਰੀਤ ਸਿੰਘ ਕਰਮਸਰ
ਡਾ. ਮਨਪ੍ਰੀਤ ਸਿੰਘ

ਪ੍ਰਿੰਟਰ ਤੇ ਪਬਲੀਸ਼ਰ
ਸ. ਧਰਮਿੰਦਰ ਸਿੰਘ ਜਨਰਲ ਮੈਨੇਜਰ

'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ। ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।

Printer and Publisher Dharminder Singh – General Manager for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi – 110001.


Email : dsgmcdelhi@gmail.com
Website : www.dsgmc.in
Phone : +91 11 23712580-81-82
+91 11 23737328-29
Extn. : 104


Total Pages : 1 to 64 (With Cover)

# ਸੀਸ ਗੰਜ ਦੇ ਇਸ ਅੰਕ 'ਚ

4 ਸੰਪਾਦਕੀ
ਸ. ਹਰਮੀਤ ਸਿੰਘ ਕਾਲਕਾ

6 ਚੜ੍ਹਿਆ ਬਸੰਤ
ਡਾ. ਮਨਪ੍ਰੀਤ ਸਿੰਘ





7 ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ
ਸ. ਰਜਿੰਦਰ ਸਿੰਘ ਜੌਲੀ

14 ਫਲਗੁਨਿ ਮਨਿ ਰਹਸੀ.....
ਸ. ਜੋਗਿੰਦਰ ਸਿੰਘ ਸੇਠੀ






23 ..... ਬੰਦਾ ਸਿੰਘ ਬਹਾਦਰ
ਕਮੋਡੋਰ ਗੁਰਨਾਮ ਸਿੰਘ

25 ਸ਼ਬਦ ਦੀ ਕਥਾ ਦਾ ਸੰਕਲਪ.....
ਸ. ਬੀਰ ਦਵਿੰਦਰ ਸਿੰਘ





30 ਸਾਕਾ ਸ੍ਰੀ ਨਨਕਾਣਾ ਸਾਹਿਬ
ਪ੍ਰਾਪਤ

39 .....ਡਾ. ਸਰ ਮੁਹੰਮਦ ਇਕਬਾਲ
ਡਾ. ਜਸਬੀਰ ਸਿੰਘ ਸਰਨਾ

42 ਗੁਰੂ ਨਾਨਕ ਦੇਵ ਦੀ ਪੂਰਬ ਏਸ਼ੀਆ.....
ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ

50 ਸਾਕਾ ਸ੍ਰੀ ਨਨਕਾਣਾ ਸਾਹਿਬ ਦੇ.....
ਸ. ਰਜਿੰਦਰ ਸਿੰਘ ਜੌਲੀ

58 ਚਿੱਠਾ ਆਮਦਨ ਖਰਚ
ਅਕਾਊਂਟਸ ਵਿਭਾਗ

60 ਸਿੱਖ ਇਤਿਹਾਸਕ ਘਟਨਾਵਾਂ
ਧਰਮ ਪ੍ਰਚਾਰ ਕਮੇਟੀ

# ਗੁਰਧਾਮਾਂ ਦੀ ਆਜ਼ਾਦੀ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਮਨੁੱਖ ਮਾਤਰ ਦੇ ਕਲਿਆਣ ਅਤੇ ਸੁੱਖ-ਸ਼ਾਂਤੀ ਲਈ 'ਸਗਲੀ ਚਿੰਤ' ਮਿਟਾ ਦੇਣ ਵਾਲੀ ਧੁਰ ਕੀ ਬਾਣੀ ਦੀ ਰਚਨਾ ਕੀਤੀ ਤਾਂ ਉਸ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਲਈ ਉਨ੍ਹਾਂ ਪ੍ਰਚਾਰ ਦੌਰੇ ਕੀਤੇ (ਜਿਨ੍ਹਾਂ ਨੂੰ ਇਤਿਹਾਸ ਵਿੱਚ 'ਉਦਾਸੀਆਂ' ਦੇ ਨਾਂ ਨਾਲ ਦਰਸਾਇਆ ਗਿਆ ਹੈ) ਤੇ ਉਨ੍ਹਾਂ ਜਗ੍ਹਾ-ਜਗ੍ਹਾ ਸੰਗਤਾਂ ਕਾਇਮ ਕੀਤੀਆਂ। ਸੰਗਤ ਨੇ ਬੈਠ, ਧੁਰ ਕੀ ਬਾਣੀ ਦਾ ਪਾਠ ਅਤੇ ਵਿਚਾਰ ਚਰਚਾ ਕਰਨ ਲਈ ਧਰਮਸ਼ਾਲਾ ਸਥਾਪਿਤ ਕੀਤੀਆਂ। ਇਹ ਧਰਮਸ਼ਾਲਾਵਾਂ ਹੀ ਸਮਾਂ ਬੀਤਣ ਦੇ ਨਾਲ ਗੁਰਦੁਆਰਿਆਂ ਦੇ ਰੂਪ ਵਿੱਚ ਜਾਣੀਆਂ ਜਾਣ ਲੱਗੀਆਂ।

ਸਮਾਂ ਬੀਤਿਆ, ਗੁਰੂ ਸਾਹਿਬਾਨ ਤੋਂ ਬਾਅਦ ਸਿੱਖਾਂ ਨੂੰ ਆਪਣੀ ਹੋਂਦ ਕਾਇਮ ਰੱਖਣ ਤੇ ਸਿੱਖੀ ਦੇ ਆਦਰਸ਼, ਜਬਰ-ਜ਼ੁਲਮ ਦਾ ਨਾਸ ਕਰਨ ਅਤੇ ਗਰੀਬ ਮਜਲੂਮ ਦੀ ਰੱਖਿਆ ਲਈ ਲੰਮਾਂ ਸੰਘਰਸ਼ ਕਰਨਾ ਪਿਆ। ਇਸ ਉਦੇਸ਼ ਅਤੇ ਆਦਰਸ਼ ਲਈ ਜੂਝਦਿਆਂ ਉਨ੍ਹਾਂ ਨੂੰ ਜੰਗਲਾਂ-ਬੇਲਿਆਂ ਵਿੱਚ ਸਿਰ ਛੁਪਾ ਭਟਕਣ 'ਤੇ ਮਜਬੂਰ ਹੋਣਾ ਪੈ ਗਿਆ। ਇਸ ਦੌਰਾਨ ਉਨ੍ਹਾਂ ਦਾ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਨਿਭਾ ਪਾਉਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਸੀ ਰਿਹਾ, ਜਿਸ ਦਾ ਨਤੀਜਾ ਇਹ ਹੋਇਆ ਕਿ ਮਹੰਤਾਂ ਨੇ ਆਹਿਸਤਾ ਆਹਿਸਤਾ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸੰਭਾਲਣੀ ਸ਼ੁਰੂ ਕਰ ਦਿੱਤੀ। ਇਹ ਸਥਿਤੀ ਕਾਫੀ ਸਮਾਂ ਸੁਚੱਜੇ ਢੰਗ ਨਾਲ ਚਲਦੀ ਰਹੀ। ਪਰੰਤੂ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿੱਚ ਸਰਬ-ਸਾਂਝੇ ਰਾਜ ਦੀ ਸਥਾਪਨਾ ਕੀਤੀ ਤਾਂ ਉਸ ਨੇ ਇਹ ਸੋਚ, ਕਿ ਧਰਮ-ਪ੍ਰਚਾਰ ਦੀ ਲਹਿਰ ਨਿਰਵਿਘਨ ਰੂਪ ਵਿੱਚ ਚਲਦਿਆਂ ਰਹਿਣੀ ਚਾਹੀਦੀ ਹੈ, ਧਰਮ ਅਸਥਾਨਾਂ ਦੇ ਨਾਲ ਜਾਗੀਰਾਂ ਲਗਾ ਦਿੱਤੀਆਂ। ਇਸੇ ਤਰ੍ਹਾਂ ਹੋਰ ਧਰਮ ਅਸਥਾਨਾਂ ਦੇ ਨਾਲ ਹੀ ਸਿੱਖਾਂ ਦੇ ਗੁਰਦੁਆਰਿਆਂ ਦੇ ਨਾਲ ਵੀ ਜਾਗੀਰਾਂ ਲੱਗ ਗਈਆਂ।

ਜਿਉਂ-ਜਿਉਂ ਜਾਗੀਰਾਂ ਦੀ ਆਮਦਨ ਵਿੱਚ ਵਾਧਾ ਹੁੰਦਾ ਗਿਆ, ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਨਿਭਾ ਰਹੇ ਮਹੰਤਾਂ ਦੀ ਸੋਚ ਵਿੱਚ ਖੋਟ ਆਉਣ ਲੱਗ ਪਿਆ। ਉਨ੍ਹਾਂ ਨੇ ਜਾਗੀਰ ਦੀ ਸਾਰੀ ਆਮਦਨ ਨੂੰ ਜਿੱਥੇ ਆਪਣੇ ਹਿੱਤਾਂ ਲਈ ਵਰਤਣਾ ਸ਼ੁਰੂ ਕੀਤਾ, ਉਥੇ ਹੀ ਗੁਰਧਾਮਾਂ ਪੁਰ ਆਪਣੇ ਕਬਜ਼ੇ ਨੂੰ ਪੱਕਾ ਕਰਨ ਲਈ ਗੁੰਡਿਆਂ ਅਤੇ ਬਦਮਾਸ਼ਾਂ ਨੂੰ ਵੀ ਭਰਤੀ ਕਰ ਲਿਆ, ਤਾਂ ਜੋ ਜੇ ਕੋਈ ਉਨ੍ਹਾਂ ਦੇ ਕੁਕਰਮਾਂ ਵਿਰੁੱਧ ਆਵਾਜ਼ ਉਠਾਏ ਤਾਂ ਉਸਨੂੰ ਇਨ੍ਹਾਂ ਦੇ ਸਹਾਰੇ ਦਬਾ ਤੇ ਕੁਚਲ ਦਿੱਤਾ ਜਾਏ।

ਨਤੀਜਾ ਇਹ ਹੋਇਆ ਕਿ ਜਿੱਥੇ ਇਨ੍ਹਾਂ ਗੁਰਧਾਮਾਂ ਦੇ ਦਰਸ਼ਨ ਕਰਨ ਪੁੱਜਦੀਆਂ ਸੰਗਤਾਂ ਨੂੰ ਲੁੱਟਿਆ ਤੇ ਡਰਾਇਆ ਜਾਂਦਾ, ਉਥੇ ਹੀ ਬੀਬੀਆਂ ਦੀ ਪਤ ਵੀ ਲੁੱਟੀ ਜਾਣ ਲੱਗ ਪਈ। ਨਤੀਜਾ ਇਹ ਹੋਇਆ ਕਿ ਗੁਰਧਾਮਾਂ ਦੇ ਦਰਸ਼ਨ ਲਈ ਆਉਣ ਵਾਲੀਆਂ ਸੰਗਤਾਂ ਵਿਚੋਂ ਕੋਈ ਸੁਰੱਖਿਅਤ ਨਾ ਰਹਿ ਗਿਆ। ਮਹੰਤਾਂ ਦੇ ਕੁਕਰਮ ਦਿਨ-ਬ-ਦਿਨ ਵੱਧਣ ਲੱਗੇ। ਨਾਚੀਆਂ ਉਨ੍ਹਾਂ ਦੇ ਮਨੋਰੰਜਨ ਦਾ ਸਾਧਨ ਬਣ ਗਈਆਂ।



ਜਦੋਂ ਇਹ ਖਬਰਾਂ ਬਾਹਰ ਨਿਕਲਣ ਲੱਗੀਆਂ ਤਾਂ ਸਿੱਖਾਂ ਦਾ ਖੂਨ ਖੌਲ੍ਹਣ ਲੱਗਾ। ਕੁੱਝ ਜੋਸ਼ੀਲੇ ਤੇ ਜਜ਼ਬਾਤੀ ਨੌਜਵਾਨ ਗੁਰਧਾਮਾਂ ਨੂੰ ਮਹੰਤਾਂ ਦੇ ਪੰਜੇ ਵਿੱਚੋਂ ਆਜ਼ਾਦ ਕਰਵਾਉਣ ਲਈ ਸਿਰ ਤਲੀ ਉਤੇ ਰੱਖ ਮੈਦਾਨ ਵਿੱਚ ਨਿਤਰ ਪਏ। ਉਨ੍ਹਾਂ ਨੇ ਗੁਰੂ ਚਰਨਾਂ ਵਿੱਚ ਸ਼ਾਂਤਮਈ ਰਹਿ ਕੇ ਹਰ ਕੁਰਬਾਨੀ ਕਰਨ ਦਾ ਪ੍ਰਣ ਕੀਤਾ ਅਤੇ ਮੰਜ਼ਿਲ ਪ੍ਰਾਪਤੀ ਵੱਲ ਤੁਰ ਪਏ।

ਇਕ ਪਾਸੇ ਸ਼ਾਂਤਮਈ ਅਤੇ ਨਾਮ ਜਪਦੇ ਸਿੱਖਾਂ ਪੁਰ ਅਸਹਿ ਤੇ ਅਕਹਿ ਜ਼ੁਲਮ ਢਾਹੇ ਜਾਣੇ ਸ਼ੁਰੂ ਕੀਤੇ ਗਏ ਅਤੇ ਦੂਜੇ ਪਾਸੇ ਆਪਣੇ ਭਰਾਵਾਂ ਨੂੰ ਜਬਰ-ਜ਼ੁਲਮ ਦਾ ਸ਼ਿਕਾਰ ਹੁੰਦਿਆਂ ਵੇਖ ਹੋਰ ਸਿੱਖ ਨੌਜਵਾਨ ਵੀ ਮੈਦਾਨ ਵਿੱਚ ਨਿਤਰਨੇ ਸ਼ੁਰੂ ਹੋ ਗਏ। ਫਲਸਰੂਪ ਇੱਕ ਪਾਸੇ ਕੁਰਬਾਨੀਆਂ ਦਾ ਦੌਰ ਸ਼ੁਰੂ ਹੋ ਗਿਆ ਅਤੇ ਦੂਜੇ ਪਾਸੇ ਇੱਕ-ਇੱਕ ਕਰਕੇ ਗੁਰਧਾਮ ਮਹੰਤਾਂ ਦੇ ਪੰਜੇ ਵਿੱਚੋਂ ਆਜ਼ਾਦ ਹੋਣੇ ਸ਼ੁਰੂ ਹੋ ਗਏ।

ਗੁਰਧਾਮਾਂ ਦੇ ਆਜ਼ਾਦ ਹੋਣ ’ਤੇ ਉਨ੍ਹਾਂ ਦੇ ਪ੍ਰਬੰਧ ਦਾ ਏਕੀਕਰਣ ਕਰਨ ਲਈ ਨਵੰਬਰ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਤ ਕੀਤੀ ਗਈ ਅਤੇ ਇਸ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾਉਣ ਵਾਲੇ ਸਿੱਖਾਂ ਨੂੰ ਸੰਗਠਤ ਕਰਨ ਲਈ ਪੰਜਾਬ ਦੇ ਹਰ ਸ਼ਹਿਰ ਵਿੱਚ ਅਕਾਲੀ ਜੱਥੇ ਕਾਇਮ ਕਰ ਦਿੱਤੇ ਗਏ। ਬਾਅਦ ਵਿੱਚ ਇਨ੍ਹਾਂ ਜੱਥਿਆਂ ਦੀ ਸ਼ਕਤੀ ਨੂੰ ਇੱਕਜੁਟ ਰੱਖਣ ਲਈ ਸ੍ਰੀ ਅਕਾਲ ਤਖਤ ’ਤੇ ਬੈਠਕ ਕਰ ਲੰਮੇ ਵਿਚਾਰ ਵਟਾਂਦਰੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਸਰਬ-ਸੰਮਤੀ ਨਾਲ ਇੱਕ ਮਤਾ ਪਾਸ ਕਰ ਫੈਸਲਾ ਕੀਤਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਪ੍ਰਸਤੀ ਹੇਠ ਸਾਰੇ ਅਕਾਲੀ ਜੱਥੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਦੇ ਨਾਲ, ਉਨ੍ਹਾਂ ਦੀ ਪਵਿੱਤਰਤਾ ਅਤੇ ਸਥਾਪਤ ਮਰਿਆਦਾਵਾਂ, ਪਰੰਪਰਾਵਾਂ ਅਤੇ ਮਾਨਤਾਵਾਂ ਨੂੰ ਕਾਇਮ ਰੱਖਣ ਪ੍ਰਤੀ ਵਚਨਬੱਧ ਹੋ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਦੇਸ਼ ਦਾ ਪਾਲਣ ਕਰਨਗੇ।

ਇਸ ਲੰਮੇ ਤੇ ਸਫਲ ਸੰਘਰਸ਼ ਦੀ ਵਿਸ਼ੇਸ਼ਤਾ ਇਹ ਰਹੀ ਕਿ ਇਸ ਵਿੱਚ ਜਬਰ-ਜ਼ੁਲਮ ਦੇ ਸ਼ਿਕਾਰ ਹੁੰਦਿਆਂ ਕਿਸੇ ਵੀ ਸਿੱਖ ਨੇ ਆਪਣੇ ਸ਼ਾਂਤਮਈ ਰਹਿਣ ਦੇ ਪ੍ਰਣ ਨੂੰ ਭੰਗ ਨਹੀਂ ਕੀਤਾ, ਭਾਵੇਂ ਉਨ੍ਹਾਂ ਨੂੰ ਅਸਹਿ ਤੇ ਅਕਹਿ ਜ਼ੁਲਮ ਸਹਿੰਦਿਆਂ ਸ਼ਹਾਦਤਾਂ ਦੇਣੀਆਂ ਪਈਆਂ।

– ਹਰਮੀਤ ਸਿੰਘ ਕਾਲਕਾ
ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ੴ ਵਾਹਿਗੁਰੂ ਜੀ ਕੀ ਫ਼ਤਹਿ ॥

## ਜ਼ਫ਼ਰਨਾਮਾ

**ਚਿ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨਦ**
**ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ ।੫੮।**

: ਅਰਥ :

ਜੇਕਰ ਤਸੀਂ (ਗੁਰੂ ਸਾਹਿਬ) ਅਨੰਦਪੁਰ ਛੱਡ ਕੇ ਕਾਂਗੜ ਵਿੱਚ ਤਸ਼ਰੀਫ਼ ਲੈ ਜਾਓ ਤਾਂ ਇਸ ਤੋਂ ਬਾਅਦ ਆਪਣੀ ਮੁਲਾਕਾਤ ਹੋ ਸਕਦੀ ਹੈ।

**ਨ ਜ਼ੱਰਹ ਦਰੀਂ ਰਾਹਿ ਖ਼ਤਰਾ ਤੁਰਾਸਤ**
**ਹਮਹ ਕੌਮਿ ਬੈਰਾੜ ਹੁਕਮੇ ਮਾਰਸਤ ।੫੯।**

: ਅਰਥ :

ਤੁਹਾਨੂੰ ਏਸ ਪਾਸੇ ਆਉਣ ਵਿੱਚ ਕੋਈ ਖ਼ਤਰਾ ਨਹੀਂ ਹੋਵੇਗਾ ਕਿਉਂਕਿ ਇਸ ਇਲਾਕੇ ਵਿੱਚ ਵੱਸਦੀ ਸਾਰੀ ਬੈਰਾੜ ਕੌਮ ਸਾਡੇ ਅਧੀਨ ਹੈ।

**ਬਯਾ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ**
**ਬਰੂਇ ਸ਼ੁਮਾ ਮਿਹਰਬਾਨੀ ਕੁਨੇਮ ।੬੦।**

: ਅਰਥ :

ਤੁਸੀਂ ਇਧਰ ਆ ਜਾਓਂ ਤਾਂ ਜ਼ਬਾਨੀ ਗੱਲਬਾਤ ਕਰ ਲਈਏ ਤੇ ਆਹਮੋ-ਸਾਹਮਣੇ ਹੋ ਮਿਹਰਬਾਨੀ ਵਾਲਾ ਵਰਤਾਉ ਕਰੀਏ।


**ਯਕੇ ਅਸਪ* ਸ਼ਾਇਸਤਏ ਯਕ ਹਜ਼ਾਰ**
**ਬਯਾ ਤਾ ਬਗੀਰੀ ਬ ਮਨ ਈਂ ਦਯਾਰ ।੬੧।**

: ਅਰਥ :

ਜੇ ਆਓਂ ਤਾਂ ਤੁਹਾਨੂੰ ਇਸ ਇਲਾਕੇ ਵਿੱਚ ‘ਯਕ ਅਸਪ’ ਇਕ ਹਜ਼ਾਰੀ ਦਾ ਮਨਸਬ ਵੀ ਪ੍ਰਦਾਨ ਕਰੀਏ। (ਇਹ ਕੁਝ ਸੂਬਾ ਲਾਹੌਰ ਤੇ ਨਵਾਬ ਸਰਹੰਦ ਰਾਹੀਂ ਸਰਕਾਰ ਵੱਲੋਂ ਕਿਹਾ ਗਿਆ ਸੀ, ਪਰ ਜੋ ਕੁਝ ਵਾਪਰਿਆ, ਬਿਲਕੁਲ ਇਸ ਤੋਂ ਉਲਟ, ਇਹੋ ਗਿਲਾ ਗੁਰੂ ਜੀ ਬਾਦਸ਼ਾਹ ਪਾਸ ਕਰ ਰਹੇ ਹਨ।)

ਟੀਕਾਕਾਰ - ਪਿਆਰਾ ਸਿੰਘ ਪਦਮ

* ਇੱਕ ਘੋੜਾ ਰੱਖਣ ਵਾਲੇ ਸਵਾਰ ਨੂੰ ‘ਯਕ ਅਸਪ’ ਤੇ ਦੋ ਘੋੜੇ ਰੱਖਣ ਵਾਲੇ ਨੂੰ ‘ਦੋ ਅਸਪ ਸਵਾਰ’ ਕਿਹਾ ਜਾਂਦਾ ਸੀ। ਚੰਗੇ ਸਵਾਰ ਦੋ ਜਾਂ ਤਿੰਨ ਘੋੜੇ ਰੱਖਦੇ ਸਨ ਤਾਂਕਿ ਜੇ ਇੱਕ ਬੀਮਾਰ ਜਾਂ ਜ਼ਖ਼ਮੀ ਹੋ ਜਾਵੇ ਤਾਂ ਦੂਜਾ ਕੰਮ ਦਿੰਦਾ ਰਹੇ ਤੇ ਇਸ ਦਾ ਖ਼ਰਚ ਸਰਕਾਰ ਦਿੰਦੀ ਸੀ।



# ਚੜ੍ਹਿਆ ਬਸੰਤ

ਸਾਡੇ ਦੇਸ਼ ਦੇ ਮੌਸਮ ਤਬਦੀਲੀ ਨੂੰ ਛੇ ਰੁੱਤਾਂ ਵਿੱਚ ਵੰਡਿਆ ਗਿਆ ਹੈ। ਛੇ ਰੁੱਤਾਂ ਦੇਸੀ ਮਹੀਨਿਆਂ ਅਨੁਸਾਰ ਦੋ-ਦੋ ਮਹੀਨਿਆਂ ਦੇ ਸੰਯੋਗ ਨਾਲ ਸਬੰਧ ਰੱਖਦੀਆਂ ਹਨ। ਦੇਸੀ ਮਹੀਨਿਆਂ ਦੀ ਸ਼ੁਰੂਆਤ ਚੇਤ ਤੋਂ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਾਰਹਮਾਹ ਬਾਣੀ ਦਾ ਪਹਿਲਾ ਮਹੀਨਾ ਚੇਤ ਹੈ। ਇਸ ਪ੍ਰਕਾਰ ਛੇ ਰੁੱਤਾਂ ਦੀ ਤਰਤੀਬ ਅਨੁਸਾਰ ਕੋਸ਼ ਵਿੱਚ ਵੰਡ ਇਸ ਤਰ੍ਹਾਂ ਹੈ ਕਿ ਚੇਤ ਤੇ ਵੈਸਾਖ ਬਸੰਤ ਰੁੱਤ ਹੈ, ਜੇਠ ਤੇ ਹਾੜ ਗਰਮ ਰੁੱਤ ਹੈ, ਸਾਵਨ ਤੇ ਭਾਦੋਂ ਪਾਵਸ ਰੁੱਤ ਭਾਵ ਵਰਖਾ ਰੁੱਤ ਹੈ, ਅੱਸੂ ਤੇ ਕੱਤਕ ਸਰਦ ਰੁੱਤ ਹੈ, ਮੱਘਰ ਤੇ ਪੋਹ ਹਿਮ ਰੁੱਤ ਭਾਵ ਬਰਫੀਲੀ ਰੁੱਤ ਹੈ, ਮਾਘ ਤੇ ਫੱਗਣ ਸ਼ਿਸਰ ਰੁੱਤ ਭਾਵ ਠੰਡੀ ਰੁੱਤ ਹੈ। ਹੁਣ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਬਸੰਤ ਸ਼ਬਦ ਦੇ ਕਈ ਅਰਥ ਹਨ, ਜਿਵੇਂ ਰੁੱਤ, ਤਿਉਹਾਰ, ਰਾਗ, ਰੰਗ ਤੇ ਆਤਮਿਕ ਖਿੜਾਉ। ਬਸੰਤ ਸ਼ਬਦ ਗੁਰਬਾਣੀ ਵਿੱਚ ਬੇਅੰਤ ਵਾਰ ਆਇਆ ਹੈ, ਜਿਵੇਂ :

**ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ॥**
**ਤਿਸੁ ਬਸੰਤੁ ਜਿਸੁ ਗੁਰੁ ਦਇਆਲੁ॥**
**ਮੰਗਲੁ ਤਿਸ ਕੈ ਜਿਸੁ ਏਕੁ ਕਾਮੁ॥**
**ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ॥**

ਇਸ ਦਾ ਸਬੰਧ ਬਸੰਤ ਪੰਚਮੀ ਦ ਤਿਉਹਾਰ ਨਾਲ ਹੈ। ਗੁਰਬਾਣੀ ਵਿੱਚ ਵੀ ਬਸੰਤ ਦਾ ਸਬੰਧ ਚੇਤ ਵੈਸਾਖ ਨਾਲ ਦੱਸਿਆ ਹੈ।

**ਰੁਤਿ ਸਰਸ ਬਸੰਤ ਮਾਹ**
**ਚੇਤੁ ਵੈਸਾਖ ਸੁਖ ਮਾਸੁ ਜੀਉ॥**

**ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਸੰਤ ਦੀ ਮਰਿਆਦਾ ਅਤੇ ਬਸੰਤ ਰਾਗ ਦੀ ਆਰੰਭਤਾ :**

ਪੁਰਾਤਨ ਕਾਲ ਤੋਂ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਚਲਾਈ ਹੋਈ ਮਰਿਆਦਾ ਅਨੁਸਾਰ ਪੋਹ ਮਹੀਨੇ ਦੀ ਅਖੀਰਲੀ ਰਾਤ ਨੂੰ 8.45 ਵਜੇ ਕੀਰਤਨੀਏ ਸਿੰਘਾਂ ਵੱਲੋਂ 6 ਪਉੜੀਆਂ ਅਨੰਦ ਸਾਹਿਬ ਜੀ ਦਾ ਕੀਰਤਨ ਕਰਕੇ ਅਰਦਾਸੀਏ ਸਿੰਘ ਵੱਲੋਂ ਬਸੰਤ ਰਾਗ ਦੀ ਆਰੰਭਤਾ ਦੀ ਅਰਦਾਸ ਕੀਤੀ ਜਾਂਦੀ ਹੈ। ਅਰਦਾਸ ਤੋਂ ਬਾਅਦ ਕੀਰਤਨੀਏ ਸਿੰਘ ਗੁਰੂ ਸਾਹਿਬ ਪਾਸੋਂ ਆਗਿਆ ਲੈ ਕੇ ਰਾਗ ਬਸੰਤ ’ਚ “ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ” ਸ਼ਬਦ ਦਾ ਗਾਇਨ ਕਰਦੇ ਹਨ। ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਸੰਤ ਰਾਗ ਵਿੱਚ ਉਚਾਰਨ ਕੀਤਾ ਪਹਿਲਾ ਸ਼ਬਦ ਹੈ। ਮਾਘ ਦੀ ਸੰਗਰਾਦ ਤੋਂ ਹੋਲੇ ਮਹੱਲੇ ਤੱਕ ਹਰ ਚੌਂਕੀ ਵਿੱਚ ਬਸੰਤ ਰਾਗ ਦਾ ਗਾਇਨ ਕੀਤਾ ਜਾਂਦਾ ਹੈ।

ਬਸੰਤ ਰਾਗ ਦੀ ਮਰਿਆਦਾ :

ਕੀਰਤਨ ਚੌਂਕੀ ਦੀ ਆਰੰਭਤਾ ਬਸੰਤ ਰਾਗ ਦੀ ਸ਼ਾਨ ਵਜਾਕੇ, ਬਸੰਤ ਰਾਗ ਵਿੱਚ ਹੀ ਡੰਡੋਤ ਕਰਕੇ, ਬਸੰਤ ਰਾਗ ਵਿੱਚੋਂ ਵੱਖਰੇ-ਵੱਖਰੇ ਸ਼ਬਦ ਦੇ ਗਾਇਨ ਕੀਤੇ ਜਾਂਦੇ ਹਨ। ਨਾਲ ਹੀ “ਬਸੰਤ ਕੀ ਵਾਰ” ਦੀਆਂ 3 ਪਉੜੀਆਂ ਦਾ ਗਾਇਣ ਕੀਤਾ ਜਾਂਦਾ ਹੈ।

**ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥**

ਫਿਰ ਬਸੰਤ ਕੀ ਵਾਰ ਦੀ ਅਖੀਰਲੀ ਪਉੜੀ ਲਗਾ ਕੇ ਕੀਰਤਨ ਚੌਂਕੀ ਦੀ ਸਮਾਪਤੀ ਕੀਤੀ ਜਾਂਦੀ ਹੈ। ਬਸੰਤ ਦੇ ਕਈ ਪ੍ਰਕਾਰ ਦੇ ਸ਼ਬਦ ਗਾਇਨ ਹੁੰਦੇ ਹਨ, ਜਿਵੇਂ ਸ਼ੁੱਧ ਬਸੰਤ, ਬਸੰਤ ਹਿੰਡੋਲ, ਬਸੰਤ (ਪੂਰਬੀ ਥਾਟ) ਆਦਿ।

ਹੋਲੇ ਮਹੱਲੇ ਦੇ ਦਿਹਾੜੇ ’ਤੇ ਆਸਾ ਕੀ ਵਾਰ ਦੀ ਚੌਂਕੀ ਦੀ ਸਮਾਪਤੀ ਵੇਲੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਸੰਤ ਰਾਗ ਦੀ ਸਮਾਪਤੀ ਦੀ ਅਰਦਾਸ ਕੀਤੀ ਜਾਂਦੀ ਹੈ। ਗੁਰਬਾਣੀ ਵਿੱਚ ਕੁੱਲ 62 ਰਾਗਾਂ ਅਤੇ ਰਾਗਨੀਆਂ ਵਿੱਚ ਦਰਜ਼ ਹਨ ਅਤੇ ਹਰ ਰਾਗ ਨੂੰ ਦਿਨ ਦੇ ਵੱਖਰੇ ਪਹਿਰ ਵਿੱਚ ਗਾਉਣ ਦੀ ਮਰਿਯਾਦਾ ਹੈ, ਪਰ ਸਿਰਫ ਬਸੰਤ ਅਤੇ ਮਲਾਰ ਰਾਗ ਮੌਸਮ ਅਨੁਸਾਰ ਸਾਰਾ ਦਿਨ ਗਾਇਆ ਜਾਂਦਾ ਹੈ।

ਆਪ ਸਭ ਨੂੰ ਬਸੰਤ ਦੀ ਮੁਬਾਰਕ।

- ਡਾ. ਮਨਪ੍ਰੀਤ ਸਿੰਘ
ਸਹਿ-ਸੰਪਾਦਕ ਸੀਸ ਗੰਜ ਮੈਗਜ਼ੀਨ



# ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ

ਭਾਰਤੀ ਸੰਸਕ੍ਰਿਤੀ ਵਿੱਚ, ਮਨੁੱਖਾ ਜੀਵਨ ਨੂੰ ਰੱਬ (ਪ੍ਰਮਾਤਮਾ) ਵੱਲੋਂ ਮਿਲੇ ਵਰਦਾਨ ਵਜੋਂ ਸਮਝਿਆ ਜਾਂਦਾ ਰਿਹਾ ਹੈ। ਗੁਰੂ ਨਾਨਕ ਸਾਹਿਬ ਦੁਆਰਾ ਸਿੱਖ ਧਰਮ ਦੀ ਬੁਨਿਆਦ ਰੱਖਣ ਤੋਂ ਪਹਿਲਾਂ, ਭਾਰਤ ਵਿਚ, ਸ਼ਹਾਦਤ ਦਾ ਵੇਰਵਾ ਜਾਂ ਜ਼ਿਕਰ ਕਿਸੇ ਧਰਮ ਦੇ ਇਤਿਹਾਸ ਵਿਚ ਨਹੀਂ ਮਿਲਦਾ ਸਗੋਂ ਮਨੁੱਖਾ ਜੀਵਨ ਨੂੰ ਯੋਗ ਦੁਆਰਾ ਹੋਰ ਲਮੇਰਾ ਕਰਨ ਦੀਆਂ ਯੁਕਤੀਆ ਦਾ ਗਿਆਨ ਦਿੱਤਾ ਜਾਂਦਾ ਰਿਹਾ ਹੈ। ਸਿੱਖ ਧਰਮ ਦੇ ਆਉਣ ਨਾਲ, ਜਿੱਥੇ ਰੱਬ ਦੀ ਰਜ਼ਾ ਵਿਚ ਜੀਵਨ ਬਤੀਤ ਕਰਨ ਦੀ ਵਿਚਾਰਧਾਰਾ ਆਰੰਭ ਹੋਈ, ਉੱਥੇ ਹੀ 'ਸ਼ਹੀਦ' ਜਾਂ 'ਸ਼ਹਾਦਤ' ਵਿਚਾਰਧਾਰਾ ਦਾ ਵੀ ਆਗਾਜ਼ ਹੋਇਆ।

ਆਪਣੀ ਜਾਨ ਕਿਸੇ ਵਾਸਤੇ ਜਾਂ ਕਿਸੇ ਮੰਤਵ ਵਾਸਤੇ ਵਾਰਨ ਦਾ ਜਜ਼ਬਾ, ਕਿਸੇ ਵਿਰਲੇ ਮਨੁੱਖ ਵਿਚ ਹੀ ਮਿਲਦਾ ਹੈ। ਅਕਾਲਪੁਰੱਖ ਨੇ ਜਾਨ ਵਾਰਨ ਦੇ ਜਜ਼ਬੇ ਦੀ ਵਿਰਲੀ ਅਤੇ ਅਮੁੱਲੀ ਦਾਤ ਕਿਸੇ ਵਿਰਲੇ ਨੂੰ ਹੀ ਬਖ਼ਸ਼ੀ ਹੈ। ਇਸੇ ਲਈ, ਆਮ ਤੌਰ ਤੇ ਦੇਸ਼, ਕੌਮ ਜਾਂ ਧਰਮ ਦੇ ਨਾਮ ਤੇ ਜਾਨ ਵਾਰਨ ਵਾਲੇ ਨੂੰ ਸ਼ਹੀਦ ਦਾ ਨਾਮ ਦਿੱਤਾ ਜਾਂਦਾ ਹੈ। ਸ਼ਹੀਦ ਆਪਣੇ ਦੇਸ਼ ਜਾਂ ਕੌਮ ਦੀ ਜਿੰਦ-ਜਾਨ ਹੁੰਦੇ ਹਨ। ਸ਼ਹਾਦਤ ਦੇ ਅਰਥ 'ਗਵਾਹੀ' ਅਰਬੀ ਅਤੇ ਫ਼ਾਰਸੀ ਜ਼ੁਬਾਨਾਂ ਵਿਚ ਮਿਲਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ, ਸ਼ਹਾਦਤ ਦਾ ਅਰਥ 'ਸੱਚੀ ਗਵਾਹੀ' 'ਸ਼ਹੀਦੀ' 'ਧਰਮ ਯੁੱਧ ਵਿਚ ਮੌਤ'/ਜੀਵਨ ਅਰਪਣ ਕਾਰਨ ਵਾਲਾ ਆਦਿ ਕੀਤੇ ਹਨ, ਅਰਥਾਤ ਸ਼ਹੀਦੀ ਪ੍ਰਾਪਤ ਕਰਨ ਵਾਲਾ ਜਾਂ ਵਾਲਿਆਂ ਨੂੰ ਸ਼ਹੀਦ ਕਿਹਾ ਜਾਂਦਾ ਹੈ। ਅਰਥਾਤ "ਲੋਕ ਹਿਤ ਵਿਚ ਤੇ ਖਾਸ ਮਨੋਰਥ ਲਈ ਮਰਨ ਵਾਲੇ ਬੰਦੇ ਨੂੰ ਸ਼ਹੀਦ ਕਿਹਾ ਜਾਂਦਾ ਹੈ।" ਸਿੱਖ ਕੌਮ ਨੂੰ ਆਪਣੇ ਪੁਰਖਿਆਂ ਦੁਆਰਾ, ਅਥਾਹ ਕੁਰਬਾਨੀਆਂ ਦੇ ਕੇ ਰਚੇ ਸ਼ਾਨਾਮਤੇ ਇਤਿਹਾਸ 'ਤੇ ਮਾਣ ਕਰਨਾ ਬਣਦਾ ਵੀ

ਹੈ। ਭਾਈ ਗੁਰਦਾਸ ਜੀ ਨੇ ਆਪਣੀਆਂ ਰਚੀਆਂ ਵਾਰਾਂ ਵਿਚ ਮੁਰੀਦ (ਸਿੱਖ) ਦੇ ਲੱਛਣਾਂ ਦੀ ਵਿਆਖਿਆ ਕਰਨ ਲਗਿਆਂ, 'ਸ਼ਹੀਦ' ਸ਼ਬਦ ਦੀ ਵਰਤੋਂ ਕੀਤੀ ਹੈ:

**ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।**
**ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।**
**(ਵਾਰ ੨, ਪਉੜੀ ੭)**

ਕੁਝ ਸਾਲ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ, ਡਾਕਟਰ ਹਰਚੰਦ ਸਿੰਘ ਬੇਦੀ ਜੀ ਨਾਲ, 'ਸਿੱਖ ਸੋਚ ਅਨੁਸਾਰ ਸ਼ਹੀਦ ਕਿਸ ਨੂੰ ਕਿਹਾ ਜਾ ਸਕਦਾ ਹੈ, ਮਸਲੇ ਤੇ ਵਿਚਾਰ ਹੋਈ। ਡਾਕਟਰ ਸਾਹਿਬ ਨੇ ਸ਼ਹੀਦ ਸ਼ਬਦ ਦੇ ਬਿਲਕੁਲ ਨਵੇਂ ਅਰਥ ਦਸਣ ਲਈ, ਸ਼ਹੀਦ ਸ਼ਬਦ ਦੇ ਸੰਧੀ-ਛੇਦ ਕਰ ਕੇ ਸਮਝਾਇਆ ਕਿ 'ਸ਼ਾਹ ਭਾਵ ਪ੍ਰਮਾਤਮਾ' ਅਤੇ 'ਈਦ ਭਾਵ ਦਰਸ਼ਨ 'ਭਾਵ ਉਸ ਬੰਦੇ ਨੂੰ ਪ੍ਰਮਾਤਮਾ ਦੇ ਦਰਸ਼ਨ ਹੋ ਗਏ। ਜਿਸ ਦਾ ਭਾਵ ਹੋਇਆ ਕਿ ਉਸ ਬੰਦੇ (ਪ੍ਰਾਣੀ) ਨੂੰ ਮੁਕਤੀ ਮਿਲ ਗਈ।

ਮੁਢਲੇ ਸਿੱਖ ਇਤਿਹਾਸ ਤੇ ਪੰਨਿਆਂ ਤੇ ਨਜ਼ਰਸਾਨੀ ਕਰਨ ਲਗਿਆਂ, ਅਨੇਕਾਂ ਅਣਖੀ ਅਤੇ ਜੁਝਾਰੂ ਸ਼ਹੀਦਾਂ ਦੇ ਨਾਮ ਸਾਹਮਣੇ ਆਉਂਦੇ ਹਨ, ਜਿਨ੍ਹਾਂ ਨੇ ਝੂਠ, ਜਬਰ ਅਤੇ ਨਿਆਂ ਵਰਗੀਆਂ ਕੁਰੀਤੀਆਂ ਦੇ ਖ਼ਿਲਾਫ਼ ਡਟੱਣ ਵਾਲਿਆਂ ਪ੍ਰਤੀ ਸ਼ਰਧਾ ਦਿਖਾਉਣ ਦੇ ਜੁਰਮ ਵਿਚ ਹੀ ਸ਼ਹਾਦਤਾਂ ਦੇ ਜਾਮ ਪੀਤੇ। ਅਜਿਹੇ ਸ਼ਹੀਦਾਂ ਨੇ ਆਪਣੀਆਂ ਅਤੇ ਆਪਣੇ ਪਰਿਵਾਰ ਦੇ ਜੀਆਂ ਦੀਆਂ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ, ਮਨੁੱਖੀ ਕਲਿਆਣਕਾਰੀ ਉਦੇਸ਼ਾਂ ਖਾਤਰ ਆਪਣੀਆਂ ਤੇ ਪਰਿਵਾਰ ਦੇ ਜੀਆਂ ਦੀ ਜਾਨਾਂ ਵਾਰਨੀਆਂ ਪਰਵਾਨ ਕੀਤੀਆਂ। ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਅਜਿਹੀਆਂ ਕੁਰਬਾਨੀਆਂ ਵੀ ਇਤਿਹਾਸਕ ਯਾਦਗਾਰ ਬਣਨ ਦੀਆਂ ਸਮਰੱਥ ਹੁੰਦੀਆਂ ਹਨ। ਬਾਬਾ ਮੋਤੀ ਰਾਮ ਮਹਿਰਾ ਜੀ ਵੀ ਉਨ੍ਹਾਂ ਅਨੇਕਾਂ ਹਸਤੀਆਂ ਵਿੱਚੋਂ ਹੀ ਇੱਕ ਹਨ, ਜਿਨ੍ਹਾਂ ਨੇ ਆਪਣੇ ਸਿਦਕ ਦੀ ਖਾਤਰ, ਖਤਰਨਾਕ ਰਾਹ ਤੇ ਤੁਰਨ ਤੋਂ ਸੰਕੋਚ ਨਾ ਕੀਤਾ।

ਬਾਬਾ ਮੋਤੀ ਰਾਮ ਮਹਿਰਾ ਜੀ, ਕਸ਼ਯਪ ਰਾਜਪੂਤ ਬਰਾਦਰੀ ਦੇ ਨਾਮਵਰ ਬਜ਼ੁਰਗ ਹੋ ਗੁਜ਼ਰੇ ਹਨ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕਸ਼ਯਪ ਰਾਜਪੂਤ ਬਰਾਦਰੀ ਬਾਦਸ਼ਾਹ ਅਕਬਰ ਦੇ ਸਮੇਂ ਤੋਂ ਹੀ, ਹਕੂਮਤ ਦੇ ਕੰਮਕਾਜ ਨਾਲ ਜੁੜਨੀ ਸ਼ੁਰੂ ਹੋ ਗਈ ਸੀ। ਰਾਜਪੂਤ ਪਰਿਵਾਰਾਂ ਦਾ ਪਿਤਾ-ਪੁਰਖ਼ੀ ਕਿੱਤੇ ਵਿਚ ਵਿਚਰਦਿਆਂ, ਸਿੱਖ ਗੁਰੂ ਕਾਲ ਵਿੱਚ, ਗੁਰੂ ਪਰਿਵਾਰਾਂ ਨਾਲ ਜੁੜਨਾ ਵੀ ਆਮ ਹੋ ਗਿਆ ਸੀ। ਭਾਈ ਮਨੀ ਸਿੰਘ ਜੀ ਅਤੇ ਹੋਰ ਅਨੇਕਾਂ ਸਿੱਖ ਸੂਰਮਿਆਂ ਦਾ ਰਾਜਪੂਤੀ ਪਿਛੋਕੜ ਇਸ ਸਚਾਈ ਦਾ ਗਵਾਹ ਹੈ। ਔਰੰਗਜ਼ੇਬ ਨੇ ਵੀ ਰਾਜਾ ਜੈ ਸਿੰਘ (ਰਾਜਪੂਤ) ਨੂੰ ਸਾਹਮਣੇ ਲਿਆ ਕੇ, ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ ਸੀ।

ਸ਼ਹੀਦਨਾਮਾ ਦੇ ਕਰਤਾ ਪੰਥ ਦੇ ਵਿਦਵਾਨ ਭਾਈ ਕਿਸ਼ਨ ਸਿੰਘ ਤਾਂ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਗੁਰੂ ਪਿਆਰੇ ਭਾਈ ਹਿੰਮਤ ਸਿੰਘ ਦਾ ਰਿਸ਼ਤੇਦਾਰ (ਚਾਚਾ ਜੀ) ਵੀ ਦਸਤੇ ਹਨ :

ਮੋਤੀ ਰਾਮ ਸੰਗਤਿਪੁਰ ਵਾਸੀ।
ਰਾਮ ਨਾਮ ਜਪ ਪੁੰਨ ਕਮਾਸੀ।
ਹਿੰਮਤ ਸਿੰਘ ਤਿਤ ਚਾਚੂ ਜਾਨਹੁ।
ਪਾਂਚ ਪਯਾਰਨ ਮਾਹਿ ਪ੍ਰਧਾਨਹੁ।
ਵਜ਼ੀਰੇ ਕੇ ਗ੍ਰਿਹ ਪ੍ਰਸਾਦ ਬਨਾਵੈ।
ਮਾਨ ਮਹਤ ਦਰਬਾਰਹਿ ਪਾਵੇ।
ਹਿੰਦੂ ਕੈਦੀ ਤੈਹ ਹਜ਼ਾਰ।
ਕਾਰਾਗਾਸ ਮਹਿ ਹੋਤ ਖ਼ਵਾਰ।
ਤਿਮੰ ਕੋ ਲੰਗਰ ਮੋਤੀ ਆਪ ਬਨਾਵਹਿ।
(ਸ਼ਹੀਦਨਾਮਾ)

ਬਾਬਾ ਮੋਤੀ ਰਾਮ ਮਹਿਰਾ ਇਕ ਸਰਦਾ-ਪੁਜਦਾ ਵਿਅਕਤੀ ਸੀ। ਵਜ਼ੀਰ/ਵਜ਼ੀਦ ਖਾਨ ਦਿਆਂ ਵਕਤਾਂ ਵਿਚ, ਨਜ਼ਰਬੰਦ ਹਿੰਦੂ ਕੈਦੀਆਂ ਦੇ ਰੋਟੀ-ਪਾਣੀ(ਲੰਗਰ) ਦੇ ਇੰਤਜ਼ਾਮ ਨਾਲ ਜੁੜੇ ਹੋਣ ਕਾਰਨ, ਸਿੱਖ ਗੁਰੂ ਸਾਹਿਬਾਨ ਪ੍ਰਤੀ ਸਿਦਕ ਦਿਖਾਉਣ ਖਾਤਰ ਸਾਹਮਣੇ ਆਉਣ ਦਾ ਕਦੇ ਹੀਆ ਨਾ ਕਰ ਸਕੇ ਪਰ ਅੰਤਰ-ਆਤਮਾ ਤੋਂ ਸਿੱਖੀ ਨਾਲ ਜੁੜੇ ਹੋਏ ਸਨ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ, ਅਨੰਦਪੁਰ ਕਿਲ੍ਹਾ ਛੱਡ, ਸਰਸਾ ਨਦੀ ਪਾਰ ਕਰਨ ਸਮੇਂ, ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਫ਼ੌਜਾਂ ਦੇ ਹਮਲੇ ਕਾਰਨ, ਅਨੇਕਾਂ ਸਿਖ ਪਰਿਵਾਰਾਂ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵੀ ਇੱਕ ਦੂਜੇ ਤੋਂ ਵਿਛੜ ਗਿਆ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ, ਭਾਈ ਮਨੀ ਸਿੰਘ ਜੀ ਦੇ ਨਾਲ, ਪਹਿਲਾਂ ਤੋਂ ਮਿੱਥੇ ਪ੍ਰੋਗਰਾਮ ਅਨੁਸਾਰ, ਦਿੱਲੀ ਲਈ ਰਵਾਨਾ ਹੋ ਗਏ। ਮਾਤਾ ਗੂਜਰੀ ਜੀ ਵੀ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੇ ਨਾਲ ਕਾਫ਼ਲੇ ਤੋਂ ਵੱਖ ਹੋ ਗਏ। ਰਾਤ ਦੇ ਆਖਰੀ ਪਹਿਰ ਪਹਿਲਾਂ ਤੋਂ ਮਿੱਥੀ ਵਿਉਂਤ ਅਨੁਸਾਰ, ਸਰਸਾ ਦੇ ਕੰਢੇ ਕੰਢੇ ਤੁਰਦਿਆਂ, ਮਾਤਾ ਜੀ ਤੇ ਸਾਹਿਬਜ਼ਾਦੇ

ਇੱਕ ਝੁੱਗੀ ਲਾਗੇ ਪੁੱਜੇ। ਝੁੱਗੀ ਚੋਂ ਲੋਅ ਆਉਂਦੀ ਵੇਖ, ਮਾਤਾ ਜੀ ਨੇ ਬੂਹੇ ਤੇ ਦਸਤਕ ਦਿੱਤੀ। ਕਿਸੇ ਸਮੇਂ ਰਹਿ ਚੁੱਕੇ ਸੇਵਾਦਾਰ ਕੁੰਮਾ ਮਾਸ਼ਕੀ (ਪੂਰਾ ਨਾਮ ਕਰੀਮ ਬਖ਼ਸ਼) ਮਾਤਾ ਜੀ ਨੂੰ ਪਹਿਚਾਨ ਕੇ ਝੁੱਗੀ ਅੰਦਰ ਲੈ ਆਇਆ। ਕਰੀਮ ਬਖ਼ਸ਼ ਨੇ ਦੂਜੇ ਦਿਨ ਗੰਗੂ ਬ੍ਰਾਹਮਣ (ਪੂਰਾ ਨਾਮ ਗੰਗਾ ਰਾਮ ਕੌਲ) ਨੂੰ ਉਸ ਦੇ ਪਿੰਡ ਜਾ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੀ ਖ਼ਬਰ ਕਰ ਦਿੱਤੀ। ਗੰਗੂ ਦੂਜੇ ਦਿਨ ਆ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ, ਜਿੱਥੇ ਗੰਗੂ ਨੇ ਮਾਤਾ ਜੀ ਦੇ ਗਹਿਣੇ ਦੇਖ, ਲਾਲਚ ਵਸ਼ ਚੁਰਾ ਲਏ। ਕਿਸੇ ਵੱਡੇ ਲਾਲਚ ਅਧੀਨ ਗੰਗੂ ਪਿੰਡ ਦੇ ਚੌਧਰੀ ਨੂੰ ਨਾਲ ਲੈ ਕੇ, ਮੋਰਿੰਡਾ ਪੁਲਿਸ ਅਧਿਕਾਰੀਆਂ ਨੂੰ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੀ ਗੰਗੂ ਦੇ ਘਰ ਵਿਚ ਹੋਣ ਦੀ ਖਬਰ ਕਰ ਦਿੱਤੀ।

ਜਾਨੀ ਖਾਨ ਅਤੇ ਮਾਨੀ ਖਾਨ ਮੁਰਿੰਡਾ ਪੁਲਿਸ ਅਧਿਕਾਰੀਆਂ ਨੇ ਆਉਂਦੀ ਸਵੇਰ, ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਬੰਦੀ ਬਣਾ ਸਰਦੀਆਂ ਦੀ ਇੱਕ ਰਾਤ, ਬਿਨਾ ਹਿਫ਼ਾਜ਼ਤੀ ਕਪੜਿਆਂ ਦੇ, ਮੋਰਿੰਡਾ ਕੋਤਵਾਲੀ ਵਿਚ (ਉਸ ਸਥਾਨ ਤੇ ਅੱਜਕਲ੍ਹ ਗੁਰਦਵਾਰਾ ਕੋਤਵਾਲੀ ਸਾਹਿਬ ਸੁਭਾਇਮਾਨ ਹੈ) ਰੱਖਣ ਮਗਰੋਂ, ਸਰਹੰਦ ਦੇ ਨਵਾਬ ਵਜ਼ੀਰ / ਵਜ਼ੀਦ ਖ਼ਾਨ ਨੂੰ ਖਬਰ ਕਰ ਦਿੱਤੀ। ਵਜ਼ੀਰ ਖ਼ਾਨ / ਵਜ਼ੀਦ ਖ਼ਾਨ ਦੇ ਹੁਕਮ ਨਾਲ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਵਿਚ 140 ਫੁੱਟ ਉੱਚੇ (ਵੇਲੇ ਦੇ ਸਭ ਤੋਂ ਉੱਚੇ) ਬੁਰਜ ਵਿਚ (ਜਿਸ ਦੇ ਨੇੜਿਉਂ, ਇੱਕ ਵੱਡਾ ਨਾਲਾ ਵਗਦਾ ਸੀ, ਜਿਸ ਕਾਰਨ, ਬੁਰਜ ਦੇ ਆਸ ਪਾਸ ਗਰਮੀਆਂ ਵਿਚ ਵੀ ਠੰਡਕ ਰਹਿੰਦੀ ਸੀ) ਬੰਦੀ ਬਣਾਉਣ ਦੇ ਹੁਕਮ ਜਾਰੀ ਕਰ ਦਿੱਤੇ।

ਹਿੰਦੂ ਨਜ਼ਰਬੰਦ ਕੈਦੀਆਂ ਦੇ ਲੰਗਰ-ਪਾਣੀ ਦਾ ਅਹਿਲਕਾਰ ਹੋਣ ਦੇ ਨਾਤੇ, ਮਾਤਾ ਗੁਜ਼ਰੀ ਜੀ ਅਤੇ ਸਾਹਿਬਾਦਿਆਂ ਦੇ ਠੰਡੇ ਬੁਰਜ ਵਿਚ ਬੰਦੀ ਬਣਾਏ ਜਾਣ ਦੀ ਖਬਰ ਮਿਲਦਿਆਂ, ਬਾਬਾ ਮੋਤੀ ਰਾਮ ਮਹਿਰਾ ਜੀ( ਸਪੁੱਤਰ ਭਾਈ ਹਰਾ ਸਿੰਘ- ਸਰੋਤ ਕਵੀਸ਼ਰ ਸਵਰਨ ਸਿੰਘ ਭੌਰ, ਲੇਖਕ ਅਨਮੋਲ ਹੀਰੇ ਮੋਤੀ ਰਾਮ ਮਹਿਰਾ ਜੀ ਦਾ ਸਰਵੇਖਣ, ਮਾਸਿਕ ਸਿਫ਼ਤ ਸਾਲਾਹ ਨਵੰਬਰ 2010 ਈਸਵੀ) ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਲਈ ਲੰਗਰ ਤਿਆਰ ਕਰਵਾਇਆ। ਮਾਤਾ ਜੀ ਨੇ ਇਹ ਕਹਿ ਕੇ ਕਿ "ਇਹ ਭੋਜਨ ਪਾਪ ਦੀ ਕਮਾਈ ਨਾਲ ਤਿਆਰ ਕੀਤਾ ਗਿਆ ਹੈ। ਇਸ ਵਿੱਚੋਂ ਨਿਦੋਸਿਆਂ ਦੇ ਖ਼ੂਨ ਦੀ ਬਦਬੋ ਆਉਂਦੀ ਹੈ" ਖਾਣ ਤੋਂ ਇਨਕਾਰ ਕਰ ਦਿੱਤਾ। ਮਾਤਾ ਜੀ ਦੇ ਸ਼ਬਦ "ਨਿਦੋਸ਼ਿਆਂ ਦੇ ਖੂਨ ਦੀ ਬਦਬੂ" ਬਾਬਾ ਮੋਤੀ ਰਾਮ ਮਹਿਰਾ ਜੀ ਦਿਆਂ ਕੰਨਾਂ ਵਿਚ ਗੂੰਜਣ ਲੱਗੇ। ਬਾਬਾ ਮੋਤੀ ਰਾਮ ਮਹਿਰਾ ਸੋਚਾਂ ਵਿਚ ਪੈ ਗਏ ਦੁਸ਼ਮਨ ਦੀ ਕੈਦ ਵਿਚ ਹੋ ਕੇ ਵੀ ਕਿਤਨੀ ਦਲੇਰੀ ਨਾਲ 'ਪਾਪ ਦੀ ਕਮਾਈ ਨਾਲ ਤਿਆਰ ਕੀਤੀ ਰੋਟੀ' ਕਹਿ ਕੇ ਖਾਣ ਤੋਂ ਇਨਕਾਰ ਕਰਨਾ, ਨਿਡਰਤਾ ਦਾ ਪ੍ਰਗਟਾਵਾ ਅਤੇ ਚਕਿਤ ਕਰਨ ਵਾਲੀ ਜੁਅਰੱਤ ਸੀ, ਜੋ ਬਾਬਾ ਜੀ ਦੀ ਸਿਮਰਣੀ ਅਨੁਸਾਰ, ਕਿਸੇ ਰਾਜਸੀ ਜਾਂ ਗੇਰ ਰਾਜਸੀ ਕੈਦੀ ਨੇ ਨਹੀਂ ਦਿਖਾਈ ਸੀ।

ਸਿੱਖੀ ਸ਼ਰਧਾ ਹੋਣ ਦੇ ਬਾਵਜੂਦ, ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਅੰਦਾਜ਼ਾ ਵੀ ਨਹੀਂ ਸੀ ਕਿ ਇੱਕ ਸੱਚੇ ਸਿੱਖ ਵਿਚ, ਅਨੰਤ ਵਿਪਰੀਤ ਹਾਲਾਤਾਂ ਵਿੱਚ ਵੀ ਇਤਨੀ ਦਲੇਰੀ ਹੋ ਸਕਦੀ ਹੈ। ਬਾਬਾ ਮੋਤੀ ਰਾਮ ਮਹਿਰਾ ਦੀ ਮੁਗਲ ਦਰਬਾਰ ਦੀ ਸੇਵਾ ਦੇ ਦੌਰਾਨ, ਇਹ ਪਹਿਲੀ ਵੇਰਾਂ ਸੀ ਜਦੋਂ, ਕਿਸੇ ਰਾਜਸੀ ਜਾਂ ਗੈਰ ਰਾਜਸੀ ਕੈਦੀ ਨੇ ਇਤਨੀ ਦਲੇਰੀ ਅਤੇ ਸੰਜੀਦਗੀ ਨਾਲ ਹਕੂਮਤ ਨੂੰ ਨਿੰਦਣ ਜਾਂ ਵੰਗਾਰਨ ਦੀ ਜੁਅਰੱਤ ਕੀਤੀ ਸੀ। ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਮਾਤਾ ਜੀ ਦੁਆਰਾ ਕੁਝ ਨਾ ਖਾਣ-ਪੀਣ ਦਾ ਨਿਰਣਾ ਇੱਕ ਦਲੇਰਾਨਾ ਜਜ਼ਬੇ ਦੀ ਵੰਗਾਰ ਲੱਗੀ। ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸ਼ਾਂਤ ਮਨ ਵਿਚ ਇੱਕ ਹਲਚਲ ਮਚ ਗਈ। ਅੰਤਾਂ ਦੀ ਠੰਡੀ ਰਾਤ ਵਿਚ ਗਰਮ ਕਪੜਿਆਂ ਦੀ ਜ਼ਿਆਦਾ ਲੋੜ ਹੈ ਜਾਂ ਜੀਉਂਦਿਆਂ ਰਹਿਣ ਲਈ ਅੰਨ ਦੀ? ਮਾਤਾ ਗੁਜਰੀ ਜੀ ਦੁਆਰਾ ਹਕੂਮਤ ਪ੍ਰਤੀ ਰੋਸ ਦੇ ਪ੍ਰਗਟਾਵੇ ਦੇ ਫ਼ਲਸਫੇ ਨੂੰ ਭਲਾ ਕਿਹੜਾ ਨਾਮ ਦਿੱਤਾ ਜਾ ਸਕਦਾ ਹੈ? 'ਸਤਿਆਗ੍ਰਹਿ', 'ਭੁੱਖ ਹੜਤਾਲ' ਜਾਂ ਫਿਰ 'ਵਿਧਰੋਹ'। ਮਾਤਾ ਗੁਜਰੀ ਜੀ ਦੀ ਵੰਗਾਰ ਭਰੀ ਸੋਚ ਨੇ ਬਾਬਾ ਮੋਤੀ ਰਾਮ ਮਹਿਰਾ ਦੀ ਅੰਤਰ-ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ। ਬਾਬਾ ਮੋਤੀ ਰਾਮ ਮਹਿਰਾ ਇਹ ਤਾਂ ਜਾਣ ਚੁਕਿਆ ਸੀ ਕਿ ਮਾਤਾ ਜੀ ਦੁਆਰਾ ਅਪਣਾਈ ਰਾਹ ਕੋਈ ਇੱਕ ਜਾਂ ਦੋ ਦਿਨਾਂ ਦੀ ਲੜਾਈ ਨਹੀਂ। ਅਜਿਹੀ ਲੜਾਈ ਲੜਦਿਆਂ ਖਉਰੇ ਕਿੰਨੇ ਦਿਨ, ਹਫਤੇ ਜਾਂ ਮਹੀਨੇ ਵੀ ਲੱਗ ਜਾਣ।

ਬਾਬਾ ਮੋਤੀ ਰਾਮ ਮਹਿਰਾ ਇਹ ਸੋਚਣ ਨੂੰ ਵੀ ਮਜਬੂਰ ਸੀ ਕਿ ਆਪਣੇ ਆਕਾਵਾਂ ਨੂੰ ਮਾਤਾ ਜੀ ਦੀ ਇਸ ਦਲੇਰੀ ਦੀ ਦਸ ਪਾਉਣੀ ਚਾਹੀਦੀ ਹੈ ਜਾਂ ਨਹੀਂ? ਹਾਕਮ ਨੂੰ ਮਾਤਾ ਜੀ ਦੀ ਇਸ ਦਲੇਰੀ ਦਾ ਪਤਾ ਲਗਣ ਦੇ ਕੀ ਸਿੱਟੇ ਨਿਕਲ ਸਕਦੇ ਹਨ? ਆਪਣੀ ਇਸ ਉਧੇੜ-ਬੁਣ ਵਿਚ, ਸ਼ਾਮ ਵੇਲੇ ਘਰ ਜਾ

ਕੇ, ਬਾਬਾ ਮੋਤੀ ਰਾਮ ਮਹਿਰਾ ਜੀ ਨੇ ਮਾਤਾ ਗੁਜਰੀ ਜੀ ਦੇ ਸ਼ਬਦ ਦੁਹਰਾ ਕੇ ਆਪਣੀ ਮਾਤਾ ਖੇਮੀ ਅਤੇ ਪਤਨੀ ਬੀਬੀ ਭੋਈ ਨੂੰ ਆਪਣੇ ਮਨ ਦੀ ਦੁਬਿਧਾ ਨਾਲ ਜਾਣੂ ਕਰਵਾਇਆ। ਬਾਬਾ ਜੀ ਦੇ ਘਰ ਦੇ ਜੀਅ ਵੀ ਰੋਟੀ ਖਾਣਾ ਭੁੱਲਾ ਕੇ ਸੋਚਾਂ ਵਿਚ ਪੈ ਗਏ।

ਮਾਤਾ ਖੇਮੀ ਜੀ ਅਤੇ ਬੀਬੀ ਭੋਈ ਜੀ ਸੋਚ ਰਹੇ ਸਨ ਕਿ ਮਾਤਾ ਜੀ ਭਾਵੇਂ ਇਹ ਭੁੱਖ ਸ਼ਾਇਦ ਬਰਦਾਸ਼ਤ ਕਰ ਵੀ ਲੈਣ, ਬਾਲ ਕਿਤਨੀ ਦੇਰ ਭੁੱਖੇ ਰਹਿ ਸਕਣਗੇ? ਸੋਚਾਂ ਸੋਚਦਿਆਂ ਨੂੰ ਕੁਝ ਦੇਰ ਬਾਅਦ, ਸੱਸ ਤੇ ਨੂੰਹ ਇੱਕੋ ਸਮੇਂ ਬੋਲ ਉੱਠੀਆਂ,"ਕਿਸੇ ਪੁਰਬਲੇ ਜਨਮ ਦੇ ਕਰਮਾਂ ਸਦਕੇ, ਪਰਮਾਤਮਾਂ ਨੇ ਸਾਡੇ ਪਰਿਵਾਰ ਨੂੰ ਗੁਰੂ ਪਰਿਵਾਰ ਦੀ ਸੇਵਾ ਕਰਨ ਦਾ ਮੌਕਾ ਬਖ਼ਸ਼ਿਆ ਹੈ। ਅਸੀਂ ਮਨ ਬਣਾ ਲਿਆ ਹੈ, ਪ੍ਰਮਾਤਮਾ ਵੱਲੋਂ ਗੁਰੂ ਪਰਿਵਾਰ ਦੀ ਸੇਵਾ ਕਰਨ ਦੇ ਮਿਲੇ ਅਵਸਰ ਨੂੰ ਅਜਾਈਂ ਨਹੀਂ ਜਾਣ ਦੇਣਾ।" ਸਾਰੇ ਪਰਿਵਾਰ ਨੇ ਇੱਕ ਸੁਰ ਹੋ ਕੇ, ਗੁਰੂ ਪਰਿਵਾਰ ਦੀ ਸੇਵਾ ਕਰਨ ਦਾ ਹੁੰਗਾਰਾ ਭਰ ਲਿਆ। ਇਸ ਹੁੰਗਾਰੇ ਦਾ ਸਿੱਟਾ ਕੀ ਨਿਕਲੇਗਾ, ਕਿਸੇ ਜੀਅ ਨੇ ਵੀ ਇਸ ਦੁਬਿਧਾ ਵਿਚ ਪੈਣ ਦੀ ਲੋੜ ਮਹਿਸੂਸ ਨਹੀਂ ਕੀਤੀ।

ਨੂੰਹ ਸੱਸ ਨੇ ਮਿਲ ਕੇ, ਘਰ ਦੀ ਲਵੇਰੀ ਦੇ ਚੋਏ ਦੁੱਧ ਨੂੰ ਪੂਰੀ ਸੁਚਤਾ ਨਾਲ, ਗਰਮ ਕਰ ਕੇ, ਦੁੱਧ ਦਾ ਗੜਵਾ ਤਿਆਰ ਕਰ ਕੇ ਬਾਬਾ ਮੋਤੀ ਰਾਮ ਜੀ ਨੂੰ ਕਿਹਾ ਕਿ ਤੁਸੀਂ ਮਾਤਾ ਜੀ ਨੂੰ ਇਹ ਦੁੱਧ ਮੁਗਲ ਰਸੋਈ ਦਾ ਨਹੀਂ, ਮੇਰੀ ਜ਼ਾਤੀ ਕਿਰਤ ਚੋਂ ਖ਼ਰੀਦੀ ਘਰ ਲਈ ਲਵੇਰੀ ਦਾ ਦਸ ਕੇ, ਪੀਣ ਲਈ ਬੇਨਤੀ ਕਰਨੀ।

ਬਾਬਾ ਮੋਤੀ ਰਾਮ ਮਹਿਰਾ ਸਰਹੰਦ ਦਾ ਅਹਿਲਕਾਰ ਹੋਣ ਕਾਰਨ, ਹਕੂਮਤ ਦੇ ਕਾਰ-ਵਿਹਾਰ ਦਾ ਪੂਰਾ ਭੇਤੀ ਸੀ।



ਭੋਰੇ ਵਿਚ ਤੈਨਾਤ ਸਿਪਾਹੀਆਂ ਦੇ ਮੂੰਹ ਬੰਦ ਕਰਨ ਲਈ, ਉਨ੍ਹਾਂ ਦੀਆਂ ਮੁੱਠੀਆਂ ਗਰਮ ਕਰਦਿਆਂ, ਦੁੱਧ ਦਾ ਗੜਵਾ ਪਕੜੀ, ਮਾਤਾ ਜੀ ਦੇ ਸਨਮੁਖ ਹੋਇਆ। ਮਾਤਾ ਜੀ ਨੂੰ ਮੱਥਾ ਟੇਕਿਆ, ਸਾਹਿਬਜ਼ਾਦਿਆਂ ਨੂੰ ਫ਼ਤਹਿ ਬੁਲਾ ਕੇ ਘਰ ਦੀ ਲਵੇਰੀ ਦਾ ਦੁੱਧ ਛਕੱਣ ਲਈ ਬੇਨਤੀ ਕੀਤੀ। ਮਾਤਾ ਜੀ ਦੇ ਉਮਰ ਦੇ ਤਜਰਬੇ ਨੇ ਬਾਬਾ ਮੋਤੀ ਰਾਮ ਮਹਿਰਾ ਦੇ ਮਨ ਦੀ ਸਚਾਈ ਨੂੰ ਭਾਂਪ ਕੇ ਘਰੋਂ ਲਿਆਂਦਾ ਦੁੱਧ, ਸਾਹਿਬਜ਼ਾਦਿਆਂ ਦੇ ਨਾਲ ਆਪਣੇ ਮੂੰਹ ਵੀ ਲਾਇਆ। ਅਧਰਮੀਆਂ ਵਿਚਾਲੇ ਵਿਚਰਦੇ ਇੱਕ ਧਰਮੀ ਦੀ ਮੌਜੂਦਗੀ ਵੇਖ, ਮਾਤਾ ਜੀ ਨੇ ਆਪਣੀ ਅੰਤਰ-ਆਤਮਾਂ ਤੋਂ ਬਾਬਾ ਮੋਤੀ ਰਾਮ ਮਹਿਰਾ ਅਤੇ ਉਨਹਾਂ ਦੇ ਪਰਿਵਾਰ ਲਈ ਅਸੀਸਾਂ ਦੀ ਝੜੀ ਲਗਾ ਦਿੱਤੀ। ਬਾਬਾ ਮੋਤੀ ਰਾਮ ਮਹਿਰਾ ਨੇ ਮਹਿਸੂਸ ਕੀਤਾ ਜਿਵੇਂ ਹਜ਼ਾਰਾਂ, ਲੱਖਾਂ ਦੀਵਿਆਂ ਦੇ ਚਾਨਣ ਨੇ, ਉਨ੍ਹਾਂ ਦੇ ਧੁਰ ਅੰਦਰ ਨੂੰ ਰੁਸ਼ਨਾ ਦਿੱਤਾ ਹੋਏ।

ਬਾਬਾ ਮੋਤੀ ਰਾਮ ਮਹਿਰਾ ਨੂੰ ਕੋਈ ਅਦਿਰਸ਼ਟ ਸ਼ਕਤੀ ਆਪਣੇ ਇਸ ਮੰਤਵ ਵਿਚ ਰਹਿਨੁਮਾਈ ਕਰਦੀ ਮਹਿਸੂਸ ਕੀਤੀ। ਬਾਬਾ ਜੀ ਦੇ ਮਨ ਵਿਚ ਕੁਝ ਚਿਰ ਪਹਿਲਾਂ, ਜੋ ਡਰ ਭਾਵ ਪੈਦਾ ਹੋ ਰਹੇ ਸਨ, ਮਾਨੋ ਅਚਾਨਕ ਸਾਰੇ ਅਲੋਪ ਹੋ ਗਏ ਹੋਣ। ਰਜਿਆ-ਪੁਜਿਆ ਪਿਛੋਕੜ ਹੋਣ ਦੇ ਬਾਵਜੂਦ, ਬਾਬਾ ਮੋਤੀ ਰਾਮ ਮਹਿਰਾ ਨੂੰ ਇਕ ਵਾਰ ਤਾਂ ਮਹਿਸੂਸ ਹੋਇਆ ਜਿਵੇਂ, ਕੋਈ ਅਮੁੱਲਾ ਖ਼ਜ਼ਾਨਾ ਉਨਹਾਂ ਦੇ ਹੱਥ ਲੱਗ ਗਿਆ ਹੋਏ, ਜਿਸ ਨੇ ਬਾਬਾ ਮੋਤੀ ਰਾਮ ਜੀ ਨੂੰ ਦੁਨੀਆਂ ਦਾ ਸਭ ਤੋਂ ਅਮੀਰ ਤੇ ਮੁਹਤਬਰ ਆਦਮੀ ਬਣਾ ਦਿੱਤਾ ਹੋਏ।

ਅਗਲੇ ਦੋ ਦਿਨ, ਨ੍ਹੇਰਾ ਪੈਂਦਿਆਂ, ਬਾਬਾ ਮੋਤੀ ਰਾਮ ਮਹਿਰਾ, ਸਿਪਾਹੀਆਂ ਦੇ ਮੂੰਹ ਬੰਦ ਕਰਦਿਆਂ, ਘਰੋਂ ਦੁੱਧ ਦਾ ਗੜਵਾ ਲਿਆ ਕੇ, ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਮੂੰਹ ਲੁਆਂਦੇ ਰਹੇ। ਬਦਲੇ ਵਿਚ, ਮਾਤਾ ਜੀ ਦੀਆਂ ਅਸੀਸਾਂ ਦੇ ਭੰਡਾਰੇ ਲਿਜਾਂਦੇ ਰਹੇ। ਮਾਤਾ ਗੁਜਰੀ ਜੀ ਨੇ ਵੀ ਅਗਲੇ ਦੋ ਦਿਨ ਸਾਹਿਬਜ਼ਾਦਿਆਂ ਦੇ ਦਾਦਾ ਜੀ (ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ) ਅਤੇ ਦਾਦਾ ਜੀ ਦੇ ਦਾਦਾ ਜੀ ਦੀਆਂ ਸ਼ਹਾਦਤਾਂ ਦੀਆਂ ਸਾਖੀਆਂ ਸੁਣਾ ਕੇ ਸਾਹਿਬਜ਼ਾਦਿਆਂ ਦੀ ਮਾਨਸਕਿਤਾ ਨੂੰ ਡੋਲਨ ਤੋਂ ਬਚਾਈ ਰੱਖਿਆ। ਆਉਂਦੇ ਦਿਨ, ਸਰਹੰਦ ਸਰਕਾਰ ਦੇ ਸਿਪਾਹੀ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਦੀ ਕਚਹਿਰੀ ਵਿਚ ਪੇਸ਼ ਕਰਨ ਲਈ ਲੈਣ ਆਏ। ਮਾਤਾ ਜੀ ਨੂੰ ਹੋਣੀ ਦਾ ਜਿਵੇਂ ਧੁਰ ਅੰਦਰੋਂ ਪਹਿਲਾਂ ਤੋਂ ਗਿਆਨ ਸੀ, ਦੋਵੇਂ ਸਾਹਿਬਜ਼ ਾਦਿਆਂ ਨੂੰ ਪਹਿਲਾਂ ਤੋਂ ਤਿਆਰ ਕੀਤਾ ਹੋਇਆ ਸੀ। ਬੁਰਜ

ਤੋਂ ਸਾਹਿਬਜ਼ਾਦਿਆਂ ਨੂੰ ਭੇਜਣ ਲਗਿਆਂ, ਮਾਤਾ ਜੀ ਮਿੱਠੀ ਆਵਾਜ਼ ਵਿਚ ਬੋਲੇ: "**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**" ਸਬਦ ਸੁਣਦਿਆਂ, ਦੋਵੇਂ ਸਾਹਿਬਜ਼ਾਦਿਆਂ ਨੇ ਦਾਦੀ ਮਾਂ ਨੂੰ ਵਿਸ਼ਵਾਸ ਦਿਵਾਉਣ ਲਈ, ਆਪਣਾ ਆਪਣਾ ਸੱਜਾ ਹੱਥ ਉਤਾਂਹ ਕਰ ਕੇ, "**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥**" ਵਿੱਚ ਉੱਤਰ ਦਿੱਤਾ

ਰਾਹ ਵਿਚ ਸਰਕਾਰੀ ਅਹਿਲਕਾਰਾਂ ਨੇ ਪਹਿਲਾਂ ਤੋਂ ਤਿਆਰ ਕੀਤੀ ਨੀਤੀ ਅਨੁਸਾਰ, ਸਾਹਿਬਜ਼ਾਦਿਆਂ ਨੂੰ ਵਰਗਲਾਉਣ ਲਈ ਕਚਹਿਰੀ ਵਿਚ ਸਲਾਮ ਕਰਨ ਲਈ ਕਿਹਾ, ਤਾਂ ਜੋ ਤੁਹਾਡੀ ਜਾਨ ਬਖ਼ਸ਼ੀ ਕਰ ਕੇ ਰਿਹਾ ਕਰ ਦਿੱਤਾ ਜਾਏ। ਦੋਵੇਂ ਸਾਹਿਬਜ਼ਾਦਿਆਂ ਨੇ ਕਚਹਿਰੀ ਵਿਚ ਦਾਖਿਲ ਹੁੰਦਿਆਂ ਹੀ ਅਦੁੱਤੀ ਬਹਾਦੁਰੀ ਦੀ ਮਿਸਾਲ ਦਿਖਾਉਂਦਿਆਂ, "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ" ਤੇ "ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ।" ਦੇ ਜੈਕਾਰੇ ਗਜਾ ਕੇ ਹਾਕਮ ਦਾ ਗੁੱਸਾ ਵਧਾ ਦਿੱਤਾ। ਸਾਹਿਬਜ਼ਾਦਿਆਂ ਨੂੰ ਜਾਨ ਬਖ਼ਸ਼ੀ ਲਈ ਅਨੇਕਾਂ ਪ੍ਰਕਾਰ ਦੇ ਲਾਲਚ ਦਿੱਤੇ ਗਏ, ਜਿਨ੍ਹਾਂ ਦਾ ਸਾਹਿਬਜ਼ਾਦਿਆਂ ਤੇ ਕੋਈ ਅਸਰ ਨਾ ਹੋਇਆ।

ਦੂਜੇ ਦਿਨ ਦੀ ਪੇਸ਼ੀ ਲਈ ਛੋਟੇ ਸਾਹਿਬਜ਼ਾਦਿਆਂ ਨੂੰ ਸਿਰ ਨਿਵਾਉਣ ਲਈ ਮਜਬੂਰ ਕਰਨ ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕਰ ਕੇ, ਛੋਟੇ ਦਰਵਾਜ਼ੇ ਵਿਚੋਂ ਦਾਖਿਲ ਕਰਾਣ ਦੀ ਚਾਲ ਚਲੀ ਗਈ। ਸਾਹਿਬਜ਼ਾਦਿਆਂ ਨੇ ਵੱਡਾ ਦਰਵਾਜ਼ਾ ਬੰਦ ਦੇਖ ਕੇ ਇਸ ਸਾਜਿਸ਼ ਨੂੰ ਭਾਂਪ ਲਿਆ। ਸਾਹਿਬਜ਼ਾਦਿਆਂ ਨੇ, ਛੋਟੇ ਦਰਵਾਜ਼ੇ ਚੋਂ ਦਾਖਿਲ ਹੋਣ ਲਗਿਆਂ, ਪਹਿਲਾਂ ਆਪਣੇ ਪੈਰ ਅੰਦਰ ਕੀਤੇ ਫਿਰ ਸਰੀਰ ਅਤੇ ਸੀਸ। ਵਜ਼ੀਰ ਖ਼ਾਨ।ਵਜ਼ੀਦ ਖਾਨ ਦੇ ਸਾਹਮਣੇ ਹੁੰਦਿਆਂ ਸਾਰ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਗਜਾਈ। ਹਾਕਮ ਨੂੰ ਰੋਹ ਤਾਂ ਚੜ੍ਹਨਾ ਹੀ ਸੀ, ਮਜਬੂਰੀ ਵਸ਼ ਗੁੱਸੇ ਤੇ ਕਾਬੂ ਪਾ ਕੇ ਕਾਰਵਾਈ ਆਰੰਭ ਕੀਤੀ। ਵਜ਼ੀਰ/ਵਜੀਦ ਖ਼ਾਨ ਨਾਲ ਸਾਹਿਬਜ਼ਾਦਿਆਂ ਤੇ ਕਈ ਸਵਾਲ ਜਵਾਬ ਹੋਏ। ਮਹਿਮਾ ਪ੍ਰਕਾਸ਼ ਦਾ ਕਰਤਾ ਲਿਖਦਾ ਹੈ ਕਿ ਬੱਚਿਆਂ ਨੂੰ ਸਲਾਮ ਕਰਨ ਲਈ ਕਿਹਾ ਗਿਆ। ਸਾਹਿਬਜ਼ਾਦਿਆਂ ਦਾ ਜਵਾਬ ਸੀ :

ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ।
ਅਉਰ ਕੋ ਸਲਾਮ ਨਹੀਂ ਕਰਤੇ।'

ਗੱਲ ਕੀ, ਹਾਕਮ ਨੂੰ ਆਪਣੇ ਮੰਤਵ ਵਿਚ ਸਫਲਤਾ ਨਾ ਮਿਲ ਸਕੀ।

ਤੀਜੀ ਸਵੇਰ ਫਿਰ ਸਾਹਿਬਜ਼ਾਦਿਆਂ ਨੂੰ ਜਾਨ ਬਖ਼ਸ਼ੀ ਲਈ ਇਸਲਾਮ ਕਬੂਲ ਕਰਨ ਦੀ ਦੁਹਾਈ ਪਾਈ ਗਈ, ਜਿਸ ਦੇ ਜਵਾਬ ਵਿਚ ਸਾਹਿਬਜ਼ਾਦਿਆਂ ਨੇ "ਹਮਰੇ ਬੰਸ ਰੀਤ ਇਮ ਆਈ।ਸੀਸ ਦੇਤ ਪਰ ਧਰਮ ਨਾ ਜਾਈ।" ਕਹਿ ਕੇ ਸਰਕਾਰੀ ਪੇਸ਼ਕਸ਼ ਨੂੰ ਠੁਕਰਾ ਕੇ ਅਦਭੁਤ ਸਾਹਸ ਦਾ ਪ੍ਰਗਟਾਵਾ ਕੀਤਾ। ਇਤਿਹਾਸਕਾਰ ਲਿਖਦੇ ਹਨ ਕਿ ਨਵਾਬ ਮੁਹੰਮਦ ਸ਼ੇਰ ਖ਼ਾਨ ਨੇ ਵੀ ਸਾਹਿਬਜ਼ਾਦਿਆਂ ਨੂੰ ਦਿੱਤੀ ਜਾਣ ਵਾਲੀ ਮੌਤ ਦੀ ਸਜ਼ਾ ਦੀ ਮੁਖ਼ਾਲਫਤ ਕੀਤੀ । ਵਜ਼ੀਰ/ ਵਜੀਦ ਖਾਨ ਨੇ ਨਵਾਬ ਮਲੇਰ ਕੋਟਲਾ ਮੁਹੰਮਦ ਸ਼ੇਰ ਖਾਨ ਨੂੰ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਉਕਸਾਇਆ। ਸ਼ੇਰ ਖ਼ਾਨ ਦਾ ਜਵਾਬ ਸੀ, ਮੇਰਾ ਭਰਾ ਜੰਗ ਵਿਚ ਮਾਰਿਆ ਗਿਆ ਹੈ, ਮੈਂ ਵੀ ਜੰਗ ਵਿਚ ਹੀ ਬਦਲਾ ਲੈਣ ਦਾ ਹਾਮੀ ਹਾਂ, ਇਨ੍ਹਾਂ ਸ਼ੀਰਖ਼ੋਰ (ਛੋਟੀ ਉਮਰ ਦੇ ਬੱਚੇ) ਬੱਚਿਆਂ ਤੋਂ ਬਦਲਾ ਲੈਣ ਵਿਚ ਮੇਰਾ ਵਿਸ਼ਵਾਸ ਨਹੀਂ। ਇਤਿਹਾਸਕਾਰ ਲਿਖਦੇ ਹਨ ਕਿ ਕਾਜ਼ੀ ਨੇ ਵੀ ਮੁਹੰਮਦ ਸ਼ੇਰ ਖ਼ਾਨ ਦੀ ਦਲੀਲ ਦੀ ਹਿਮਾਇਤ ਕੀਤੀ ਕਿ ਸ਼ਰ੍ਹਾ ਬੱਚਿਆਂ ਨੂੰ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਮੁਹਮੰਦ ਸ਼ੇਰ ਖ਼ਾਨ ਦੇ ਖਿਆਲ ਦੀ ਤਰਜੁਮਾਨੀ ਕਰਦਿਆਂ ਸ਼ਾਇਰ ਅਲਹਾਂ ਯਾਰ ਖ਼ਾਨ ਲਿਖਦਾ ਹੈ :

ਬਦਲਾ ਹੀ ਲੇਨਾ ਹੋਗਾ ਤੋ ਲੇਂਗੇ ਹਮ ਬਾਪ ਸੇ।
ਮਹਿਫ਼ੂਜ਼ ਰੱਖੇ ਹਮ ਕੋ ਖੁਦਾ ਐਸੇ ਪਾਪ ਸੇ।

ਕਾਜ਼ੀ ਅਤੇ ਮੁਹੰਮਦ ਸ਼ੇਰ ਖ਼ਾਨ ਦੀਆਂ ਦਲੀਲਾਂ ਸੁਣ ਕੇ ਵਜ਼ੀਰ/ਵਜ਼ੀਦ ਖ਼ਾਨ ਨੂੰ ਨਰਮ ਹੁੰਦਾ ਵੇਖ, ਦੀਵਾਨ ਸੁੱਚਾ ਨੰਦ ਨੇ ਵਜ਼ੀਦ/ਵਜੀਦ ਖ਼ਾਨ ਨੂੰ ਉਕਸਾਣ ਲਈ ਸ਼ਾਇਰ ਫ਼ਰਦੋਸੀ ਦਾ ਸ਼ੇਅਰ "ਉਫਈ ਰਾ ਕੁਸ਼ਤਨ ਵ ਬਚਾਂ ਅਸ਼ ਰਾ ਸਗਾ ਦਾਸ਼ਤਨ। ਕਾਰ ਖਿਰਦ ਮੰਦਾਂ ਨੇਸਤ, ਗੁਰਗਜ਼ਾਦਾ ਗੁਰਗ ਸ਼ਵਦ।" ਦਾ ਹਵਾਲਾ ਦੇ ਕੇ, ਸੱਪ ਨੂੰ ਮਾਰਨਾ ਤੇ ਉਸ ਦੇ ਬੱਚੇ ਨੂੰ ਪਾਲਣਾ ਸਿਆਣਪ ਨਹੀਂ ਕਹਾਉਂਦੀ। ਇਹ ਸੱਚ ਜਾਣੋ ਕਿ ਭੇੜੀਏ ਦਾ ਬੱਚਾ ਭੇੜੀਆ ਹੀ ਹੁੰਦਾ ਹੈ। (ਸਾਡਾ ਇਤਿਹਾਸ, ਕਿਰਤ ਸਤਿਬੀਰ ਸਿੰਘ ਪੰਨਾ 399)

ਇਸ ਤੱਤ ਦੀ ਗਵਾਹੀ ਅੰਗ੍ਰੇਜ਼ ਇਤਿਹਾਸਕਾਰ Irvine Williams ਆਪਣੀ ਪੁਸਤਕ ਆਖਰੀ ਮੁਗਲ ਵਿਚ ਲਿਖਦਾ ਹੈ ਕਿ ਵਜ਼ੀਰ/ਵਜ਼ੀਦ ਖ਼ਾਨ ਪਹਿਲਾਂ ਤਾਂ ਬੱਚਿਆਂ ਨੂੰ ਨਰਮਦਿਲੀ ਨਾਲ ਪੇਸ਼ ਆਉਣ ਬਾਰੇ ਸੋਚ ਰਿਹਾ ਸੀ ਪਰ ਸੁੱਚਾ ਨੰਦ ਦੁਆਰਾ ਭੜਕਾਉਣ ਕਿ ਇਹ ਬਾਗੀ ਪਿਤਾ ਦੇ ਪੁੱਤਰ ਹਨ, ਇਨ੍ਹਾ ਨੂੰ ਛੱਡ ਦਿੱਤਾ ਤਾ ਇਹ ਮੁਗਲ ਹਕੂਮਤ ਲਈ ਖਤਰਾ ਬਣ

ਸਕਦੇ ਹਨ। ਨਾਲ ਹੀ  ਭੜਕਾਇਆ ਕਿ ਬਾਦਸ਼ਾਹ ਨੂੰ ਪਤਾ ਲਗਣ ਤੇ ਤੇਰੇ ਨਾਲ ਕੀ ਹਾਲ ਕਰੇਗਾ, ਇਹ ਸੁਣਨ ਮਗਰੋਂ ਮੌਤ ਦੀ ਸਜ਼ਾ ਦੇਣ ਦਾ ਮਨ ਬਣਾ ਲਿਆ। "At first, Wazir Kahn is said to have treated prisioners with kindness. But at the suggestion of his chief subordinate (Dewan) Saj Anand, Brahmin (ਭਾਰਤੀ ਇਤਿਹਾਸਕਾਰ ਉਸ ਦਾ ਨਾਮ ਸੁੱਚਾ ਨੰਦ ਲਿਖਦੇ ਹਨ) who frightened by a picture of the Emperor's possible displeasure at his mildness, he resolved to put them to death." (Page 88 Book 'Later Moghuls by Irvine Williams.) ਫਿਰ ਕੀ ਸੀ, ਦੋਸ਼ ਤੈਹ ਕਰਨ ਵਾਲੇ ਤੇ ਸਜ਼ਾ ਦੇਣ ਵਾਲੇ ਵੀ ਹਾਕਮ ਆਪ ਹੀ ਸਨ। 13 ਪੋਹ 1761 ਬਿਕਰਮੀ (12 ਦਸੰਬਰ ਸੰਨ 1705 ਈਸਵੀ) ਨੂੰ ਕਾਜ਼ੀ ਵੱਲੋਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਜ਼ਿੰਦਾ ਚਿਣਵਾਉਣ ਦਾ ਫ਼ਤਵਾ ਜਾਰੀ ਕਰ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਕਾਜ਼ੀ ਦਾ ਫ਼ਰਮਾਨ ਸੁਣ ਕੇ ਅਦਾਲਤ ਵਿਚ ਬੈਠੇ ਧਰਮੀਆਂ ਨੇ ਮੂੰਹ ਵਿਚ ਉਂਗਲੀਆਂ ਪਾ ਲਈਆਂ ਸਨ। ਸ਼ੇਰ ਖ਼ਾਨ ਨੇ ਵੀ ਅਲ੍ਹਾ ਦਾ ਵਾਸਤਾ ਪਾਇਆ। ਵਜ਼ੀਦ/ਵਜ਼ੀਦ ਖ਼ਾਨ ਦੀ ਨਾਰਾਜ਼ਗੀ ਦੀ ਪਰਵਾਹ ਨਾ ਕਰਦਿਆਂ, ਅਦਾਲਤ ਚੋਂ ਉੱਠ ਕੇ ਚਲਾ ਗਿਆ।

ਦੋਹਾਂ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣਵਾਉਣ ਲਈ ਲਿਆਂਦਾ ਗਿਆ। ਇਤਿਹਾਸਕਾਰ ਲਿਖਦੇ ਹਨ ਕਿ ਕੰਧ ਮੋਢਿਆਂ ਤਕ ਆਕੇ ਢਹਿ ਗਈ। ਹੁਣ ਸਾਹਿਬਜ਼ਾਦਿਆਂ ਨੂੰ ਜਿਬਹ ਕਰਨ ਦਾ ਹੁਕਮ ਸੁਣਾਇਆ ਗਿਆ।  ਸਮਾਣਾ ਸ਼ਹਿਰ ਦੇ ਦੋ ਜਲਾਦ ਸ਼ਾਸਲ ਬੇਗ ਅਤੇ ਬਾਸ਼ਲ ਬੇਗ ਜੋ ਆਪਣੇ ਕਿਸੇ ਮੁਕੱਦਮੇ ਲਈ ਸਰਹੰਦ ਆਏ ਹੋਏ ਸਨ, ਉਨ੍ਹਾਂ ਤੋਂ ਸਾਹਿਬਜ਼ਾਦਿਆਂ ਨੂੰ ਜ਼ਿਬਾਹ ਕਰਵਾਉਣ ਦੇ ਇਵਜ਼ ਮੁਕੱਦਮਾ ਮਾਫ਼ ਕਰਨ ਦੀ ਸ਼ਰਤ ਰੱਖ ਕੇ ਜ਼ਿਬਾਹ ਕਰਵਾਇਆ ਗਿਆ। ਦੋਹਾਂ ਜੱਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਆਪਣੇ ਗੋਡਿਆਂ ਹੇਠ ਦਬਾ ਕੇ, ਅਮਾਨਵੀ ਢੰਗ ਨਾਲ, ਸੀਸ ਧੜ੍ਹ ਤੋਂ ਅਲਗ ਕਰ ਦਿੱਤੇ।

ਦੁਨੀਆਂ ਦੀ ਇਸ ਅਜ਼ੀਮ, ਲਾਮਿਸਾਲ ਅਤੇ ਨਿਵੇਕਲੀ ਇਤਿਹਾਸਕ ਸ਼ਹਾਦਤ ਨੇ ਸਿੱਖ ਕੌਮ ਅਤੇ ਭਾਰਤ ਦਾ ਨਾਮ ਉੱਚਾ ਕਰ ਦਿੱਤਾ। ਇਤਿਹਾਸ ਗਵਾਹ ਹੈ ਕਿ ਇਹ ਘਟਨਾ, ਜਿੱਥੇ ਮਨੁੱਖੀ ਜਿੰਦਗੀ ਦਾ ਘਿਨਾਉਣਾ ਚਿੱਤਰ ਦਰਸਾਂਦੀ ਹੈ, ਉਥੇ ਹੀ ਸਿੱਖੀ ਸਿਦਕ ਦੇ ਸਿਖਰ ਦੀ ਤਸਵੀਰ ਵੀ ਪ੍ਰਗਟ ਕਰਦੀ ਹੈ।

**ਹਰਿ ਕਾ ਏਕ ਅਚੰਭਉ ਦੇਖਿਆ ਮੇਰੇ ਲਾਲ ਜੀਉ**
**ਜੋ ਕਰੇ ਸੁ ਧਰਮ ਨਿਆਏ ਰਾਮ॥**
**ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ**
**ਆਵਣੁ ਜਾਣੁ ਸਬਾਏ ਰਾਮ॥**

**(ਅੰਗ ੫੪੧)**

ਦੀਵਾਰ ਵਿਚ ਚੁਣੀਂਦਿਆਂ, ਸਾਹਿਬਜ਼ਾਦਿਆਂ ਨੇ ਜਿਸ ਵੀਰਤਾ ਅਤੇ ਨਿਡਰਤਾ ਦਾ ਪ੍ਰਗਟਾਵਾ ਕੀਤਾ, ਨਾ ਤਾਂ ਉਸ ਸਮਾਂਨਤਰ ਮਿਸਾਲ ਤੇ ਨਾ ਹੀ ਜ਼ੁਲਮ ਦੀ ਇਤਨੀ ਮਲੀਨ ਹੱਦ ਕਿਤੇ ਹੋਰ ਦੇਸ਼ ਦੇ ਇਤਿਹਾਸ ਵਿਚ ਦਰਜ ਹੋਏਗੀ? ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਬਾਲ ਉਮਰ ਵਿਚ ਆਪਣੇ ਦਾਦਾ ਜੀ ਦੇ ਦਾਦਾ ਜੀ (ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ)  ਦੁਆਰਾ ਧਰਮ ਨਿਰਪੇਖਤਾ ਦੀ ਰਚੀ ਮਿਸਾਲ ਨਾਲ ਸੰਬੰਧ ਕਾਇਮ ਕਰਦਿਆਂ, ਮਾਨਵੀ ਅਧਿਕਾਰਾਂ ਦੀ ਪਹਿਰੇਦਾਰੀ ਕਰਦਿਆਂ, ਮਨੁੱਖੀ ਸਭਿਅਤਾ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿਰ ਉਠਾ ਕੇ ਜੀਉਣ ਦਾ ਢੰਗ ਸਿਖਾਇਆ।

ਬਾਬਾ ਮੋਤੀ ਰਾਮ ਮਹਿਰਾ ਜੀ ਵੀ ਆਉਂਦੇ ਤਿੰਨੋਂ ਦਿਨ, ਸੂਬਾ ਸਰਹੰਦ ਦੀ ਕਚਹਿਰੀ ਵਿਚ ਹਾਜ਼ਰ ਹੁੰਦੇ। ਰਾਤ ਪੈਂਦਿਆਂ ਹੀ ਮਹਾਭਾਰਤ ਦੇ ਰਥਵਾਹੀ ਸੰਜਯ (ਜੋ ਨੇਤਰਹੀਨ ਰਾਜਾ ਧ੍ਰਿਤਰਾਸ਼ਟਰ ਨੂੰ ਰਣ-ਭੂਮੀ ਦਾ ਅੱਖੀ ਡਿੱਠਾ ਹਾਲ ਸੁਣਾਂਦਾ ਸੀ) ਵਾਂਗ ਬਾਬਾ ਮੋਤੀ ਰਾਮ ਮਹਿਰਾ ਵੀ ਵਜ਼ੀਰ / ਵਜ਼ੀਦ ਖ਼ਾਨ ਦੀ ਕਚਹਿਰੀ ਦਾ ਅੱਖੀ ਡਿੱਠਾ (ਹੂ-ਬ-ਹੂ ) ਹਾਲ ਮਾਤਾ ਜੀ  ਨੂੰ ਆ ਸੁਣਾਂਦੇ, ਮਾਨੋ ਬਾਬਾ ਮੋਤੀ ਰਾਮ ਮਹਿਰਾ ਸੂਬਾ ਸਰਹੰਦ ਦਾ ਅਹਿਲਕਾਰ ਨਾ ਹੋ ਕੇ ਮਾਤਾ ਗੂਜਰੀ ਜੀ ਦੀ ਹਕੂਮਤ ਦਾ ਖ਼ੈਰ-ਖਾਹ ਹੋਏ। ਵਜ਼ੀਰ / ਵਜ਼ੀਦ ਖ਼ਾਨ ਦੀ ਕਚਹਿਰੀ ਵਿਚ ਛੋਟੇ ਸਾਹਿਬਜ਼ਾਦਿਆਂ ਦੁਆਰਾ ਦਿਖਾਈ ਦਲੇਰੀ ਤੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤਕ ਦਾ ਅੱਖੀ ਡਿੱਠਾ ਹਾਲ ਮਾਤਾ ਜੀ ਤਕ ਪਹੁੰਚਾਣਾ ਹੀ ਬਾਬਾ ਮੋਤੀ ਰਾਮ ਮਹਿਰਾ ਦਾ ਮਕਸਦ ਬਣ ਗਿਆ ਸੀ। ਇੰਝ ਕਰਦਿਆਂ, ਬਾਬਾ ਮੋਤੀ ਰਾਮ ਜੀ ਨੂੰ ਇਹ ਵੀ ਭੁੱਲ ਗਿਆ ਕਿ ਵਜ਼ੀਰ ਖ਼ਾਨ ਦਾ ਕੋਈ ਕਰਿੰਦਾ, ਕਿਤੇ ਉਸ ਦੀਆਂ ਗਤੀਵਿਧੀਆਂ ਤੇ ਨਜ਼ਰ ਹੀ ਨਾ ਰੱਖੀ ਬੈਠਾ ਹੋਏ।

ਬਾਬਾ ਮੋਤੀ ਰਾਮ ਮਹਿਰਾ ਜੀ ਅਤੇ ਦੀਵਾਨ ਟੋਡਰ ਮਲ

ਨੇ ਜਦੋਂ, ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਅੱਖੀ ਡਿੱਠਾ ਹਾਲ ਮਾਤਾ ਜੀ ਨੂੰ ਸੁਣਾਇਆ, ਮਾਤਾ ਜੀ ਆਪਣੇ ਦੋਵੇਂ ਹੱਥ ਜੋੜ ਕੇ, ਸਾਹਿਬਜ਼ਾਦਿਆਂ ਦੁਆਰਾ ਸਿੱਖੀ ਸਿਦਕ ਨਿਭਾ ਸਕਣ ਵਿਚ ਸਹਾਈ ਹੋਣ ਤੇ ਗੁਰੂ ਬੰਸ ਦੀ ਰੀਤ ਨਿਰਵਿਘਨ ਸੰਪੰਨਤਾ ਤੀਕ ਪਹੁੰਚਾਣ ਲਈ, ਸ਼ੁਕਰਾਨਾ ਕਰਦੇ ਹੋਏ, ਆਪਣੀ ਲਿਵ ਅਕਾਲਪੁਰੱਖ ਵਿਚ ਸਦੀਵ ਕਰਲ ਲਈ ਜੋੜ ਲਈ।

ਵਜ਼ੀਰ / ਵਜ਼ੀਦ ਖਾਨ ਦੀ ਕਚਹਿਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹਾਦਤ ਵਾਲੀ ਜਗ੍ਹਾ ਤੇ ਹਾਜ਼ਰ ਹੋਣ ਕਾਰਨ, ਬਾਬਾ ਮੋਤੀ ਰਾਮ ਮਹਿਰਾ ਹਕੂਮਤ ਦੇ ਸੂਹੀਆਂ ਦੀ ਨਜ਼ਰ ਵਿਚ ਆ ਗਏ। ਵਜ਼ੀਰ/ਵਜ਼ੀਦ ਖ਼ਾਨ ਤਕ ਸ਼ਿਕਾਇਤ ਪਹੁੰਚਣ ਤੇ ਬਾਬਾ ਮੋਤੀ ਰਾਮ ਮਹਿਰਾ ਨੂੰ ਹਾਕਮ ਦੀ ਕਚਹਿਰੀ ਵਿਚ ਤਲਬ ਕਰ ਕੇ ਹਕੂਮਤ ਦੇ ਬਾਗੀਆਂ ਦੀ ਸੇਵਾ ਕਰਨ ਨੂੰ ਹਕੂਮਤ ਦੇ ਖ਼ਿਲਾਫ਼ ਸਾਜਿਸ਼ ਕਰਨ ਵਰਗਾ ਇਲਜ਼ਾਮ ਲਗਾ ਕੇ, ਬਾਬਾ ਜੀ ਬਾਬਾ ਮੋਤੀ ਜੀ ਤੋਂ ਅਜਿਹਾ ਕਰਨ ਦਾ ਕਾਰਨ ਜਾਣਨਾ ਚਾਹਿਆ। ਬਾਬਾ ਜੀ ਨੇ ਗੱਲ ਨੂੰ ਘੁਮਾ-ਫਿਰਾ ਕੇ ਕਹਿਣ ਦੀ ਥਾਂ ਸਿੱਧਾ ਸਰਕਾਰ ਵੱਲੋਂ ਲਗਾਇਆ ਦੋਸ਼ ਕਬੂਲ ਕਰ ਲਿਆ। ਬਾਬਾ ਜੀ ਨੂੰ ਸਰਕਾਰ ਦਾ ਦੋਸ਼ੀ ਕਰਾਰ ਦੇ ਕੇ ਉਨਹਾਂ ਦੇ ਸਾਹਮਣੇ ਦੋ ਸੰਕਲਪ ਰੱਖੇ ਗਏ ਪਹਿਲਾ ਸੀ ਇਸਲਾਮ ਕਬੂਲ ਕਰਨਾ ਜਾਂ ਦੂਸਰਾ ਪਰਿਵਾਰ ਸਹਿਤ ਕੋਲਹੂ ’ਚ ਪੀੜਿਆ ਜਾਣਾ।

ਬਾਬਾ ਮੋਤੀ ਰਾਮ ਮਹਿਰਾ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬਹੁਤ ਨੇੜਿਉਂ ਹੋ ਕੇ ਦੇਖਿਆ ਸੀ। ਬਾਬਾ ਮੋਤੀ ਰਾਮ ਮਹਿਰਾ ਜੀ ਸਾਹਿਬਜ਼ਾਦਿਆਂ ਦੀ ਅਡੋਲਤਾ, ਨਿਡਰਤਾ ਅਤੇ ਮਾਤਾ ਗੂਜਰੀ ਜੀ ਦੇ ਸਾਹਸ ਦੇ ਵੀ ਕਾਇਲ ਹੋ ਚੁੱਕੇ ਸੀ। ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਗੁਰਬਾਣੀ ਦਾ ਮਹਾਵਾਕ **“ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥”** ਚੇਤੇ ਆਇਆ। ਬਾਬਾ ਮੋਤੀ ਰਾਮ ਮਹਿਰਾ ਜੀ, ਜਿਵੇਂ ਜਿਵੇਂ ਗੁਰਬਾਣੀ ਦੀ ਤੁਕ ਸਿਮਰਦੇ ਗਏ, ਉਨ੍ਹਾਂ ਨੂੰ ਆਪਣੀ ਅੰਤਰ-ਆਤਮਾ ਵਿਚ ਪ੍ਰਕਾਸ਼ ਉਜਾਗਰ ਹੁੰਦਾ ਜਾਪਿਆ। ਜਿਸ ਦੈਵੀ ਉਜਿਆਰੇ ਨੇ, ਬਾਬਾ ਮੋਤੀ ਰਾਮ ਮਹਿਰਾ ਜੀ ਦੇ ਦਿਲ ਚੋਂ ਮੌਤ ਦਾ ਡਰ ਪੂਰੀ ਤਰ੍ਹਾਂ ਕਫੂਰ ਕਰ ਦਿੱਤਾ। ਕਚਹਿਰੀ ਵਿਚ ਹਾਜ਼ਰ ਸਾਰੇ ਸਰਕਾਰੀ ਕਰਮੀਆਂ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ, ਬਾਬਾ ਮੋਤੀ ਰਾਮ ਜੀ ਨੇ ਜਾਨ ਬਖ਼ਸ਼ੀ ਕਰਵਾਣ ਦੀ ਥਾਂ, ਪੂਰੀ ਦਲੇਰੀ ਨਾਲ, ਹਾਕਮ ਦੀ ਦੂਜੀ ਸ਼ਰਤ ਕਬੂਲ ਕਰਨ ਦੀ ਹਾਮੀ ਭਰੀ।

ਹੁਣ, ਬਾਬਾ ਮੋਤੀ ਰਾਮ ਜੀ ਅਤੇ ਸਾਰੇ ਪਰਿਵਾਰ ਨੂੰ ਕੋਹਲੂ ’ਚ ਪੀੜਨ ਦਾ ਫ਼ਤਵਾ ਸੁਣਾਇਆ ਗਿਆ। ਬਾਬਾ ਮੋਤੀ ਰਾਮ ਜੀ ਦੇ ਕੋਲ ਖੜੀ, ਬਾਬਾ ਮੋਤੀ ਰਾਮ ਜੀ ਦੀ ਮਾਤਾ ਖੇਮੀ ਜੀ ਪੁਕਾਰ ਉੱਠੀ, ਇਸ ਮਨਸੂਬੇ ਵਿਚ ਮੈਂ ਵੀ ਸ਼ਾਮਿਲ ਹਾਂ। ਪਹਿਲਾਂ ਸਜ਼ਾ ਮੈਨੂੰ ਮਿਲਣੀ ਚਾਹੀਦੀ ਹੈ। ਹਾਂ, ਹਾਂ, ਕਿਉਂ ਨਹੀਂ, ਪਹਿਲਾਂ ਮੌਤ ਮਾਂ ਨੂੰ ਹੀ ਮਿਲਣੀ ਚਾਹੀਦੀ ਹੈ, ਜਿਸ ਨੇ ਪੁੱਤਰ ਨੂੰ ਸਰਕਾਰ ਤੋਂ ਬਾਗੀ ਹੋਣ ਲਈ ਸ਼ੈਹ ਦਿੱਤੀ ਸੀ, ਵਜ਼ੀਰ/ਵਜ਼ੀਦ ਖ਼ਾਨ ਬੋਲਿਆ। ਮਾਤਾ ਖੇਮੀ ਜੀ ਨੂੰ, ਬਾਬਾ ਮੋਤੀ ਰਾਮ ਮਹਿਰਾ ਅਤੇ ਉਨਹਾਂ ਦੇ ਪਰਿਵਾਰ ਦੇ ਜੀਆਂ ਦੇ ਸਾਹਮਣੇ ਕੋਹਲੂ ਪੀੜਨ ਲਈ ਮਸ਼ੀਨ ਵਿਚ ਪਾਇਆ ਗਿਆ। ਸੇਵਾ, ਸਿਮਰਨ ਤੇ ਗੁਰੂ ਪਰਿਵਾਰ ਪ੍ਰਤੀ ਸ਼ਰਧਾ ਕਾਰਨ, ਬਾਬਾ ਮੋਤੀ ਰਾਮ ਮਹਿਰਾ ਜੀ ਨੇ ਕਿਤਨਾ ਸਾਹਸ ਜੁਟਾ ਲਿਆ ਸੀ, ਜੋ ਆਪਣੀਆਂ ਅੱਖੀਆਂ ਦੇ ਸਾਹਮਣੇ ਆਪਣੀ ਬੁੱਢੀ ਮਾਤਾ ਦਾ ਗੰਨੇ ਦੇ ਰੱਸ ਵਾਂਗ ਪੀੜਿਆ ਜਾਣਾ ਦੇਖ ਕੇ ਹੰਝੂ ਤਕ ਨਾ ਬਹਾਏ। ਬਾਬਾ ਮੋਤੀ ਰਾਮ ਮਹਿਰਾ ਜੀ ਨੇ ਪ੍ਰਭੂ ਚਰਨਾਂ ਵਿਚ ਟੇਕ ਲਗਾਏ, ਅਡੋਲ ਖੜੇ, ਪਤਨੀ ਬੀਬੀ ਭੋਈ ਫਿਰ ਪੁੱਤਰ ਨਰਾਇਣਾ ਨੂੰ ਵੀ ਪੀੜਿਆ ਜਾਂਦਾ ਦੇਖਿਆ। ਅੰਤ ਵਿਚ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਕੋਹਲੂ ਵਿਚ ਪੀੜ ਕੇ ਸ਼ਹੀਦ ਕੀਤਾ ਗਿਆ।

ਆਫ਼ਰੀਨ ਹੈ ਅਜਿਹੇ ਵਰਿਆਮ ਸੂਰਮੇ ਪਰਿਵਾਰ ਦੇ, ਜਿਸ ਦੇ ਕਿਸੇ ਜੀਅ ਨੇ ਕਸ਼ਟਾਂ ਭਰੀ ਮੌਤ ਨੂੰ ਕਬੂਲ ਕਰਨ ਲਗਿਆਂ, ਉਫ਼ ਤਕ ਨਾ ਕੀਤੀ, ਹਸਦਿਆਂ ਹਸਦਿਆਂ ਸਿੱਖੀ ਸਿਦਕ ਤੇ ਪਰਵਾਨ ਚੜ੍ਹ ਗਏ। ਗੁਰਬਾਣੀ ਦਾ ਮਹਾਵਾਕ :

**ਜਿਸ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ॥**
**ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ॥**

**(ਅੰਗ ੬੪੪)**

ਅਜਿਹੇ ਗੁਰਮੁੱਖਾਂ ਦੇ ਚਲਨ ਦੀ ਹੂ-ਬ-ਹੂ ਤਰਜ਼ਮਾਨੀ ਕਰਦਾ ਹੈ। ਅਜਿਹੇ ਸ਼ਹੀਦ ਅੱਜ ਵੀ ਤੇ ਸਦੀਵ ਕਾਲ ਵਿਚ ਆਉਂਦੇ ਹਰ ਕਲ੍ਹ ਵਿੱਚ, ਸਿੱਖ ਕੌਮ ਦੀ ਧੰਨਤਾ ਦੇ ਪਾਤਰ ਰਹਿਣਗੇ।

❋❋❋


– ਰਜਿੰਦਰ ਸਿੰਘ ਜੌਲੀ
theresolutesikh.com
43240 ਲਾਈਟ ਹਾਊਸ ਪਲੇਸ, ਸਾਊਥ ਰਾਇਡਿੰਗ,
ਵਰਜੀਨੀਆ-20152, ਫ਼ੋਨ : 703-327-1528


# ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥

**ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥**

**ਮਨਿ** – ਮਨ ਵਿਚ, **ਰਹਸੀ** – ਖੁਸ਼ੀ,

**ਸੁਭਾਇਆ** – ਚੰਗਾ ਲੱਗਾ।

ਜੀਵ-ਇਸਤ੍ਰੀ ਨੂੰ ਆਪਣੇ ਪ੍ਰੀਤਮ ਦਾ ਪ੍ਰੇਮ ਚੰਗਾ ਲੱਗਾ ਅਤੇ ਫਗਣ ਦੇ ਮਹੀਨੇ ਵਿਚ ਉਸ ਦਾ ਮਨ ਖੁਸ਼ੀਆਂ ਨਾਲ ਭਰ ਗਿਆ।



ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥
ਅਨਦਿਨ ਰਹਸੁ ਭਇਆ ਆਪੁ ਗਵਾਇਆ॥
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ
ਕਰਿ ਕਿਰਪਾ ਘਰਿ ਆਓ॥
ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥
ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥
ਨਾਨਕ ਮੇਲਿ ਲਈ ਗੁਰਿ ਅਪਣੈ
ਘਰਿ ਵਰਿ ਪਾਇਆ ਨਾਰੀ ॥੧੬॥

(ਅੰਗ ੧੧੦੯)

**ਅਨਦਿਨੁ ਰਹਸੁ ਭਇਆ ਆਪੁ ਗਵਾਇਆ॥**

**ਅਨਦਿਨੁ** – ਹਰ ਰੋਜ਼, **ਰਹਸੁ** – ਅਨੰਦ, ਖੁਸ਼ੀ।

ਜਿਸ ਜੀਵ-ਇਸਤ੍ਰੀ ਨੇ ਆਪਾ ਭਾਵ ਗੁਆ ਦਿੱਤਾ ਉਸ ਅੰਦਰ ਹਰ ਰੋਜ਼ ਅਨੰਦ ਬਣਿਆ ਰਿਹਾ।

**ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ**

**ਕਰਿ ਕਿਰਪਾ ਘਰਿ ਆਓ॥**

**ਮਨ ਮੋਹੁ** – ਮਨ ਦਾ ਮੋਹ, **ਚੁਕਾਇਆ** – ਮੁਕਾ ਦਿੱਤਾ, **ਘਰਿ** – ਹਿਰਦੇ ਅੰਦਰ, **ਆਓ** – ਵਾਸਾ ਕਰੋ।

ਪਰ ਮਨ ਦਾ ਮੋਹ ਤਾਂ ਹੀ ਮੁਕਦਾ ਹੈ ਜਦੋਂ ਪ੍ਰੀਤਮ ਨੂੰ ਜੀਵ-ਇਸਤ੍ਰੀ ਚੰਗੀ ਲੱਗਦੀ ਹੈ ਅਤੇ ਉਹ ਉਸ ਦੇ ਹਿਰਦੇ ਅੰਦਰ ਵਾਸਾ ਕਰ ਲੈਂਦਾ ਹੈ।

**ਬਹੁਤੇ ਵੇਸ ਕਰੀ ਪਿਰ ਬਾਝਹੁ**
**ਮਹਲੀ ਲਹਾ ਨ ਥਾਓ॥**

**ਬਹੁਤੇ ਵੇਸ** - ਜ਼ਿਆਦਾ ਹਾਰ ਸ਼ਿੰਗਾਰ, **ਕਰੀ** - ਕਰਣਾ, **ਪਿਰ ਬਾਝਹੁ** - ਪ੍ਰੀਤਮ ਦੀ ਸੰਗਤ ਬਿਨਾ, **ਮਹਲੀ** - ਹਿਰਦੇ ਵਿਚ, **ਲਹਾ ਨ** - ਨਹੀਂ ਮਿਲਦਾ, **ਥਾਉ** - ਥਾਂ, ਟਿਕਾਣਾ।

ਪ੍ਰੀਤਮ ਦੀ ਸੰਗਤ ਬਿਨਾ ਬਹੁਤੇ ਹਾਰ ਸ਼ਿੰਗਾਰ ਦਾ ਲਾਭ ਨਹੀਂ ਕਿਉਂਕਿ ਇੱਦਾਂ ਕਰਨ ਨਾਲ ਪ੍ਰੀਤਮ ਦਾ ਹਿਰਦੇ ਅੰਦਰ ਟਿਕਾਣਾ ਨਹੀਂ ਮਿਲਦਾ।

**ਹਾਰ ਡੋਰ ਰਸ ਪਾਟ ਪਟੰਬਰ**
**ਪਿਰਿ ਲੋੜੀ ਸੀਗਾਰੀ॥**

**ਹਾਰ ਡੋਰ** - ਹਾਰ ਸ਼ਿੰਗਾਰ, **ਰਸ** - ਅਨੰਦ, **ਪਾਟ ਪਟੰਬਰ** - ਰੇਸ਼ਮੀ ਕਪੜੇ, **ਪਿਰਿ** - ਪ੍ਰੀਤਮ, **ਲੋੜੀ** - ਲੋੜ ਲਈ।

ਪਰ ਜਿਸ ਜੀਵ-ਇਸਤ੍ਰੀ ਨੇ ਆਪਣੇ ਪ੍ਰੀਤਮ ਦੀ ਲੋੜ ਲਈ ਗੁਣਾਂ ਦਾ ਸ਼ਿੰਗਾਰ ਕੀਤਾ ਹੈ, ਉਸ ਨੂੰ ਮਾਨੋ ਸਾਰੇ ਹਾਰ-ਸ਼ਿੰਗਾਰ ਤੇ ਰੇਸ਼ਮੀ ਕਪੜਿਆਂ ਦਾ ਅਨੰਦ ਪ੍ਰਾਪਤ ਹੋ ਗਿਆ।

**ਨਾਨਕ ਮੇਲਿ ਲਈ ਗੁਰਿ ਅਪਣੈ**
**ਘਰਿ ਵਰੁ ਪਾਇਆ ਨਾਰੀ॥**

**ਘਰਿ** - ਹਿਰਦੇ ਅੰਦਰ, **ਵਰੁ** - ਪ੍ਰੀਤਮ, **ਨਾਰੀ** - ਜੀਵ-ਇਸਤ੍ਰੀ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਿਸ ਜੀਵ-ਇਸਤ੍ਰੀ ਨੇ ਗੁਰ ਉਪਦੇਸ਼ ਦੀ ਕਮਾਈ ਕੀਤੀ ਉਸ ਨੇ ਆਪਣੇ ਪ੍ਰੀਤਮ ਨੂੰ ਪਾ ਲਿਆ ਅਤੇ ਪ੍ਰੀਤਮ ਨੇ ਉਸ ਨੂੰ ਆਪਣੇ ਨਾਲ ਮੇਲ ਲਿਆ।

**: ਭਾਵ-ਅਰਥ :**

ਫਗਣ (ਫਲਗੁਣ) ਦਾ ਮਹੀਨਾ ਬਿਕ੍ਰਮੀ ਸਾਲ ਦਾ ਅਖੀਰਲਾ ਮਹੀਨਾ ਹੁੰਦਾ ਹੈ। ਸਾਲ ਦੇ ਪਹਿਲੇ ਮਹੀਨੇ ਚੇਤ ਵਿਚ ਆਪ ਜੀ ਨੇ ਦਸਿਆ ਸੀ ਕਿ ਜੀਵ-ਰੂਪੀ ਇਸਤ੍ਰੀ (ਆਤਮਾ) ਆਪਣੇ ਪਿਛਲੇ ਕਰਮਾਂ ਕਰਕੇ ਪ੍ਰਭੂ (ਪ੍ਰਮਾਤਮਾ) ਕੋਲੋਂ ਦੂਰ ਹੋ ਗਈ ਹੈ ਅਤੇ ਪ੍ਰਭੂ ਦੇ ਆਣ ਦੀ ਉਡੀਕ ਕਰ ਰਹੀ ਹੈ (ਨਾਨਕ ਪੰਥੁ ਨਿਹਾਲੇ ਸਾ ਧਨ)। ਸਾਲ ਦੇ ਬਾਕੀ 11 ਮਹੀਨਿਆਂ ਰਾਹੀਂ ਗੁਰੂ ਜੀ ਆਤਮਾ ਨੂੰ ਉਪਦੇਸ਼ ਦੇਂਦੇ ਹਨ ਕਿ ਉਹ ਕਿਹੜੇ ਕਿਹੜੇ ਗੁਣ ਗ੍ਰਹਿਣ ਕਰੇ ਤਾਂਕਿ ਉਸ ਦੇ ਗੁਣਾਂ ਨੂੰ ਪ੍ਰਭੂ ਮਿਲਾਪ ਦਾ ਫਲ ਲੱਗੇ।

ਸਾਲ ਦੇ ਅਖੀਰਲੇ ਮਹੀਨੇ ਵਿਚ ਆਪ ਜੀ ਉਸ ਆਤਮਾ ਦਾ ਵਰਨਣ ਕਰਦੇ ਹਨ ਜਿਸ ਨੇ ਗੁਣਾਂ ਦੀ ਕਮਾਈ ਕੀਤੀ ਅਤੇ ਉਸ ਦੇ ਗੁਣਾਂ ਨੂੰ ਫਲ ਲੱਗਾ (ਫਲ-ਗੁਣ)। ਆਤਮਾ ਦਾ ਪ੍ਰਮਾਤਮਾ ਨਾਲ ਮੇਲ ਹੋ ਗਿਆ (ਨਾਨਕ ਮੇਲਿ ਲਈ ਗੁਰਿ ਆਪਣੈ ਘਰਿ ਵਰੁ ਪਾਇਆ ਨਾਰੀ)। ਅਸੀਂ ਵਿਚਾਰ ਕਰਦੇ ਹਾਂ ਕਿ ਆਤਮਾ (ਨਾਰੀ) ਕੀ ਹੈ, ਪ੍ਰਮਾਤਮਾ (ਵਰੁ) ਕੀ ਹੈ ਅਤੇ ਦੋਹਾਂ ਦਾ ਮੇਲ (ਪਾਇਆ) ਕਿੱਦਾਂ ਹੁੰਦਾ ਹੈ।

**ਆਤਮਾ**

ਸਾਡੇ ਕੋਲ ਸਰੀਰ, ਮਨ ਤੇ ਆਤਮਾ ਹੈ। ਪੁਰਾਣੇ ਧਰਮ ਗ੍ਰੰਥਾਂ ਵਿਚ ਇਨ੍ਹਾਂ ਤਿੰਨਾਂ ਨੂੰ ਇੱਦਾਂ ਦਰਸਾਇਆ ਗਿਆ ਹੈ। ਸਰੀਰ ਰੂਪ ਪੇੜ ਤੇ ਦੋ ਪੰਖੀ ਬੈਠੇ ਹੋਏ ਹਨ। ਦੋਵੇਂ ਪੰਖੀ ਸ਼ਕਲ-ਸੂਰਤ ਵਿਚ, ਰੰਗ-ਰੂਪ ਤੇ ਕੱਦ-ਕਾਠ ਵਿਚ ਇਕੋ ਜਿਹੇ ਹਨ। ਆਕਾਰ ਦੀ ਦ੍ਰਿਸ਼ਟੀ ਤੋਂ ਦੋਹਾਂ ਵਿਚ ਫਰਕ ਕਰਨਾ ਕਠਿਨ ਹੈ। ਪਰ ਗੌਹ ਨਾਲ ਦੇਖਣ ਤੇ ਪਤਾ ਚਲਦਾ ਹੈ ਕਿ ਉਪਰਲੀ ਟਾਹਣ ਵਾਲਾ ਪੰਖੀ ਚੁਪਚਾਪ, ਸ਼ਾਂਤ ਅਤੇ ਅਨੰਦਮਈ ਮੁਦਰਾ ਵਿਚ ਬੈਠਾ ਹੈ ਜਦੋਂ ਕਿ ਹੇਠਲੀ ਟਾਹਣ ਵਾਲਾ ਹਰ ਸਮੇਂ ਭੁੜਕਦਾ ਰਹਿੰਦਾ ਹੈ - ਕਦੀਂ ਇਕ ਟਾਹਣੀ ਤੋਂ ਦੂਸਰੀ ਤੇ, ਕਦੀਂ ਇਕ ਫੁੱਲ ਨੂੰ ਸੁੰਘਣ ਤੋਂ ਬਾਅਦ ਦੂਸਰੇ ਵੱਲ ਤੇ ਕਦੀਂ ਇਕ ਫਲ ਨੂੰ ਚਖਣ ਬਾਅਦ ਦੂਸਰੇ ਵੱਲ। ਇਹ ਅਸ਼ਾਂਤ ਹੈ, ਥਕਿਆ ਹੋਇਆ ਹੈ ਤੇ ਦੁਖੀ ਹੈ। ਉਪਰਲੀ ਟਾਹਣ ਵਾਲੇ ਸ਼ਾਂਤ ਅਨੰਦਿਤ ਪੰਖੀ ਨੂੰ ਆਤਮਾ ਕਿਹਾ ਗਿਆ ਹੈ ਅਤੇ ਅਸ਼ਾਂਤ ਦੁਖੀ ਪੰਖੀ ਨੂੰ ਮਨ। ਦੋਵੇਂ ਇਕੋ ਜਿਹੇ ਹਨ ਪਰ ਦੋਹਾਂ ਦਾ ਗੁਣ ਧਰਮ ਅਲਗ ਹੈ।

ਜਿੰਨੀ ਦੇਰ ਮਨ ਇਧਰ ਉਧਰ ਨੁਸਦਾ ਰਹੇਗਾ ਤੇ ਮੂੰਹ ਮਾਰਦਾ ਰਹੇਗਾ ਉਸ ਦੀ ਮੁਕਤੀ ਨਹੀਂ ਅਤੇ ਮਨ ਦਾ ਸ਼ਾਂਤ ਹੋਣਾ ਇਸ ਦੀ ਮੌਤ ਹੈ। ਫਿਰ ਸਿਰਫ ਆਤਮਾ ਹੀ ਬਚਦੀ ਹੈ ਜਿਸ ਦਾ ਸੁਭਾਉ ਸ਼ਾਂਤ-ਅਨੰਦ ਹੈ। ਇਸੇ ਲਈ ਹਮੇਸ਼ਾ ਮਨ ਨੂੰ ਜਿੱਤਣ ਲਈ ਕਹਿੰਦੇ ਹਨ, ਚੰਚਲ ਮਨ ਵਸ ਕਰਨ ਲਈ ਕਹਿੰਦੇ ਹਨ, ਮਨ ਸਾਧਨ ਲਈ ਕਹਿੰਦੇ ਹਨ, ਮਨ ਮਾਰਨ ਲਈ ਕਹਿੰਦੇ ਹਨ, ਮਨ ਨਾਲ ਲੜਣ ਲਈ ਸਮਝਾਂਦੇ ਹਨ। ਗੁਰਬਾਣੀ ਅਨੁਸਾਰ -

**ਆਈ ਪੰਥੀ ਸਗਲ ਜਮਾਤੀ**
**ਮਨਿ ਜੀਤੈ ਜਗੁ ਜੀਤੁ॥** (ਅੰਗ ੬)

**ਇਹੁ ਮਨੁ ਚੰਚਲੁ ਵਸਿ ਨ ਆਵੈ**
**ਦੁਬਿਧਾ ਲਾਗੈ ਦਹ ਦਿਸਿ ਧਾਵੈ॥**

**(ਅੰਗ ੧੨੭)**

**ਮਨੁ ਮਰੇ ਧਾਤੁ ਮਰਿ ਜਾਇ॥**
**ਬਿਨੁ ਮੂਏ ਕੈਸੇ ਹਰਿ ਪਾਇ॥**

**(ਅੰਗ ੬੬੫)**

**ਮਨੁ ਅਸਾਧੁ ਸਾਧੈ ਜਨੁ ਕੋਈ॥**
**ਅਚਰੁ ਚਰੈ ਤਾ ਨਿਰਮਲੁ ਹੋਈ॥**

**(ਅੰਗ ੬੬੫)**

**ਕਹਿ ਕਹਿ ਕਹਣੁ ਕਹੈ ਸਭੁ ਕੋਇ॥**
**ਬਿਨੁ ਮਨ ਮੂਏ ਭਗਤਿ ਨ ਹੋਇ॥**

**(ਅੰਗ ੧੨੭੭)**

**ਸੋ ਮੁਲਾਂ ਜੋ ਮਨ ਸਿਉ ਲਰੈ॥**
**ਗੁਰ ਉਪਦੇਸਿ ਕਾਲ ਸਿਉ ਜੁਰੈ॥**

**(ਅੰਗ ੧੧੫੯)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਹੋਰ ਸਪਸ਼ਟ ਸਮਝਾਂਦੇ ਹਨ ਕਿ ਕਰਮ-ਕਾਂਡਾਂ ਵਿਚ ਪਰਮੇਸਰ ਨਹੀਂ। ਪ੍ਰਭੂ ਨੂੰ ਨੇੜੇ ਪਛਾਨਣ ਲਈ ਆਪਣੇ ਮਨ ਨੂੰ ਆਪਣੇ ਕਾਬੂ ਕਰਨਾ ਜ਼ਰੂਰੀ ਹੈ -

**ਸੁਆਂਗਨ ਮੈ ਪਰਮੇਸੁਰ ਨਾਹੀਂ॥**
**ਖੋਜ ਫਿਰੈ ਸਭਹੀ ਕੋ ਕਾਹੀਂ?**
**ਅਪਨੋ ਮਨੁ ਕਰ ਮੋ ਜਿਹ ਆਨਾ॥**
**ਪਾਰਬ੍ਰਹਮ ਕੋ ਤਿਨੀ ਪਛਾਨਾ॥**

**(ਅ : ੬/੫੫)**

ਇਹ ਮਨ ਕਿੱਥੇ ਹੈ? ਮਨ ਸਾਡੇ ਸਰੀਰ ਅੰਦਰ ਹੈ, ਕਿਸੇ ਹੋਰ ਥਾਂ ਨਹੀਂ। ਪਰ ਇਸ ਬਾਰੇ ਸਮਝ ਗੁਰੂ ਉਪਦੇਸ਼ ਰਾਹੀਂ ਹੀ ਆਂਦੀ ਹੈ-

**ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ॥**

**(ਅੰਗ ੧੨੪)**

ਆਤਮਾ ਕਿੱਥੇ ਹੈ। ਇਹ ਮਨ ਅੰਦਰ ਹੈ। ਇਸ ਮਨ ਅੰਦਰ ਹੀ ਸੱਚੀ ਆਤਮਾ ਹੈ -

**ਤਨ ਮਹਿ ਮਨੂਆ ਮਨ ਮਹਿ ਸਾਚਾ॥**
**ਸੋ ਸਾਚਾ ਮਿਲਿ ਸਾਚੇ ਰਾਚਾ॥**

**(ਅੰਗ ੬੯੬)**

ਸਾਡੇ ਅੰਦਰ ਵਸਦਾ ਮਨ ਜੋਤ ਸਰੂਪ ਹੀ ਹੈ। ਇਸ ਦੀ ਚੰਚਲਤਾ ਜਦੋਂ ਬੰਦ ਹੋ ਜਾਂਦੀ ਹੈ ਤਾਂ ਇਸ ਦਾ ਨਾਸ ਹੋ ਜਾਂਦਾ ਹੈ ਅਤੇ ਸਾਨੂੰ ਮਨ ਦੇ ਉਪਰ ਸ਼ਾਂਤ ਬੈਠੇ ਪੰਖੀ (ਆਤਮਾ), ਜੋ ਪ੍ਰਮਾਤਮਾ ਦੀ ਜੋਤ ਹੈ, ਦੇ ਦਰਸ਼ਨ ਹੁੰਦੇ ਹਨ। ਗੁਰਬਾਣੀ ਗਵਾਹੀ ਦਿੰਦੀ ਹੈ -

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥**

**(ਅੰਗ ੪੪੧)**

ਗੁਰੂ ਜੀ ਹੋਰ ਗੁਝੀ ਗੱਲ ਦਸਦੇ ਹਨ। ਆਪ ਜੀ ਕਹਿੰਦੇ ਹਨ ਕਿ ਮਨ ਦੇ ਸੁੱਖ ਸਰੂਪ (ਆਤਮਾ) ਦੇ ਨੇੜੇ ਹੀ ਹਰੀ (ਪ੍ਰਮਾਤਮਾ) ਵੀ ਵਸਦਾ ਹੈ-

**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥**

**(ਅੰਗ ੪੪੧)**

ਸਰੀਰ ਦੇ ਅੰਦਰ ਮਨ, ਮਨ ਦੇ ਅੰਦਰ ਆਤਮਾ ਤੇ ਆਤਮਾ ਦੇ ਅੰਦਰ ਪ੍ਰਮਾਤਮਾ ਹੈ।

ਦੇਹੀ ਪੰਜਾਹ-ਸੌ ਸਾਲ ਬਾਅਦ ਖਤਮ ਹੋ ਜਾਂਦੀ ਹੈ ਪਰ ਸਰਰਿ ਦੇ ਦਬਣ-ਸਾੜਣ ਬਾਅਦ ਮਨ ਜੀਊਂਦਾ ਰਹਿੰਦਾ ਹੈ। ਸਿਮਰਨ-ਧਿਆਨ ਨਾਲ ਮਨ ਮਰ ਜਾਂਦਾ ਹੈ ਅਤੇ ਆਤਮਾ ਆਮ੍ਹਣੇ-ਸਾਮ੍ਹਣੇ ਆ ਜਾਂਦੀ ਹੈ। ਆਤਮਾ ਦੇ ਦੇਖਣ ਨਾਲ ਪ੍ਰਮਾਤਮਾ ਵੀ ਦਿਸ ਪੈਂਦਾ ਹੈ। ਪਰ ਅਖੀਰ ਵਿਚ ਆਤਮਾ ਪ੍ਰਮਾਤਮਾ ਵਿਚ ਹੀ ਲੀਨ ਹੋ ਜਾਂਦੀ ਹੈ। ਇਹ ਸਫਰ ਦੀ ਸਮਾਪਤੀ ਹੈ। ਮਨੁੱਖ ਨੇ ਪ੍ਰਭੂ ਤੋਂ ਅਲਗ ਹੋ ਕੇ ਆਪਣਾ ਸਫਰ ਸ਼ੁਰੂ ਕੀਤਾ ਸੀ। ਲੱਖਾਂ ਜੂਨਾਂ ਅੰਦਰ ਭਰਮਿਆ ਸੀ ਅਤੇ ਅੰਤ ਉਸੇ ਵਿਚ ਲੀਨ ਹੋ ਗਿਆ, ਜਿੱਦਾਂ ਲਹਿਰ ਸਾਗਰ ਵਿਚ ਲੀਨ ਹੋ ਜਾਂਦੀ ਹੈ -

**ਨਾਨਕ ਲੀਨ ਭਇਓ ਗੋਬਿੰਦ ਸਿਉ**
**ਜਿਉ ਪਾਨੀ ਸੰਗਿ ਪਾਨੀ॥**

**(ਅੰਗ ੬੩੩)**

ਅਸੀਂ ਸਰੀਰ ਤੇ ਇਸ ਦੀਆਂ ਗਿਆਨ ਇੰਦ੍ਰੀਆਂ ਨਾਲ ਐਨੇ ਬਝੇ ਹੋਏ ਹਾਂ ਕਿ ਸਾਨੂੰ ਇਨ੍ਹਾਂ ਰਾਹੀਂ ਮਿਲੇ ਗਿਆਨ ਤੋਂ ਬਾਹਰ ਹੋਰ ਸਤਿ ਦਿਸਦਾ ਹੀ ਨਹੀਂ। ਇੱਦਾਂ ਹੀ ਅਸੀਂ ਮਨ ਰਾਹੀਂ ਦਿੱਤਾ ਗਿਆਨ ਹੀ ਸਤਿ ਸਮਝਦੇ ਹਾਂ। ਗੁਰੂ ਕਿੰਨਾ ਵੀ ਕਹਿਣ ਕਿ ਗਿਆਨ ਇੰਦ੍ਰੀਆਂ ਤੋਂ ਪਰ੍ਹੇ ਇਕ ਆਤਮਾ ਹੈ ਪਰ ਸਾਨੂੰ ਉਸ ਬਾਰੇ ਭਰੋਸਾ ਨਹੀਂ ਆਂਦਾ। ਸਰੀਰ ਸਥੂਲ ਰੂਪ ਵਿਚ ਤੇ ਮਨ ਸੂਖਮ ਰੂਪ ਵਿਚ ਸਾਡਾ ਅਨੁਭਵ ਬਣ ਜਾਂਦੇ ਹਨ, ਪਰ ਆਤਮਾ ਦਾ ਅਨੁਭਵ ਨਹੀਂ ਹੁੰਦਾ।

ਸਾਨੂੰ ਸੂਰਜ ਧਰਤੀ ਗਿਰਦ ਘੁੰਮਦਾ ਹੋਇਆ ਦਿਸਦਾ ਹੈ

ਕਿਉਂਕਿ ਇੰਦਾਂ ਗਿਆਨ ਇੰਦ੍ਰੀ ਸਮਝਾਂਦੀ ਹੈ। ਪਰ ਵਿਗਿਆਨ ਕਹਿੰਦਾ ਹੈ ਕਿ ਸੂਰਜ ਨਹੀਂ ਅਸਲ ਵਿਚ ਧਰਤੀ ਸੂਰਜ ਗਿਰਦ ਘੁੰਮਦੀ ਹੈ? ਸਾਧਾਰਣ ਤੇ ਆਮ ਪੜ੍ਹਿਆ ਲਿਖਿਆ, ਸੁਣ-ਸੁਣਾ ਕੇ ਮਨ ਤਾਂ ਲੈਂਦਾ ਹੈ ਕਿ ਧਰਤੀ ਘੁੰਮਦੀ ਹੈ ਪਰ ਧਰਤੀ ਦਾ ਘੁੰਮਣਾ ਉਸ ਦੇ ਅਨੁਭਵ ਦਾ ਹਿੱਸਾ ਨਹੀਂ ਬਣਦਾ। ਕੀ ਸਾਨੂੰ ਲੱਗਦਾ ਹੈ ਕਿ ਵਾਕਿਆ ਹੀ ਧਰਤੀ ਘੁੰਮ ਰਹੀ ਹੈ ਜਦੋਂ ਅਸੀਂ ਇਸ ਉਪਰ ਬੈਠੇ ਆਪਣੇ ਆਪ ਨੂੰ ਘੁੰਮਦਾ ਮਹਿਸੂਸ ਨਹੀਂ ਕਰਦੇ।

ਸਾਡੀਆਂ ਗਿਆਨ ਇੰਦ੍ਰੀਆਂ ਕਹਿੰਦੀਆਂ ਹਨ ਕਿ ਸੂਰਜ ਡੁਬ ਰਿਹਾ ਹੈ ਜਦੋਂ ਕਿ ਵਿਗਿਆਨਕ ਕਹਿੰਦਾ ਹੈ ਕਿ ਸੂਰਜ ਕਦੀਂ ਨਹੀਂ ਡੁਬਦਾ। ਸਾਨੂੰ ਲੱਗਦਾ ਹੈ ਕਿ ਦੂਰ ਕਿਤੇ ਧਰਤੀ ਤੇ ਆਕਾਸ ਮਿਲ ਰਹੇ ਹਨ ਪਰ ਵਿਗਿਆਨ ਦਸਦਾ ਹੈ ਕਿ ਦੋਹਾਂ ਦਾ ਮਿਲਣ ਕਦੀਂ ਨਹੀਂ ਹੁੰਦਾ। ਸਰੀਰ ਤੇ ਮਨ ਜੜ੍ਹ ਹਨ, ਨਾਸ਼ਵਾਨ ਹਨ, ਇਸ ਲਈ ਇਨ੍ਹਾਂ ਰਾਹੀਂ ਦਿੱਤਾ ਗਿਆਨ ਸਦੀਵੀ ਸੱਚ ਨਹੀਂ ਹੋ ਸਕਦਾ। ਆਤਮਾ ਸਦੀਵੀ ਹੈ, ਨਾਸ਼ਰਹਿਤ ਹੈ, ਅਸੀਮ ਹੈ। ਇਸ ਲਈ ਇਸ ਰਾਹੀਂ ਦਿੱਤਾ ਗਿਆਨ ਹੀ ਨਿਰੋਲ ਸਤਿ ਹੁੰਦਾ ਹੈ।

ਦੁੱਖ-ਸੁੱਖ ਸਰੀਰ ਨੂੰ ਪ੍ਰਭਾਵਿਤ ਕਰਦੇ ਹਨ। ਹਰਖ-ਸੋਗ, ਉਸਤਤਿ-ਨਿੰਦਾ ਮਨ ਨੂੰ ਗੰਦਾ ਕਰਦੇ ਹਨ। ਇਹ ਪੇੜ ਤੇ ਬੈਠੇ ਅਸ਼ਾਂਤ ਪੰਖੀ ਵਾਂਗ ਹਨ। ਪਰ ਜੋ ਇਨ੍ਹਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ, ਉਹੀ ਆਤਮਾ ਹੈ, ਉਹੀ ਸਾਡਾ ਸ਼ੁਧ ਸਰੂਪ ਹੈ। ਇਹੀ ਉਪਰਲੀ ਟਾਹਣੀ ਤੇ ਬੈਠਾ ਸ਼ਾਂਤ-ਅਨੰਦਮਈ ਆਤਮਾ ਹੈ। ਇਸੇ ਲਈ ਗੁਰਬਾਣੀ ਸਾਨੂੰ ਬਾਰ ਬਾਰ ਦੁੱਖ-ਸੁੱਖ, ਕਾਮ-ਕਰੋਧ, ਲੋਭ-ਮੋਹ ਤੋਂ ਪਾਰ ਦੇ ਵਜੂਦ ਨੂੰ ਪਛਾਨਣ ਨੂੰ ਕਹਿੰਦੀ ਹੈ ਕਿਉਂਕਿ ਉਹੀ ਬ੍ਰਹਮਗਿਆਨ ਹੈ -

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ**
**ਅਉਰੁ ਮਾਨੁ ਅਪਮਾਨਾ॥**
**ਹਰਖ ਸੋਗ ਤੇ ਰਹੈ ਅਤੀਤਾ**
**ਤਿਨਿ ਜਗਿ ਤਤੁ ਪਛਾਨਾ॥੧॥**
**ਉਸਤਤਿ ਨਿੰਦਾ ਦੋਊ ਤਿਆਗੈ**
**ਖੋਜੈ ਪਦੁ ਨਿਰਬਾਨਾ॥**
**ਜਨ ਨਾਨਕ ਇਹੁ ਖੇਲੁ ਕਠਨੁ ਹੈ**
**ਕਿਨਹੂੰ ਗੁਰਮੁਖਿ ਜਾਨਾ॥**

**(ਅੰਗ ੨੧੯)**

**ਲੋਭ ਮੋਹ ਮਾਇਆ ਮਮਤਾ ਫੁਨਿ**
**ਅਉ ਬਿਖਿਅਨ ਕੀ ਸੇਵਾ॥**
**ਹਰਖ ਸੋਗ ਪਰਸੈ ਜਿਹ ਨਾਹਨਿ**
**ਸੋ ਮੂਰਤਿ ਹੈ ਦੇਵਾ॥੧॥**
**ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ**
**ਤਿਉ ਕੰਚਨ ਅਰ ਪੈਸਾ॥**
**ਉਸਤਤਿ ਨਿੰਦਾ ਏ ਸਮ ਜਾ ਕੈ**
**ਲੋਭੁ ਮੋਹੁ ਫੁਨਿ ਤੈਸਾ॥੨॥**
**ਦੁਖੁ ਸੁਖੁ ਏ ਬਾਧੇ ਜਿਹ ਨਾਹਨਿ**
**ਤਿਹ ਤੁਮ ਜਾਨਉ ਗਿਆਨੀ॥**
**ਨਾਨਕ ਮੁਕਤਿ ਤਾਹਿ ਤੁਮ ਮਾਨਉ**
**ਇਹ ਬਿਧਿ ਕੋ ਜੋ ਪ੍ਰਾਨੀ॥**

**(ਅੰਗ ੨੨੦)**

ਜੋ ਸਰੀਰ ਤੇ ਮਨ ਨੂੰ ਸੰਭਾਲਦਾ ਹੈ, ਉਹੀ ਆਤਮਾ ਹੈ। ਸਾਡੇ ਸਰੀਰ ਅੰਦਰ ਕਰੀਬਨ 20 ਅਰਬ ਸੈਲ (Cell) ਹਨ। ਇਕ ਸੈਲ ਇਕ ਮਿਲੀਮੀਟਰ ਦਾ ਲਖਵਾਂ ਹਿੱਸਾ ਹੁੰਦਾ ਹੈ। ਜ਼ਾਹਰ ਹੈ ਕਿ ਇਹ ਸੈਲ ਅੱਖਾਂ ਰਾਹੀਂ ਨਹੀਂ ਦਿਸਦੇ। ਸਿਰਫ ਸ਼ਕਤੀਸ਼ਾਲੀ ਖੁਰਦਬੀਨ ਰਾਹੀਂ ਹੀ ਇਹ ਦਿਸਦੇ ਹਨ। ਇਨ੍ਹਾਂ ਅਤੀ ਸੂਖਮ ਸੈਲਾਂ ਵਿਚ ਦੋ ਪ੍ਰਮੁੱਖ ਕੈਮੀਕਲ ਹੁੰਦੇ ਹਨ। ਇਕ (Sodium) ਜਿਸ ਦੀ ਘਾਟ ਕਾਰਣ ਇਹ ਸੈਲ ਸਿਕੁੜ ਕੇ ਖਤਮ ਹੋ ਜਾਂਦੇ ਹਨ ਅਤੇ ਦੂਸਰਾ (Potassium) ਜਿਸ ਦੀ ਘਾਟ ਕਾਰਣ ਇਹ ਫਟ ਕੇ ਤਬਾਹ ਹੋ ਜਾਂਦੇ ਹਨ। ਇਨ੍ਹਾਂ ਅਰਬਾਂ ਸੈਲਾਂ ਅੰਦਰਲੇ ਕੈਮੀਕਲ ਦਾ ਅਨੁਪਾਤ ਕੌਣ ਬਰਾਬਰ ਰੱਖਦਾ ਹੈ? 80-84 ਸਾਲ ਦੀ ਉਮਰ ਵਿਚ ਜਦੋਂ ਮੈਂ ਕਹਿੰਦਾ ਹਾਂ "ਜਦੋਂ ਮੈਂ ਬੱਚਾ ਹੁੰਦਾ ਸਾਂ", ਤਾਂ ਇਹ ਬਿਆਨ ਕੌਣ ਦੇਂਦਾ ਹੈ? ਕੌਣ ਹੈ ਜਿਹੜਾ ਸਰੀਰ ਤੇ ਮਨ ਦੀ ਬਦਲਾਹਟ ਦੇ ਬਾਵਜੂਦ ਵੀ ਨਹੀਂ ਬਦਲਿਆ ਅਤੇ ਆਪਣੇ ਆਪ ਨੂੰ ਬੱਚਾ ਦਸਦਾ ਹੈ? ਇਹੀ ਆਤਮਾ, ਜਦੋਂ ਸਰੀਰ ਤੇ ਮਨ ਸੁਤਾ ਪਿਆ ਹੁੰਦਾ ਹੈ, ਰਾਤੀ ਜਾਗਦੀ ਹੁੰਦੀ ਹੈ ਅਤੇ ਸਵੇਰੇ ਕਹਿੰਦੀ ਹੈ "ਰਾਤੀਂ ਬੜੀ ਮਿੱਠੀ ਨੀਂਦ ਆਈ"। ਇਹ ਆਤਮਾ ਹੈ। ਇਹ ਸਦਾ ਜਾਗੀ ਹੋਈ ਹੈ।

ਇਸ ਆਤਮਾ ਦੇ ਆਲੇ ਦੁਆਲੇ ਸਰੀਰ ਅਤੇ ਮਨ ਸੁਤੇ ਪਏ ਹਨ। ਮੰਦਰ ਦੀਆਂ ਘੰਟੀਆਂ, ਮਸਜਿਦ ਦੀਆਂ ਆਵਾਜ਼ਾਂ ਤੇ ਗੁਰਦੁਆਰੇ ਦਾ ਨਗਾਰਾ ਸਾਡੇ ਮਨ ਤੇ ਸਰੀਰ ਨੂੰ ਜਗਾਣ ਲਈ ਹਨ ਤਾਂਕਿ ਅਸੀਂ ਜਾਗਦੀ ਆਤਮਾ ਦਾ ਅਨਹਦ ਨਾਦ ਸੁਣ ਸਕੀਏ। ਗੁਰਬਾਣੀ ਦਸਦੀ ਹੈ-

**ਸੂਖ ਸਹਜ ਆਨੰਦ ਨਾਮ ਰਸੁ**
**ਅਨਹਦ ਬਾਣੀ ਸਹਜ ਧੁਨਾ॥**

**(ਅੰਗ ੧੦੭੯)**

**ਕਹੁ ਨਾਨਕ ਰਸਿ ਮੰਗਲ ਗਾਏ**
**ਸਬਦੁ ਅਨਾਹਦੁ ਬਾਜਿਓ॥**

**(ਅੰਗ ੧੨੦੪)**

**ਪ੍ਰਮਾਤਮਾ**

ਆਤਮਾ ਪ੍ਰਮਾਤਮਾ ਵਿਚ ਹੀ ਹੈ ਪਰ ਐਨੇ ਨੇੜੇ ਹੈ ਕਿ ਸਾਨੂੰ ਉਸ ਦਾ ਅਹਿਸਾਸ ਨਹੀਂ ਹੁੰਦਾ। ਅਸੀਂ ਧਰਤੀ ਉਪਰ ਬੈਠੇ ਹਾਂ। ਪਰ ਧਰਤੀ ਵਿਸ਼ਾਲ ਹੈ। ਇਸ ਕਾਰਣ ਜਦੋਂ ਇਹ ਘੁੰਮਦੀ ਹੈ ਤਾਂ ਸਾਨੂੰ ਇਸ ਦੇ ਘੁੰਮਣ ਦਾ ਪਤਾ ਨਹੀਂ ਲੱਗਦਾ। ਪਰ ਜਦੋਂ ਅਸੀਂ ਕੁਰਸੀ ਤੇ ਬੈਠੇ ਹੋਈਏ ਤਾਂ ਕੁਰਸੀ ਦੇ ਘੁੰਮਣ ਤੇ ਸਾਡੇ ਘੁੰਮਣ ਦਾ ਸਾਨੂੰ ਪਤਾ ਚਲ ਜਾਂਦਾ ਹੈ। ਇੱਦਾਂ ਹੀ ਪ੍ਰਮਾਤਮਾ ਵਿਸ਼ਾਲ ਹੈ। ਇਸ ਲਈ ਸਾਨੂੰ ਉਸ ਦੀ ਮੌਜੂਦਗੀ ਦਾ ਪਤਾ ਨਹੀਂ ਚਲਦਾ। ਇਸ ਲਈ ਦੂਰੀ ਦੀ ਲੋੜ ਹੈ। ਸਾਨੂੰ ਆਪਣਾ ਸਰੀਰ ਅੱਖਾਂ ਰਾਹੀਂ ਦਿਸਦਾ ਹੈ ਕਿਉਂਕਿ ਇਹ ਅੱਖਾਂ ਤੋਂ ਦੂਰ ਹੈ। ਪਰ ਸਾਨੂੰ ਆਪਣਾ ਮੂੰਹ, ਕੰਨ, ਨੱਕ, ਗਲਾਂ, ਸਿਰ ਨਹੀਂ ਦਿਸਦਾ ਕਿਉਂਕਿ ਇਨ੍ਹਾਂ ਦੀ ਅੱਖਾਂ ਨੂੰ ਦੂਰਤਾ ਨਹੀਂ। ਇਹ ਅੱਖ ਨਾਲ ਕਰੀਬਨ ਇਕ-ਮਿਕ ਹਨ। ਮੱਛੀ ਜਲ ਵਿਚ ਹੈ ਇਸ ਲਈ ਇਸ ਨੂੰ ਜਲ ਦਾ ਕੋਈ ਗਿਆਨ ਨਹੀਂ। ਉਹ ਨਹੀਂ ਜਾਣਦੀ ਕਿ ਜਲ ਕੀ ਹੈ ਤੇ ਕਿੱਦਾਂ ਦਾ ਹੈ। ਪਰ ਇਸ ਨੂੰ ਜਲ ਤੋਂ ਦੁਰ ਕਰ ਦਿਉ ਤਾਂ ਇਹ ਝਟ ਜਲ ਦੀ ਦੂਰੀ ਮਹਿਸੂਸ ਕਰਨ ਲੱਗਦੀ ਹੈ -

**ਮਛਲੀ ਕਉ ਜੈਸੇ ਨੀਰੁ ਬਾਲਹਾ**
**ਤਿਉ ਮੇਰੈ ਮਨਿ ਰਾਮਈਆ॥**

**(ਅੰਗ ੬੯੩)**

**ਜਲ ਬਿਹੂਨ ਮੀਨ ਕਤ ਜੀਵਨ**
**ਦੂਧ ਬਿਨਾ ਰਹਨੁ ਕਤ ਬਾਰੋ॥**

**(ਅੰਗ ੮੨੯)**

**ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ॥**

**(ਅੰਗ ੧੧੨੨)**

ਜਾਂ ਪ੍ਰਮਾਤਮਾ ਸਾਗਰ ਹੈ ਜਿਸ ਵਿਚ ਲਹਿਰਾਂ ਉਛਲ-ਕੁਦ ਕਰਦੀਆਂ ਰਹਿੰਦੀਆਂ ਹਨ। ਲਹਿਰ ਸਾਗਰ ਦਾ ਹੀ ਹਿੱਸਾ ਹਨ। ਲਹਿਰ ਸਾਗਰ ਦਾ ਹੀ ਛੋਟਾ ਰੂਪ ਹੈ। ਹਉਮੈ ਦੀ ਹਵਾ ਜਦੋਂ ਪਾਣੀ ਤੇ ਪੈਂਦੀ ਹੈ ਤਾਂ ਪਾਣੀ ਉਛਲਣ ਲੱਗਦਾ ਹੈ ਤੇ ਲਹਿਰ ਦਾ ਰੂਪ ਧਾਰਨ ਕਰ ਲੈਂਦਾ ਹੈ। ਹਉਮੈ ਦੀ ਹਵਾ ਹਟ ਜਾਏ ਤਾਂ ਲਹਿਰ ਦਾ ਵਜੂਦ ਨਹੀਂ ਰਹਿੰਦਾ। ਲਹਿਰ ਦਾ ਬੁਦਬੁਦਾ ਪਾਣੀ ਦਾ ਹੀ ਰੂਪ ਹੈ। ਅੰਤ ਪਾਣੀ ਵਿਚ ਹੀ ਸਮਾ ਜਾਂਦਾ ਹੈ। ਗੁਰਬਾਣੀ ਦਸਦੀ ਹੈ -

**ਏਕ ਅਨੇਕ ਬਿਆਪਕ ਪੂਰਕ**
**ਜਤ ਦੇਖਉ ਤਤ ਸੋਈ॥**
**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ**
**ਬਿਰਲਾ ਬੂਝੈ ਕੋਈ॥**
**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ**
**ਗੋਬਿੰਦ ਬਿਨੁ ਨਹੀ ਕੋਈ॥**
**ਸੂਤੁ ਏਕੁ ਮਣਿ ਸਤ ਸਹੰਸ ਜੈਸੇ**
**ਓਤਿ ਪੋਤਿ ਪ੍ਰਭੁ ਸੋਈ ॥ਰਹਾਉ॥**
**ਜਲ ਤਰੰਗ ਅਰੁ ਫੇਨ ਬੁਦਬੁਦਾ**
**ਜਲ ਤੇ ਭਿੰਨ ਨ ਹੋਈ॥**

**(ਅੰਗ ੪੮੫)**

**ਜਲ ਤਰੰਗੁ ਜਿਉ ਜਲਹਿ ਸਮਾਇਆ॥**
**ਤਿਉ ਜੋਤੀ ਸੰਗਿ ਜੋਤਿ ਮਿਲਾਇਆ॥**

**(ਅੰਗ ੧੦੨)**

ਇਕੋ ਹੀ ਸੂਰਜ ਹੈ ਜਿਸ ਦੀਆਂ ਕਿਰਨਾਂ ਸਾਰੇ ਘਰਾਂ ਨੂੰ ਰੌਸ਼ਨ ਕਰ ਰਹੀਆਂ ਹਨ, ਇਕੋ ਜੋਤ ਹੈ ਜਿਹੜੀ ਸਾਡੇ ਹਿਰਦਿਆਂ ਵਿਚ ਜਗ ਰਹੀ ਹੈ। ਸਭ ਉਸੇ ਤੋਂ ਹੀ ਹਨ। ਇਸ ਸਬੰਧ ਵਿਚ ਗੁਰੂ ਗੋਬਿੰਦ ਸਿੰਘ ਜੀ ਬੜਾ ਸੁੰਦਰ ਲਿਖਦੇ ਹਨ :

**ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੈ**
**ਨਿਆਰੇ ਨਿਆਰੇ ਹੋਇ ਕੈ**
**ਫੇਰਿ ਆਗ ਮੈ ਮਿਲਾਹਿੰਗੇ॥**
**ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ**
**ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥**
**ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ**
**ਪਾਨ ਕੇ ਤਰੰਗ ਸਬੈ ਪਾਨ ਹੀ ਕਹਾਂਹਿੰਗੇ॥**
**ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ**
**ਤਾਹੀਂ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥**

**(ਅਕਾਲ ਉਸਤਤਿ-87)**

ਸਾਡੇ ਅੰਮ੍ਰਿਤ ਕੁੰਡ ਉਪਰ ਮਨ-ਸਰੀਰ ਦਾ ਭਾਰੀ ਪੱਥਰ ਪਿਆ ਹੋਇਆ ਹੈ। ਜਿਸ ਕਾਰਣ ਅਸੀਂ ਇਸ ਅੰਮ੍ਰਿਤ ਦਾ

ਅਨੰਦ ਨਹੀਂ ਮਾਣ ਰਹੇ। ਸਿਮਰਨ ਧਿਆਨ ਰਾਹੀਂ ਜਦੋਂ ਇਹ ਭਾਰੀ ਪੱਥਰ ਹਟ ਜਾਂਦਾ ਹੈ ਤਾਂ ਵਗ ਰਿਹਾ ਚਸ਼ਮਾ ਆਪੇ ਉਪਰ ਉਭਰ ਆਂਦਾ ਹੈ। ਚਸ਼ਮੇ ਨੂੰ ਵਗਾਣ ਲਈ ਜਾਂ ਇਸ ਦਾ ਅਨੰਦ ਮਾਨਣ ਲਈ ਸਾਨੂੰ ਕੁਝ ਨਹੀਂ ਕਰਨਾ ਪੈਂਦਾ। ਸਿਰਫ ਹਉ ਦਾ ਪੱਥਰ ਹਟਾਣਾ ਹੁੰਦਾ ਹੈ। ਅੰਮ੍ਰਿਤ ਭਰਪੂਰ ਹੈ, ਘਟ ਅੰਦਰ ਹੀ ਹੈ –

**ਘਟ ਅੰਤਰਿ ਅੰਮ੍ਰਿਤੁ ਰਖਿਓਨੁ**
**ਗੁਰਮੁਖਿ ਕਿਸੈ ਪਿਆਈ॥**

**(ਅੰਗ ੯੫੧)**

**ਘਟ ਅੰਤਰਿ ਪਾਰਬ੍ਰਹਮੁ ਪਰਮੇਸਰੁ**
**ਤਾ ਕਾ ਅੰਤੁ ਨ ਪਾਇਆ॥**

**(ਅੰਗ ੪੪੮)**

**ਘਟ ਹੀ ਮਾਹਿ ਨਿਰੰਜਨੁ ਤੇਰੈ**
**ਤੈ ਖੋਜਤ ਉਦਿਆਨਾ॥**

**(ਅੰਗ ੬੩੨)**

**ਸੁਖੁ ਦੁਖੁ ਰਹਤ ਸਦਾ ਨਿਰਲੇਪੀ**
**ਜਾ ਕਉ ਕਹਤ ਗੁਸਾਈ॥**
**ਸੋ ਤੁਮ ਹੀ ਮਹਿ ਬਸੈ ਨਿਰੰਤਰਿ**
**ਨਾਨਕ ਦਰਪਨਿ ਨਿਆਈ॥**

**(ਅੰਗ ੬੩੨)**

ਅੰਦਰ ਬਾਹਰ ਉਹੀ ਹੈ। ਪਾਣੀ ਦਾ ਇਕ ਮਟਕਾ (ਕੁੰਭ) ਹੈ। ਉਹ ਪਾਣੀ ਨਾਲ ਭਰਿਆ ਪਿਆ ਹੈ ਅਤੇ ਉਹ ਸਾਗਰ ਉਪਰ ਤਰ ਰਿਹਾ ਹੈ। ਹੁਣ ਮਟਕੇ ਦੇ ਅੰਦਰ ਵੀ ਪਾਣੀ ਹੈ, ਇਸ ਦੇ ਬਾਹਰ ਵੀ ਪਾਣੀ ਹੈ ਅਤੇ ਇਹ ਬਣਿਆ ਵੀ ਪਾਣੀ ਦੀ ਸਹਾਇਤਾ ਨਾਲ ਹੀ ਹੈ (ਮਿੱਟੀ ਤੇ ਪਾਣੀ ਦਾ ਮੇਲ)। ਪਰ ਅਗਿਆਨ ਕਾਰਨ ਮਟਕੇ ਦੇ ਅੰਦਰ ਦਾ ਪਾਣੀ ਆਪਣੇ ਆਪ ਨੂੰ ਸਾਗਰ ਦੇ ਪਾਣੀ ਨਾਲੋਂ ਵੱਖ ਸਮਝਦਾ ਹੈ। ਇਹੀ ਅਗਿਆਨ ਹੈ। ਜਦੋਂ ਸਾਡੇ ਮਨ ਨੂੰ ਇਸ ਬਾਰੇ ਸਹੀ ਗਿਆਨ ਹੋ ਜਾਏ ਤਾਂ ਅਹਿਮ ਵੀ ਖਤਮ ਹੋ ਜਾਂਦਾ ਹੈ। ਗੁਰਬਾਣੀ ਦਸਦੀ ਹੈ ਕਿ ਇਹ ਗਿਆਨ ਗੁਰੂ ਕੋਲੋਂ ਹੀ ਮਿਲ ਸਕਦਾ ਹੈ –

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥**
**ਗਿਆਨ ਕਾ ਬਧਾ ਮਨੁ ਰਹੈ**
**ਗੁਰ ਬਿਨੁ ਗਿਆਨੁ ਨ ਹੋਇ॥**

**(ਅੰਗ ੪੬੯)**

**ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ॥**
**ਆਤਮਾ ਬਾਸੁਦੇਵਸ੍ਹਿ ਜੇ ਕੋ ਜਾਣੈ ਭੇਉ॥**

**(ਅੰਗ ੪੬੯)**

ਪ੍ਰਮਾਤਮਾ ਨਾ ਸਿਰਫ ਸਭ ਵਿਚ ਹੈ ਬਲਕਿ ਸਭ ਵਿਚ ਪੂਰਨ ਹੈ। ਇੱਦਾਂ ਨਹੀਂ ਹੈ ਮੇਰੇ ਵਿਚ ਇਕ ਅੰਸ਼ ਤੇ ਕਿਸੇ ਹੋਰ ਵਿਚ ਦੂਸਰਾ ਅੰਸ਼, ਜਾਂ ਮੇਰੇ ਕੋਲੋਂ ਘੱਟ ਤੇ ਤੇਰੇ ਕੋਲ ਜ਼ਿਆਦਾ। ਗੁਰਮਤਿ ਹੈ ਕਿ ਉਹ ਸਭ ਵਿਚ ਬਰਾਬਰ ਹੈ। ਇਹ ਸਤਹੀ ਨਜ਼ਰ ਨਾਲ ਤਰਕਸੰਗਤ ਨਹੀਂ ਲੱਗਦਾ। ਜੇ ਉਹ ਮੇਰੇ ਵਿਚ ਪੂਰਨ ਹੈ ਤਾਂ ਦੂਸਰੇ ਲਈ ਕੁਝ ਬਚਦਾ ਹੀ ਨਹੀਂ। ਜੇ 100 ਵਿਚੋਂ 5 ਮੇਰੇ ਹਿੱਸੇ ਆ ਗਿਆ ਹੈ, ਤਾਂ ਦੂਸਰੇ ਜਾਂ ਦੂਸਰਿਆਂ ਲਈ ਸਿਰਫ 95 ਬਚਿਆ, ਸੌ ਨਹੀਂ। ਇਸ ਭਰਮ ਨੂੰ ਇੱਦਾਂ ਸਮਝੋ। ਉਪਰਲੀ ਮਟਕੇ ਦੀ ਹੀ ਮਿਸਾਲ ਲੈ ਲਉ। ਉਸ ਅੰਦਰ ਪਾਣੀ ਹੈ। ਉਹ ਮਟਕਾ ਟੁੱਟ ਜਾਂਦਾ ਹੈ ਅਤੇ ਉਸ ਦੇ ਦਸ ਠੀਕਰੇ ਹੋ ਜਾਂਦੇ ਹਨ। ਹਰ ਠੀਕਰੇ ਵਿਚ ਥੋੜ੍ਹਾ ਬਹੁਤ ਪਾਣੀ ਹੈ। ਉਪਰ ਪੂਰਾ ਪੂਰਨਮਾਸੀ ਦਾ ਚੰਨ ਚਮਕ ਰਿਹਾ ਹੈ। ਤੁਸੀਂ ਦੇਖੋਗੇ ਕਿ ਹਰ ਟੁਕੜੇ ਵਿਚ ਪੂਰਾ ਚੰਨ ਹੈ। ਸਭ ਟੁਕੜਿਆਂ ਵਿਚ ਉਹ ਪੂਰਨ ਹੀ ਹੈ। ਇੱਦਾਂ ਹੀ ਸਾਡੀ ਆਤਮਾ ਵਿਚ ਪੂਰੇ ਪ੍ਰਮਾਤਮਾ ਦੀ ਛਾਈ ਹੈ। ਗੁਰਬਾਣੀ ਗਵਾਹੀ ਦੇਂਦੀ ਹੈ –

**ਪੂਰਨ ਪੂਰਿ ਰਹਿਆ ਸਭ ਆਪੇ**
**ਗੁਰਮਤਿ ਨਦਰੀ ਆਵਣਿਆ॥**

**(ਅੰਗ ੧੧੯)**

**ਸਗਲ ਬਨਸਪਤਿ ਮਹਿ ਬੈਸੰਤਰੁ**
**ਸਗਲ ਦੂਧ ਮਹਿ ਘੀਆ॥**
**ਊਚ ਨੀਚ ਮਹਿ ਜੋਤਿ ਸਮਾਣੀ**
**ਘਟਿ ਘਟਿ ਮਾਧਉ ਜੀਆ॥੧॥**
**ਸੰਤਹੁ ਘਟਿ ਘਟਿ ਰਹਿਆ ਸਮਾਇਓ॥**
**ਪੂਰਨ ਪੂਰਿ ਰਹਿਓ ਸਰਬ ਮਹਿ**
**ਜਲਿ ਥਲਿ ਰਮਈਆ ਆਹਿਓ॥੧॥ਰਹਾਉ॥**

**(ਅੰਗ ੬੧੭)**

### ਆਤਮਾ ਪ੍ਰਮਾਤਮਾ ਦਾ ਮੇਲ ਕਿੱਦਾਂ ਹੋਏ?

ਦੁਨੀਆ ਵਿਚ ਚਾਰ ਪ੍ਰਕਾਰ ਦੇ ਪ੍ਰਾਣੀ ਹਨ।

**1) ਮੂੜ :**

ਇਨ੍ਹਾਂ ਲਈ ਪ੍ਰਮਾਤਮਾ ਦਾ ਕੋਈ ਵਜੂਦ ਨਹੀਂ। ਇਹ ਪ੍ਰਮਾਤਮਾ ਦੀ ਹੋਂਦ ਨੂੰ ਹੀ ਨਹੀਂ ਮੰਨਦੇ। ਇਹ ਪ੍ਰਭੂ ਦਰਸਾਏ ਹੁਕਮ ਅਨੁਸਾਰ ਹੀ ਦੁੱਖ-ਸੁੱਖ ਪਾਂਦੇ ਹਨ, ਪਰ ਉਹ ਤੱਤ ਵੱਲ ਦੇਖਣਾ ਨਹੀਂ ਚਾਹੁੰਦੇ ਜਾਂ ਦੇਖ ਕੇ ਅਨਡਿਠ ਕਰਨਾ ਚਾਹੁੰਦੇ

ਹਨ। ਉਨ੍ਹਾਂ ਲਈ ਆਤਮਾ ਦੀ ਹੋਂਦ ਜਾਂ ਪ੍ਰਮਾਤਮਾ ਨੂੰ ਮਿਲਣ ਦੀ ਤਾਂਘ ਇਕ ਭਰਮ ਹੈ। ਉਨ੍ਹਾਂ ਲਈ ਸਤਿ ਜਾਨਣ ਦੀ ਕੋਈ ਜਿਗਿਆਸਾ ਨਹੀਂ। ਮੂੜ ਐਸਾ ਘੋੜਾ ਹੈ ਜਿਸ ਨੂੰ ਜਿੰਨਾ ਵੀ ਮਾਰੋ ਨਹੀਂ ਚਲਦਾ।

**2) ਅਗਿਆਨੀ :**

ਇਹ ਪ੍ਰਮਾਤਮਾ ਨੂੰ ਮੰਨਦੇ ਹਨ ਪਰ ਜਾਨਣ ਦੀ ਇੱਛਾ ਨਹੀਂ ਰੱਖਦੇ। ਇਨ੍ਹਾਂ ਲਈ ਕਿਤਾਬੀ ਗਿਆਨ ਹੀ ਕਾਫੀ ਹੈ। ਇਨ੍ਹਾਂ ਲਈ ਗੁਰਬਾਣੀ ਪੜ੍ਹ ਲੈਣਾ, ਸੁਣ ਲੈਣਾ, ਸੁਣਾ ਲੈਣਾ ਕਾਫੀ ਹੈ। ਇਨ੍ਹਾਂ ਲਈ ਗੁਰੂ ਜੀ ਕਹਿੰਦੇ ਹਨ ਕਿ ਪੜ੍ਹਣ ਦਾ ਕੋਈ ਲਾਭ ਨਹੀਂ ਜਦੋਂ ਤੱਕ ਕਿ ਇਕ ਇਕਾਈ ਨੂੰ ਨਹੀਂ ਪਛਾਣ ਲੈਂਦੇ। ਇਸ ਬਾਰੇ ਆਸਾ ਦੀ ਵਾਰ ਵਿਚ ਲੰਬਾ ਸ਼ਬਦ ਹੈ ਜਿਸ ਦੀ ਅਖੀਰਲੀ ਸਤਰ ਹੈ –

**ਪੜਿ ਪੜਿ ਗਡੀ ਲਦੀਅਹਿ**
**ਪੜਿ ਪੜਿ ਭਰੀਅਹਿ ਸਾਥ॥**
**ਪੜਿ ਪੜਿ ਬੇੜੀ ਪਾਈਐ**
**ਪੜਿ ਪੜਿ ਗਡੀਅਹਿ ਖਾਤ॥**
**ਪੜੀਅਹਿ ਜੇਤੇ ਬਰਸ ਬਰਸ**
**ਪੜੀਅਹਿ ਜੇਤੇ ਮਾਸ॥**
**ਪੜੀਐ ਜੇਤੀ ਆਰਜਾ**
**ਪੜੀਅਹਿ ਜੇਤੇ ਸਾਸ॥**
**ਨਾਨਕ ਲੇਖੈ ਇਕ ਗਲ**
**ਹੋਰੁ ਹਉਮੈ ਝਖਣਾ ਝਾਖ॥** **(ਅੰਗ ੪੬੭)**

ਜੇ ਉਸ ਨੂੰ ਕੋਈ ਸੱਚ ਦਸਣ ਵਾਲਾ ਮਿਲ ਵੀ ਜਾਏ ਤਾਂ ਵੀ ਉਹ ਉਸ ਨੂੰ ਸੁਨਣ ਨੂੰ ਤਿਆਰ ਨਹੀਂ –

**ਙੰਙਾ ਙਿਆਨੁ ਨਹੀ ਮੁਖ ਬਾਤਉ॥**
**ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ॥**

**(ਅੰਗ ੨੫੧)**

ਉਹ ਸਿੱਖੀ ਨੂੰ ਅਭਿਆਸ ਵਿਚ ਲਿਆਣ ਲਈ ਰਾਜ਼ੀ ਨਹੀਂ। ਉਹ ਹੋਰ ਤੋਂ ਹੋਰ ਸਵਾਲ ਪੁੱਛੀ ਜਾਏਗਾ। ਸਵਾਲਾਂ ਅੰਦਰ ਸਵਾਲ ਕਢੀ ਜਾਏਗਾ। ਗੁਰੂ ਦਾ ਜਵਾਬ ਹਲੀਂ ਖਤਮ ਨਹੀਂ ਹੁੰਦਾ ਕਿ ਉਸ ਦਾ ਅਗਲਾ ਸਵਾਲ ਤਿਆਰ ਹੁੰਦਾ ਹੈ। ਕਈ ਮੈਨੂੰ ਪੁਛਦੇ ਹਨ ਗੁਰੂ ਗ੍ਰੰਥ ਸਾਹਿਬ ਉਪਰ ਕਰਨ ਵਾਲੇ ਚੌਰ ਦਾ ਵਜ਼ਨ ਕਿੰਨਾ ਹੋਣਾ ਚਾਹੀਦਾ ਹੈ, ਸਾਈਜ਼ ਕੀ ਹੋਣਾ ਚਾਹੀਦਾ ਹੈ, ਪਾਲਕੀ ਦੀ ਕਿੰਨੀ ਲੰਬਾਈ ਚੌੜਾਈ ਹੋਣੀ ਚਾਹੀਦੀ ਹੈ, ਰੁਮਾਲੇ ਕਿਹੜੇ ਰੰਗ ਦੇ ਹੋਣੇ ਚਾਹੀਦੇ ਹਨ, ਆਦਿ। ਉਨ੍ਹਾਂ ਨੂੰ ਇਸ ਵਿਚ ਕੋਈ ਰੁਚੀ ਨਹੀਂ ਕਿ ਗੁਰਬਾਣੀ ਕੀ ਕਹਿੰਦੀ ਹੈ, ਉਸ ਨੂੰ ਕਮਾਣ ਲਈ ਉਹ ਕੀ ਕਰ ਰਹੇ ਹਨ। ਇੱਦਾਂ ਦੇ ਅਗਿਆਨੀ ਗਿਆਨੀ ਹੋਣ ਦਾ ਭਰਮ ਪਾਲੀ ਫਿਰਦੇ ਹਨ। ਇਹ ਖੁਜਲੀ ਦੇ ਬੀਮਾਰ ਹਨ। ਉਹ ਜਿੰਨਾ ਖੁਰਕਦੇ ਹਨ, ਉਸ ਨੂੰ ਹੋਰ ਖੁਰਕਣ ਦਾ ਜੀ ਕਰਦਾ ਹੈ। ਇਸ ਵਿਚ ਸੁੱਖ ਮਹਿਸੂਸ ਹੁੰਦਾ ਹੈ ਭਾਵੇਂ ਖੁਰਕ ਖੁਰਕ ਕੇ ਲਹੂ ਕੱਢ ਲੈਣ। ਉਹ ਇਲਾਜ਼ ਨਹੀਂ ਕਰਾਣਾ ਚਾਹੁੰਦੇ।

ਇਹੀ ਹਾਲ ਸਵਾਲ ਪੁਛਣ ਵਾਲਿਆਂ ਦਾ ਹੈ। ਉਨ੍ਹਾਂ ਨੂੰ ਸਵਾਲ ਪੁੱਛਣ ਵਿਚ ਹੀ ਸੁੱਖ ਮਿਲਦਾ ਹੈ ਅਸਲੀ ਸੁੱਖ ਦੀ ਉਨ੍ਹਾਂ ਨੂੰ ਚਾਹ ਨਹੀਂ। ਇਸ ਕਾਰਣ ਮਹਾਤਮਾ ਬੁਧ ਕਈ ਸਵਾਲਾਂ ਦੇ ਜਵਾਬ ਨਹੀਂ ਦੇਂਦੇ ਸਨ। ਪ੍ਰਸ਼ਨਕਰਤਾ ਸਮਝਦੇ ਸਨ ਕਿ ਬੁਧ ਨੂੰ ਇਨ੍ਹਾਂ ਦਾ ਜਵਾਬ ਨਹੀਂ ਆਂਦਾ ਕਿਉਂਕਿ ਬੁਧ ਕਹਿੰਦੇ ਹਨ ਕਿ ਜਵਾਬ ਆਪੇ ਲੱਭੋ। ਜਵਾਬ ਲੱਭਣ ਦਾ ਢੰਗ ਮੈਂ ਦਸ ਦਿਆਂਗਾ ਪਰ ਜਵਾਬ ਤੁਹਾਨੂੰ ਆਪੇ ਹੀ ਲੱਭਣਾ ਪਏਗਾ। ਇੱਦਾਂ ਦੇ ਸਵਾਲ ਪੁੱਛਣ ਵਾਲਿਆਂ ਨੂੰ ਗੁਰੂ ਜੀ ਕਾਂ ਕਹਿੰਦੇ ਹਨ ਅਤੇ ਇਨ੍ਹਾਂ ਦੀ ਬਕਵਾਸ ਨੂੰ ਚੁੰਚ ਗਿਆਨ, ਕਿਉਂਕਿ ਇਨ੍ਹਾਂ ਦੇ ਮਨ ਨਿਰਮਲ ਨਹੀਂ –

**ਜਗੁ ਕਊਆ ਮੁਖਿ ਚੁੰਚ ਗਿਆਨੁ॥**
**ਅੰਤਰਿ ਲੋਭੁ ਝੂਠੁ ਅਭਿਮਾਨੁ॥**

**(ਅੰਗ ੯੩੨)**

**ਅਗਿਆਨਿ ਅੰਧੇਰੈ ਸੂਝਸਿ ਨਾਹੀ**
**ਬਹੁੜਿ ਬਹੁੜਿ ਭਰਮਾਤਾ॥**

**(ਅੰਗ ੬੧੦)**

ਇਹ ਉਨ੍ਹਾਂ ਘੋੜਿਆਂ ਵਾਂਗ ਹਨ ਜਿਹੜੇ ਚਾਬਕ ਪੈਣ ਨਾਲ ਥੋੜ੍ਹਾ ਬਹੁਤ ਚਲ ਲੈਂਦੇ ਹਨ ਫਿਰ ਰੁਕ ਜਾਂਦੇ ਹਨ। ਇਹ ਆਪਣੀ ਅਗਿਆਨ ਅਵਸਥਾ ਛਡਣ ਨੂੰ ਤਿਆਰ ਨਹੀਂ।

**3) ਜਗਿਆਸੂ –**

ਇਹ ਜਾਨਣ ਦੇ ਇਛੁਕ ਹਨ। ਇਨ੍ਹਾਂ ਕੋਲ ਕੋਈ ਸਵਾਲ ਨਹੀਂ। ਇਨ੍ਹਾਂ ਦੀ ਆਪਣੀ ਪਹਿਲੀ ਬਣਾਈ ਹੋਈ ਕੋਈ ਧਾਰਨਾ ਨਹੀਂ ਹੁੰਦੀ। ਜੇ ਗੁਰੂ ਕੁਝ ਕਹਿੰਦਾ ਹੈ ਤਾਂ ਉਹ ਇਹ ਨਿਰਣੈ ਨਹੀਂ ਲੈਂਦੇ ਕਿ ਉਪਦੇਸ਼ ਸੱਚ ਹੈ ਜਾਂ ਝੂਠ। ਉਹ ਉਸ ਨੂੰ ਅਨੁਭਵ ਕਰਕੇ ਕੋਈ ਨਤੀਜਾ ਕੱਢਣਾ ਚਾਹੁੰਦੇ ਹਨ। ਬੁਧ ਇਕ ਸੱਚਾ ਜਗਿਆਸੂ ਸੀ। ਜਦੋਂ ਇਕ ਲਾਸ਼ ਦੇਖੀ ਤਾਂ ਉਸ ਦੇ ਮਨ ਵਿਚ ਪ੍ਰਸ਼ਨ ਉਠਿਆ ਕਿ ਕੀ ਮੈਂ ਵੀ ਲਾਸ਼ ਬਣਾਂਗਾ, ਲਾਸ਼ ਵਿਚ ਕੀ ਸੀ ਜਿਹੜਾ ਨਿਕਲ ਗਿਆ, ਕੀ ਉਸ ਨੂੰ ਪਛਾਣਿਆ

ਜਾ ਸਕਦਾ ਹੈ? ਇਨ੍ਹਾਂ ਸਵਾਲਾਂ ਦੇ ਉਤਰ ਜਾਨਣ ਲਈ ਉਸ ਨੇ ਆਪਣਾ ਰਾਜ-ਪਾਟ, ਘਰ-ਗ੍ਰਿਹਿਸਥੀ, ਵਿਆਹੁਤਾ- ਇਸਤ੍ਰੀ ਤੇ ਕੁਝ ਕੁ ਮਹੀਨਿਆਂ ਦਾ ਪੁੱਤਰ ਛੱਡ ਦਿੱਤਾ। ਉਹ ਕਈ ਗੁਰੂਆਂ ਕੋਲ ਗਿਆ ਅਤੇ ਉਨ੍ਹਾਂ ਨੇ ਜੋ ਜੋ ਦਸਿਆ ਉਹੀ ਉਹੀ ਕੀਤਾ।

ਗੁਰੂ ਅੰਗਦ ਦੇਵ ਜੀ (ਗੁਰੂ ਬਨਣ ਤੋਂ ਪਹਿਲਾਂ) ਗੰਗਾ ਇਸ਼ਨਾਨ ਕਰਦੇ ਸਨ ਅਤੇ ਮੂਰਤੀ ਪੂਜਦੇ ਸਨ। ਗੁਰੂ ਨਾਨਕ ਦੇਵ ਜੀ ਦੀ ਸ਼ਰਨ ਆਣ ਤੋਂ ਬਾਅਦ ਉਹ ਗੁਰੂ ਜੀ ਦੇ ਹੀ ਹੋ ਕੇ ਰਹਿ ਗਏ। ਕਾਫੀ ਸਮੇਂ ਤੱਕ ਘਰ ਨਹੀਂ ਗਏ ਅਤੇ ਬਾਅਦ ਵਿਚ ਆਪਣੇ ਕੰਮ-ਕਾਜ ਦਾ ਨਿਪਟਾਰਾ ਕਰਕੇ ਗੁਰੂ ਜੀ ਦੀ ਸੇਵਾ ਵਿਚ ਲੱਗ ਗਏ। ਅਤੇ ਗੁਰੂ ਦਾ ਹੁਕਮ ਕਮਾ ਕੇ ਗੁਰੂ ਵਰਗੇ ਹੀ ਬਣ ਗਏ। ਸਾਧਾਰਣ ਮੂਰਤੀ ਪੂਜਾ ਤੋਂ ਆਪ ਜੀ ਨਿਰੰਕਾਰ ਦੇ ਪੁਜਾਰੀ ਬਣ ਗਏ ਅਤੇ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਬਣੇ। ਜਗਿਆਸੂ ਇੱਦਾਂ ਦਾ ਹੁੰਦਾ ਹੈ। ਇਹ ਉਸ ਘੋੜੇ ਵਾਂਗ ਹੈ ਜਿਸ ਨੂੰ ਗੁਰ ਸ਼ਬਦ ਦੀ ਚਾਬੁਕ ਦਿਖਾਣਾ ਹੀ ਕਾਫੀ ਹੈ। ਉਹ ਆਪੇ ਹੀ ਦਰਸਾਏ ਰਾਹ ਤੇ ਤੁਰੀ ਜਾਂਦਾ ਹੈ।

**4) ਗਿਆਨੀ-ਸੰਤ –**

ਇਹ ਸਿਰਫ ਗਿਆਨ ਦੀਆਂ ਗੱਲਾਂ ਨਹੀਂ ਕਰਦਾ ਬਲਕਿ ਉਸ ਨੂੰ ਵੀ ਜਾਣਦਾ ਹੈ ਜਿਸ ਦੀਆਂ ਉਹ ਗੱਲਾਂ ਕਰ ਰਿਹਾ ਹੈ। ਉਹ ਮੰਗਵਾਂ ਗਿਆਨ ਨਹੀਂ ਦੇਂਦਾ ਬਲਕਿ ਆਪਣੇ ਅਨੁਭਵ ਤੋਂ ਬੋਲਦਾ ਹੈ। ਉਸ ਦੀ ਬਾਣੀ ਹੀ ਤੱਤ ਗਿਆਨ ਹੈ, ਉਸ ਦੇ ਸ਼ਬਦ ਹੀ ਧਰਮ ਹਨ। ਉਸ ਰਾਹੀਂ ਦਿੱਤਾ ਗਿਆਨ ਮੁਕਤ ਕਰਦਾ ਹੈ। ਉਹ ਨਾ ਆਪ ਬੱਝਾ ਹੈ ਨਾ ਆਪਣੇ ਸਿੱਖ ਨੂੰ ਬੰਨ੍ਹਦਾ ਹੈ। ਉਹ ਰਾਹ ਦਰਸਾ ਕੇ ਕਮਾਣ ਲਈ ਖੁਲ੍ਹਾ ਛੱਡ ਦੇਂਦਾ ਹੈ। ਉਹ ਸੁਰਗ ਤੇ ਉਥੇ ਦੀਆਂ ਅਪਸਰਾਵਾਂ ਦੀ ਗੱਲ ਨਹੀਂ ਕਰਦਾ। ਉਹ ਜੀਵਨ ਮੁਕਤ ਕਰਦਾ ਹੈ। ਗੁਰਬਾਣੀ ਦਸਦੀ ਹੈ –

**ਜੀਵਨ ਮੁਕਤਿ ਹਰਿ ਨਾਮੁ ਧਿਆਇਆ**
**ਹਰਿ ਰਾਖਿਆ ਉਰਿ ਧਾਰਿ॥**

**(ਅੰਗ ੧੨੫੯)**

**ਜੀਵਨ ਮੁਕਤ ਗੁਰਮਤੀ ਲਾਗੇ॥**
**ਹਰਿ ਕੀ ਭਗਤਿ ਅਨਦਿਨੁ ਸਦ ਜਾਗੇ॥**

**(ਅੰਗ ੧੨੬੨)**

**ਜੀਵਨ ਮੁਕਤੁ ਸੋ ਆਖੀਐ**
**ਜਿਸੁ ਵਿਚਹੁ ਹਉਮੈ ਜਾਇ॥**

**(ਅੰਗ ੧੦੦੯)**

**ਮਾਨ ਮੋਹ ਦੋਨੋ ਕਉ ਪਰਹਰਿ**
**ਗੋਬਿੰਦ ਕੇ ਗੁਨ ਗਾਵੈ॥**
**ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ**
**ਜੀਵਨ ਮੁਕਤਿ ਕਹਾਵੈ॥**

**(ਅੰਗ ੮੩੧)**

ਇਹ ਸੰਤ ਕਈ ਮਾਰਗਾਂ ਤੋਂ ਚਲ ਕੇ ਆਪਣੀ ਮੰਜ਼ਿਲ ਤੱਕ ਅਪੜਦੇ ਹਨ। ਆਮ ਕਰਕੇ ਤਿੰਨ ਮਾਰਗ ਮੰਨੇ ਜਾਂਦੇ ਹਨ – ਗਿਆਨ ਮਾਰਗ, ਕਰਮ ਮਾਰਗ ਤੇ ਭਗਤੀ ਮਾਰਗ। ਗਿਆਨ ਮਾਰਗ ਵਿਚ ਵਿਚਾਰ ਤੇ ਧਿਆਨ ਪ੍ਰਧਾਨ ਹਨ। ਵਿਚਾਰ ਬੰਦ ਹੋਣ ਨਾਲ ਧਿਆਨ ਲੱਗਦਾ ਹੈ ਤੇ ਧਿਆਨ ਬੰਦ ਹੋਣ ਨਾਲ ਆਤਮਾ ਦਿਸਦੀ ਹੈ। ਕਰਮ ਮਾਰਗ ਵਿਚ ਹਉ ਨਸ਼ਟ ਹੁੰਦੀ ਹੈ, ਮੈਂ-ਮੇਰਾ ਖਤਮ ਹੁੰਦਾ ਹੈ ਅਤੇ ਇਸ ਦੇ ਵਿਦਾ ਹੋਣ ਬਾਅਦ ਆਤਮਾ ਪ੍ਰਤੱਖ ਹੋ ਜਾਂਦੀ ਹੈ। ਭਗਤੀ ਮਾਰਗ ਵਿਚ ਭਾਉ ਪ੍ਰਧਾਨ ਹੈ। ਬਿਰਹਾ ਵਿਚ ਰੋਣਾ, ਮਿਲਣ ਲਈ ਬਿਹਬਲ ਹੋਣਾ, ਜੁਦਾਈ ਵਿਚ ਕੁਝ ਚੰਗਾ ਨਾ ਲੱਗਣਾ। ਸਿਰਫ ਪ੍ਰਮਾਤਮਾ ਦੀ ਤਾਂਘ ਹੀ ਸਭ ਕੁਝ ਹੋ ਜਾਂਦੀ ਹੈ। ਸਭ ਵਿਸਰ ਜਾਂਦਾ ਹੈ ਸਿਰਫ ਪਿਆਰੇ ਦੇ ਪ੍ਰੇਮ ਨੂੰ ਛੱਡ ਕੇ। ਸਿਰਫ ਇਕੋ ਇੱਛਾ ਬਚਦੀ ਹੈ। ਉਹ ਕਹਿੰਦੇ ਹਨ –

**ਰਾਜੁ ਨ ਚਾਹਉ ਮੁਕਤਿ ਨ ਚਾਹਉ**
**ਮਨਿ ਪ੍ਰੀਤਿ ਚਰਨ ਕਮਲਾਰੇ॥**
**ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ**
**ਮੋਹਿ ਠਾਕੁਰ ਹੀ ਦਰਸਾਰੇ॥**

**(ਅੰਗ ੫੩੪)**

ਦਵਾਈ ਉਹੀ ਹੈ ਪਰ ਗੁਰੂ ਸਿੱਖ ਦੀ ਮਨੋਦਸ਼ਾ ਦੇਖ ਕੇ ਉਸ ਨੂੰ ਦਵਾਈ ਖਾਣ ਦਾ ਰਾਹ ਦਸਦਾ ਹੈ। ਕਿਸੇ ਨੂੰ ਉਹੀ ਦਵਾਈ ਸ਼ਹਿਦ ਨਾਲ, ਦੁੱਧ ਨਾਲ ਜਾ ਪਾਣੀ ਨਾਲ ਖਾਣ ਲਈ ਦਸਦਾ ਹੈ। ਅਸਲੀ ਗੱਲ ਦਵਾਈ ਦੀ ਹੈ, ਦਵਾਈ ਲਿਜਾਣ ਵਾਲੇ ਮਾਧਿਅਮ ਦੀ ਨਹੀਂ। ਧਿਆਨ ਦਾ ਗੁਰੂ ਬੁਧ ਮਨ ਨੂੰ ਸ਼ਾਂਤ ਕਰਨ ਨੂੰ ਕਹਿੰਦਾ ਹੈ, ਭਗਤੀ ਦਾ ਗੁਰੂ ਨਾਰਦ ਬਿਰਹਾ ਦੀ ਅੱਗ ਨੂੰ ਪ੍ਰਚੰਡ ਕਰਨ ਲਈ ਦਸਦਾ ਹੈ ਅਤੇ ਗਿਆਨ ਦਾ ਗੁਰੂ ਅਸ਼ਟਵਕਰ ਕਹਿੰਦਾ ਹੈ ਸਿਰਫ ਜਾਨਣਾ ਕਾਫੀ ਹੈ, ਹੋਰ ਕੁਝ ਕਰਨ ਦੀ ਲੋੜ ਨਹੀਂ। ਸਿਰਫ ਜਾਗਣ ਦੀ ਲੋੜ ਹੈ। ਕੁਝ ਵੀ ਤਿਆਗਣਾ ਨਹੀਂ। ਪ੍ਰਭੂ ਪਾਇਆ ਹੀ ਹੋਇਆ ਹੈ। ਉਸ ਨੂੰ ਪਾਣ ਲਈ ਕੁਝ ਕਰਨ ਦੀ ਲੋੜ ਨਹੀਂ। ਸਿਰਫ

ਜਾਗ ਕੇ ਸਤਿ ਦੇਖਣ ਦੀ ਲੋੜ ਹੈ। ਗੁਰਬਾਣੀ ਵੀ ਕਹਿੰਦੀ ਹੈ –

**ਜਾਗਿ ਲੇਹੁ ਰੇ ਮਨਾ ਜਾਗਿ ਲੇਹੁ**
**ਕਹਾ ਗਾਫਲ ਸੋਇਆ॥**
**ਜੋ ਤਨੁ ਉਪਜਿਆ ਸੰਗ ਹੀ**
**ਸੋ ਭੀ ਸੰਗਿ ਨ ਹੋਇਆ॥ਰਹਾਉ॥**
**ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥**
**ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥**
**ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ॥**
**ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ॥**

**(ਅੰਗ ੭੨੬)**

ਬਸ ਇਸ ਤੱਤ ਨੂੰ ਜਾਗ ਕੇ ਦੇਖ ਲਉ ਆਪੇ ਹੀ ਸਾਰੇ ਬੰਧਨ ਛੁਟ ਜਾਂਦੇ ਹਨ ਤੇ ਮਨੁੱਖ ਪ੍ਰਮਾਤਮਾ ਦੇ ਰੂ-ਬ-ਰੂ ਹੋ ਜਾਂਦਾ ਹੈ। ਸਿਰਫ ਜਾਗਣਾ। ਪਰ ਅਸੀਂ ਸੁੱਤੇ ਨਹੀਂ ਹੋਏ ਬਲਕਿ ਮਚਲ ਮਾਰ ਕੇ ਸੁੱਤੇ ਪਏ ਹਾਂ। ਅਸੀਂ ਸੌਣ ਦਾ ਪਾਖੰਡ ਕਰ ਰਹੇ ਹਾਂ। ਜਿਹੜਾ ਸੁੱਤਾ ਹੋਵੇ ਉਸ ਨੂੰ ਜਗਾਇਆ ਜਾ ਸਕਦਾ ਹੈ। ਪਰ ਜਿਹੜਾ ਸੌਣ ਦਾ ਬਹਾਨਾ ਕਰੀ ਬੈਠਾ ਹੋਏ ਉਸ ਨੂੰ ਕਿੱਦਾਂ ਜਗਾਈਏ। ਜਾਗਦੇ ਨੂੰ ਕਿੱਦਾਂ ਜਗਾਈਏ।

ਇਸੇ ਕਾਰਣ ਜਾਗਣਾ ਕਠਿਨ ਹੈ ਭਾਵੇਂ ਸਿਰਫ ਜਾਗਣ ਨਾਲ ਹੀ ਮੁਕਤੀ ਮਿਲ ਸਕਦੀ ਹੈ। ਜਿੱਦਾਂ ਗੁਰੂ ਗੋਬਿੰਦ ਸਿੰਘ ਜੀ ਦਸਦੇ ਹਨ ਕਿ ਅਸੀਂ ਸ਼ੇਰ ਦੇ ਬੱਚੇ ਹਾਂ ਪਰ ਭੇਡਾਂ ਵਿਚ ਗੁੰਮ ਹੋ ਗਏ ਹਾਂ। ਜਿਨ੍ਹਾਂ ਪੰਜ ਪਿਆਰਿਆਂ ਸੀਸ ਭੇਟਾ ਕਰਨਾ ਕਬੂਲਿਆ, ਉਹ ਉਸੇ ਛਣ ਜਾਗ ਗਏ ਅਤੇ ਜਾਗਦੇ ਸਾਰ ਹੀ ਜੀਵਨ ਮੁਕਤ ਹੋ ਗਏ। ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾਣ ਲਈ ਹੋਰ ਕੁਝ ਨਹੀਂ ਕੀਤਾ, ਸਿਰਫ ਸੰਸਾਰਕ ਬੰਧਨਾਂ ਨੂੰ ਪਛਾਣ ਲਿਆ। ਪ੍ਰਮਾਤਮਾ ਦਾ ਦੁਆਰ ਤਾਂ ਖੁਲ੍ਹਾ ਹੀ ਰਹਿੰਦਾ ਹੈ। ਸਿਰਫ ਅੱਖਾਂ ਖੋਲ੍ਹਣ ਦੀ ਲੋੜ ਹੈ, ਉਹ ਤਾਂ ਸਾਮ੍ਹਣੇ ਹੀ ਹੈ। ਉਸ ਨੂੰ ਬਾਹਰ ਲੱਭੋਗੇ ਤਾਂ ਭਟਕ ਜਾਉਗੇ ਕਿਉਂਕਿ ਉਹ ਬਾਹਰ ਨਹੀਂ। ਕਿਸੇ ਦਾ ਬਟੂਆ ਘਰ ਵਿਚ ਹੀ ਗੁੰਮ ਗਿਆ। ਪਰ ਕਿਉਂਕਿ ਘਰ ਵਿਚ ਹਨੇਰਾ ਹੈ, ਉਹ ਆਪਣੇ ਬਟੂਏ ਨੂੰ ਬਾਹਰ ਸੜਕ ਦੀ ਰੌਸ਼ਨੀ ਵਿਚ ਲੱਭ ਰਿਹਾ ਹੈ।

ਠੀਕ ਹੈ ਘਰ ਵਿਚ ਹਨੇਰਾ ਹੈ, ਪਰ ਬਟੂਏ ਨੂੰ ਬਾਹਰ ਲੱਭਣ ਵਿਚ ਵੀ ਕੋਈ ਸਿਆਣਪ ਨਹੀਂ ਕਿਉਂਕਿ ਅਸੀਂ ਜਾਣਦੇ ਹਾਂ ਕਿ ਬਾਹਰ ਨਹੀਂ ਗੁਆਚਾ। ਇਹੀ ਹਾਲ ਸਾਡਾ ਪ੍ਰਭੂ ਦੀ ਤਲਾਸ਼ ਬਾਰੇ ਹੈ। ਅਸੀਂ ਜਾਣਦੇ ਹਾਂ ਉਹ ਪ੍ਰਮਾਤਮਾ ਅੰਦਰ ਆਤਮਾ ਦੇ ਨੇੜੇ ਹੀ ਹੈ। ਪਰ ਅੰਦਰਲੇ ਅਗਿਆਨ ਦੇ ਹਨੇਰੇ ਕਾਰਨ ਅਸੀਂ ਬਾਹਰ ਤਲਾਸ਼ ਕਰ ਰਹੇ ਹਾਂ। ਇਸੇ ਲਈ ਗੁਰੂ ਜੀ ਸਮਝਾਂਦੇ ਹਨ –

**ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ**
**ਤੋਹੀ ਸੰਗਿ ਸਮਾਈ॥੧॥ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ**
**ਮੁਕਰ ਮਾਹਿ ਜੈਸੇ ਛਾਈ॥**
**ਤੈਸੇ ਹੀ ਹਰਿ ਬਸੇ ਨਿਰੰਤਰਿ**
**ਘਟ ਹੀ ਖੋਜਹੁ ਭਾਈ॥੧॥**
**ਬਾਹਰਿ ਭੀਤਰਿ ਏਕੋ ਜਾਨਹੁ**
**ਇਹੁ ਗੁਰ ਗਿਆਨੁ ਬਤਾਈ॥**
**ਜਨ ਨਾਨਕ ਬਿਨੁ ਆਪਾ ਚੀਨੈ**
**ਮਿਟੈ ਨ ਭ੍ਰਮ ਕੀ ਕਾਈ॥**

**(ਅੰਗ ੬੮੪)**

ਗੁਰਬਾਣੀ ਰਾਹ ਦਰਸਾਂਦੀ ਹੈ। ਸਾਡੀ ਦ੍ਰਿਸ਼ਟੀ ਸਾਫ ਕਰਦੀ ਹੈ ਤਾਂਕਿ ਸਾਨੂੰ ਰਾਹ ਸਾਫ ਦਿਸਣ ਲੱਗੇ। ਇਹ ਘੋੜਾ ਮਾਲਕ ਦੇ ਕਦਮਾਂ ਨੂੰ ਸੁਣ ਕੇ ਆਪੇ ਚਲਣ ਲੱਗਦਾ ਹੈ। ਇਸ ਨੂੰ ਚਾਬੁਕ ਮਾਰਨ ਜਾਂ ਦਿਖਾਣ ਦੀ ਲੋੜ ਨਹੀਂ ਰਹਿੰਦੀ। ਲੋੜ ਹੈ ਸਿਰਫ ਇੰਨੀ ਹੀ ਹੈ ਕਿ ਅਸੀਂ ਗੁਰੂ ਵੱਲੋਂ ਦਰਸਾਏ ਰਾਹ ਤੇ ਚਲਣ ਦੇ ਗੁਣ ਗ੍ਰਹਿਣ ਕਰੀਏ। ਫਲ ਆਪੇ ਲੱਗੇਗਾ, ਆਪੇ ਹੀ ਆਤਮਾ ਪ੍ਰਮਾਤਮਾ ਨੂੰ ਮਿਲੇਗੀ। ਗੁਣਾਂ ਨੂੰ ਫਲ ਲੱਗਣ ਬਾਅਦ (ਫਲਗੁਨਿ) ਮਨ ਵਿਚ ਖੁਸ਼ੀ ਤੇ ਖੇੜਾ (ਰਹਸੀ) ਜਾਗਦਾ ਹੈ ਤੇ ਪ੍ਰੀਤਮ ਦਾ ਮੇਲ ਚੰਗਾ ਲੱਗਦਾ ਹੈ (ਸੁਭਾਇਆ)। ਇਸ ਮਿਲਾਪ ਦੀ ਘੜੀ ਵਿਚ ਜੀਵ ਰੂਪੀ ਇਸਤ੍ਰੀ ਕਹਿੰਦੀ ਹੈ –

**ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥**

ਇਸੇ ਖੁਸ਼ੀ ਨੂੰ ਗੁਰੂ ਅਰਜਨ ਦੇਵ ਜੀ ਰਾਗ ਮਾਝ ਵਿਚ ਇੱਦਾਂ ਪ੍ਰਗਟ ਕਰਦੇ ਹਨ –

**ਫਲਗੁਣਿ ਅਨੰਦ ਉਪਾਰਜਨਾ**
**ਹਰਿ ਸਜਣ ਪ੍ਰਗਟੇ ਆਇ॥**

**(ਅੰਗ ੧੩੬)**

❋❋❋

– ਜੋਗਿੰਦਰ ਸਿੰਘ ਸੇਠੀ
ਮੋਬਾਇਲ : 9833393536

## ਅਧਿਆਇ 6

# ਮਾਧੋਦਾਸ ਬੈਰਾਗੀ ਉਰਫ਼ ਬੰਦਾ ਸਿੰਘ ਬਹਾਦੁਰ



ਬਾਬਾ ਬੰਦਾ ਸਿੰਘ ਬਹਾਦੁਰ ਇਕ ਸਿੱਖ ਫ਼ੌਜੀ ਯੋਧਾ ਅਤੇ ਜਰਨੈਲ ਸੀ। ਸੰਨ 1708 ਦੇ ਸਿਤੰਬਰ ਦੇ ਮਹੀਨੇ ਵਿਚ ਗੁਰੂ ਗੋਬਿੰਦ ਸਿੰਘ ਜੀ ਇਸ ਨੂੰ ਗੋਦਾਵਰੀ ਦੇ ਕੰਢੇ ਵੱਸੇ ਨਾਂਦੇੜ ਸ਼ਹਿਰ ਵਿਚ ਪਹਿਲੀ ਵਾਰ ਮਿਲੇ। ਗੁਰੂ ਸਾਹਿਬ ਨੂੰ ਮਿਲਣ ਤੋਂ ਪਹਿਲਾਂ ਇਸ ਦਾ ਨਾਂਅ ਮਾਧੋਦਾਸ ਬੈਰਾਗੀ ਸੀ ਅਤੇ ਇਹ ਪਿਛਲੇ 16 ਸਾਲਾਂ ਤੋਂ ਸੰਨ 1692 ਤੋਂ ਨਾਂਦੇੜ ਸ਼ਹਿਰ ਵਿਚ ਆਪਣਾ ਡੇਰਾ ਬਣਾ ਕੇ ਰਹਿੰਦਾ ਸੀ।

ਗੁਰੂ ਸਾਹਿਬ ਦੀ ਆਯੂ ਓਦੋਂ 43 ਸਾਲਾਂ ਦੀ ਸੀ। ਬੰਦਾ ਸਿੰਘ ਓਦੋਂ 38 ਸਾਲਾਂ ਦਾ ਸੀ। ਗੁਰੂ ਸਾਹਿਬ ਤੋਂ ਪ੍ਰਭਾਵਤ ਹੋ ਕੇ ਇਹ ਸਾਧਪੁਣਾ ਤਿਆਗ ਕੇ ਗੁਰੂ ਸਾਹਿਬ ਦਾ ਸਿੱਖ ਸਜ ਗਿਆ ਅਤੇ ਉਸ ਦਾ ਨਾਂਅ ਵੀ ਬਦਲ ਕੇ ਬੰਦਾ ਸਿੰਘ ਹੋ ਗਿਆ। ਗੁਰੂ ਸਾਹਿਬ ਨੇ ਉਸ ਨੂੰ ਪੰਜਾਬ ਜਾ ਕੇ ਮੁਗਲ ਸਲਤਨਤ ਦੇ ਖਿਲਾਫ਼ ਉਸ ਹਥਿਆਰਬੰਦ ਜੱਦੋ-ਜਹਿਦ ਨੂੰ ਜਾਰੀ ਰੱਖਣ ਦਾ ਹੁਕਮ ਦਿੱਤਾ ਜੋ ਉਹ ਪਿਛਲੇ ਕਈ ਸਾਲਾਂ ਤੋਂ ਕਰ ਰਹੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ 5 ਅਕਤੂਬਰ 1708 ਈਸਵੀ ਨੂੰ ਨਾਂਦੇੜ ਤੋਂ ਉਤਰੀ ਭਾਰਤ ਵਲ ਰਵਾਨਾ ਕੀਤਾ। ਪਰ ਉਸ ਦੇ ਜਾਣ ਤੋਂ ਦੋ ਦਿਨ ਬਾਅਦ ਹੀ ਗੁਰੂ ਸਾਹਿਬ 7 ਅਕਤੂਬਰ 1708 ਨੂੰ ਨਾਂਦੇੜ ਵਿਚ ਹੀ ਜੋਤੀ ਜੋਤ ਸਮਾ ਗਏ।

ਸਿੱਖ ਸਜਣ ਤੋਂ ਬਾਅਦ ਬੰਦਾ ਸਿੰਘ ਸਿੱਖੀ ਸਿਦਕ, ਸਾਹਸ, ਸੂਰਬੀਰਤਾ ਅਤੇ ਕੁਰਬਾਨੀ ਦਾ ਮੁੱਜਸਮਾ ਅਤੇ ਜਗਦੀ ਜੋਤ ਸਾਬਤ ਹੋਇਆ। ਨਾਂਦੇੜ ਤੋਂ ਚਲ ਕੇ ਲੱਗਭੱਗ ਇਕ ਸਾਲ ਬਾਅਦ ਇਹ ਸੰਨ 1709 ਦੇ ਸਿਤੰਬਰ ਦੇ ਮਹੀਨੇ ਆਪਣੇ ਛੋਟੇ ਜੇਹੇ ਦਲ ਨਾਲ ਪੰਜਾਬ ਦੇ ਮਾਲਵੇ ਦੇ ਇਲਾਕੇ ਵਿਚ ਸਤਲੁਜ ਦਰਿਆ ਦੇ ਦੱਖਣ ਵਿਚ ਪਾਨੀਪਤ ਦੇ ਇਲਾਕੇ ਵਿਚ ਆ ਪਹੁੰਚਿਆ। ਇਸ ਨੇ ਹੌਲੀ ਹੌਲੀ ਮਾਝੇ, ਮਾਲਵੇ ਅਤੇ ਦੁਆਬੇ ਦੇ ਸਿੱਖਾਂ ਨੂੰ ਜਥੇਬੰਦ ਕਰ ਕੇ ਆਪਣੀ ਅਗਵਾਈ ਵਿਚ ਸਿੱਖਾਂ ਦੀ ਇਕ ਫ਼ੌਜ ਤਿਆਰ ਕੀਤੀ।

ਇਸ ਨੇ ਸੰਨ 1709 ਦੇ ਅੰਤ ਦੇ ਮਹੀਨਿਆਂ ਤੋਂ ਸ਼ੁਰੂ ਹੋ ਕੇ ਸੰਨ 1715 ਦੇ ਅੰਤ ਤੱਕ ਦੇ ਛੇ ਸਾਲਾਂ ਦੇ ਛੋਟੇ ਜੇਹੇ ਸਮੇਂ ਵਿਚ ਗੁਰੂ ਤੇਗ ਬਹਾਦੁਰ ਸਾਹਿਬ ਦੇ ਸਿਧਾਂਤ **'ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ॥'** ਉਤੇ ਚਲ ਕੇ ਹਿੰਦੁਸਤਾਨ ਦੇ ਮੁਗਲ ਰਾਜ ਦੇ ਹਿੰਦੁਸਤਾਨੀ ਰਿਆਇਆ ਉਤੇ ਹੁੰਦੇ ਜ਼ੁਲਮ ਅਤੇ ਅੱਤਿਆਚਾਰ ਦੇ ਵਿਰੁੱਧ ਹਥਿਆਰਬੰਦ ਜੱਦੋ-ਜਹਿਦ ਕੀਤੀ। ਪੰਜਾਬ ਵਿਚ ਮਾਝੇ, ਮਾਲਵੇ ਅਤੇ ਜਲੰਧਰ ਦੁਆਬ ਦੇ ਸਿੱਖਾਂ ਨੂੰ ਇਕਮੁੱਠ ਅਤੇ ਜਥੇਬੰਦ ਕੀਤਾ। ਇਸ ਸੰਘਰਸ਼ ਵਿਚ ਬੰਦਾ ਸਿੰਘ ਬਹਾਦੁਰ ਨੇ ਮਾਲਵੇ ਵਿਚ ਆਪਣੇ ਜਿੱਤੇ ਹੋਏ ਇਲਾਕਿਆਂ ਵਿਚੋਂ ਮੁਗਲ ਸ਼ਾਸਨ ਨੂੰ ਅਤੇ ਮੁਗਲਾਂ ਦੀ ਅਮਲਦਾਰੀ ਨੂੰ ਖਤਮ ਕਰ ਦਿੱਤਾ।

ਬੰਦਾ ਸਿੰਘ ਨੇ ਹਿੰਦੁਸਤਾਨ ਦੇ ਮੁਗਲ ਬਾਦਸ਼ਾਹ ਦੀ ਤਾਕਤਵਰ ਸ਼ਾਹੀ ਫ਼ੌਜ ਨਾਲ ਛੇ ਸਾਲ ਟੱਕਰ ਲਈ ਅਤੇ ਲੜਾਈਆਂ ਲੜੀਆਂ। ਸਰਹੰਦ ਦੇ ਤਾਕਤਵਰ ਮੁਗਲ ਫ਼ੌਜਦਾਰ ਵਜ਼ੀਰ ਖਾਂ ਦੀ ਕਮਾਨ ਥੱਲੇ ਸਰਹੰਦ ਦੇ ਨੇੜੇ ਲੜੀ ਗਈ ਚੱਪੜ ਚਿੜੀ ਦੀ ਘਮਾਸਾਣ ਲੜਾਈ ਵਿਚ ਬੰਦਾ ਸਿੰਘ ਦੀ ਫ਼ੌਜ ਨੇ ਵਜ਼ੀਰ ਖਾਂ ਦੀ ਕਮਾਨ ਥੱਲੇ ਲੜ ਰਹੀ ਮੁਗਲ ਸਲਤਨਤ ਦੀ ਸ਼ਾਹੀ ਫ਼ੌਜ ਨੂੰ ਕਰਾਰੀ ਹਾਰ ਦਿੱਤੀ ਤੇ ਗੁਰੂ ਪਰਿਵਾਰ ਅਤੇ ਸਿੱਖਾਂ ਦੇ ਘੋਰ ਕਸੂਰਵਾਰ ਵਜ਼ੀਰ ਖਾਂ ਨੂੰ ਉਸ ਦੇ ਕੀਤੇ ਗੁਨਾਹਾਂ ਦੀ ਸਜ਼ਾ ਦੇ ਕੇ ਉਸ ਦਾ ਸਿਰ ਲਾਹ ਕੇ ਉਸ ਨੂੰ ਮੌਤ ਦੇ ਘਾਟ

ਕਮੋਡੋਰ ਗੁਰਨਾਮ ਸਿੰਘ ਦੀ ਲਿਖੀ 'ਜਾ ਤੇਰਾ ਬੰਦਾ-ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦੁਰ' ਪੁਸਤਕ ਦੀ ਲੜੀ ਦੀ ਅਗਲੀ ਕਿਸ਼ਤ ਪੜ੍ਹੋ। ਇਹ ਲੜੀ ਸੀਸਗੰਜ ਪੱਤ੍ਰਿਕਾ ਦੇ ਸਿਤੰਬਰ 2022 ਦੇ ਅੰਕ ਤੋਂ ਆਰੰਭ ਹੋਈ ਸੀ। ਲੜੀ ਜੋੜਣ ਲਈ ਪਿਛਲੇ ਬਿਰਤਾਂਤ ਵਾਸਤੇ ਸੀਸ ਗੰਜ ਪੱਤ੍ਰਿਕਾ ਦਾ ਪਿਛਲੇ ਮਹੀਨੇ ਦਾ ਅੰਕ ਵੇਖੋ - ਸੰਪਾਦਕ

ਉਤਾਰਿਆ।

ਸਰਹੰਦ ਸ਼ਹਿਰ, ਜਿਸ ਵਿਚ ਫ਼ੌਜਦਾਰ ਵਜ਼ੀਰ ਖਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ, ਨੌਂ ਸਾਲ ਦੇ ਬਾਬਾ ਜੋਰਾਵਰ ਸਿੰਘ ਜੀ ਅਤੇ ਸੱਤ ਸਾਲ ਦੇ ਬਾਬਾ ਫ਼ਤਹਿ ਸਿੰਘ ਜੀ, ਨੂੰ ਜੀਂਦਿਆਂ ਕੰਧ ਵਿਚ ਚਿਣਵਾਇਆ ਸੀ ਅਤੇ ਕਤਲ ਕਰਵਾਇਆ ਸੀ, ਉਤੇ ਹਮਲਾ ਕਰ ਕੇ ਉਸ ਨੂੰ ਜਿੱਤਿਆ ਅਤੇ ਪੂਰੀ ਤਰ੍ਹਾਂ ਤਬਾਹ ਕੀਤਾ। ਪੰਜਾਬ ਵਿਚ ਬੰਦਾ ਸਿੰਘ ਬਹਾਦਰ ਦੀਆਂ ਫ਼ੌਜੀ ਕਾਰਵਾਈਆਂ ਛੇ ਸਾਲ ਜਾਰੀ ਰਹੀਆਂ ਅਤੇ ਇਹਨਾਂ ਤੋਂ ਮੁਗਲ ਸਲਤਨਤ ਏਨੀਂ ਤੰਗ ਆ ਚੁਕੀ ਸੀ ਅਤੇ ਆਤੁਰ ਹੋ ਗਈ ਸੀ ਕਿ ਉਹ ਹਰ ਹੀਲੇ ਬੰਦਾ ਸਿੰਘ ਬਹਾਦਰ ਦੀਆਂ ਫ਼ੌਜੀ ਕਾਰਵਾਈਆਂ ਨੂੰ ਠੱਲ ਪਾਉਣਾ ਚਾਹੁੰਦੀ ਸੀ।

ਸੰਨ 1710 ਦੇ ਨਵੰਬਰ ਦੇ ਮਹੀਨੇ ਵਿਚ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਦੱਖਣ ਤੋ ਮੁੜਿਆ ਅਤੇ ਖੁਦ ਫ਼ੌਜ ਲੈ ਕੇ ਬੰਦਾ ਸਿੰਘ ਨੂੰ ਫ਼ੜਣ ਲਈ ਚੜ੍ਹਿਆ ਪਰ ਸਵਾ ਸਾਲ ਆਪਣਾ ਪੂਰਾ ਤਾਣ ਲਾਉਣ ਦੇ ਬਾਵਜੂਦ ਉਸ ਨੂੰ ਨਾਕਾਮਯਾਬੀ ਹੀ ਹੱਥ ਲਗੀ। ਉਸ ਨੇ ਕੁਝ ਇਲਾਕੇ ਤਾਂ ਬੰਦਾ ਸਿੰਘ ਤੋਂ ਵਾਪਸ ਲੈ ਲਏ ਪਰ ਉਹ ਉਸ ਨੂੰ ਫ਼ੜ ਨ ਸਕਿਆ। ਬੰਦਾ ਸਿੰਘ ਅਤੇ ਉਸ ਦੀਆਂ ਫ਼ੌਜਾਂ ਦਾ ਪਿੱਛਾ ਕਰਦਿਆਂ ਮੁਗਲ ਬਾਦਸ਼ਾਹ ਆਪਣੀਆਂ ਅਤੇ ਆਪਣੀ ਫ਼ੌਜ ਦੀਆਂ ਬਾਰ ਬਾਰ ਹੁੰਦੀਆਂ ਹਾਰਾਂ ਅਤੇ ਨਾਕਾਮੀਆਂ ਤੋਂ ਹਤਾਸ਼ ਹੋ ਗਿਆ।

ਆਖਿਰ ਉਸ ਨੇ ਪੰਜਾਬ ਵਿਚ ਲਾਹੌਰ ਦੀ ਸੂਬੇਦਾਰੀ ਦੇ ਗੜ੍ਹ ਲਾਹੌਰ ਸ਼ਹਿਰ ਵਿਚ ਡੇਰਾ ਲਾ ਲਿਆ। ਚਿੰਤਾ, ਫ਼ਿਕਰ ਅਤੇ ਤਣਾਅ ਨਾਲ ਉਸ ਦੇ ਦਿਮਾਗ ਦਾ ਤੁਆਜ਼ਨ ਵਿਗੜ ਗਿਆ। ਬੇਤੁਕੇ ਹੁਕਮ ਅਤੇ ਹਾਸੋਹੀਣੇ ਸ਼ਾਹੀ ਫ਼ੁਰਮਾਨ ਜਾਰੀ ਕਰਨ ਲਗ ਪਿਆ। ਕਦੀ ਹੁਕਮ ਕਰਦਾ ਸ਼ਹਿਰ ਦੇ ਸਭ ਕੁੱਤੇ ਮਾਰ ਦਿਓ ਤੇ ਕਦੀ ਸ਼ਾਹੀ ਫ਼ੁਰਮਾਨ ਹੁੰਦਾ ਸ਼ਹਿਰ ਦੇ ਸਾਰੇ ਖੋਤੇ ਮਾਰ ਦਿਓ। ਉਸ ਦੇ ਬਾਵਲੇਪਨ ਦਾ ਸ਼ਾਹੀ ਵੈਦਾਂ ਅਤੇ ਹਕੀਮਾਂ ਨੇ ਵਾਹ ਲਗਦੀ ਇਲਾਜ ਕੀਤਾ ਪਰ ਉਸ ਦੀ ਹਾਲਤ ਸੁਧਰਨ ਦੀ ਥਾਂ ਸਗੋਂ ਹੋਰ ਵਿਗੜ ਗਈ। 68 ਸਾਲਾਂ ਦੇ ਬਾਦਸ਼ਾਹ ਬਹਾਦੁਰ ਸ਼ਾਹ ਨੂੰ ਨਾ ਕੋਈ ਦਵਾ ਕੰਮ ਆਈ ਅਤੇ ਨਾ ਕੋਈ ਦੁਆ। ਕੁਝ ਦਿਨ ਬੇਹੋਸ਼ ਅਤੇ ਬੇਸੁਰਤ ਰਹਿਣ ਤੋਂ ਬਾਅਦ 27 ਅਤੇ 28 ਫ਼ਰਵਰੀ 1712 ਈਸਵੀ ਵਿਚਲੀ ਰਾਤ ਨੂੰ ਲਾਹੌਰ ਵਿਚ ਬਾਦਸ਼ਾਹ ਬਹਾਦੁਰ ਸ਼ਾਹ ਦੀ ਮੌਤ ਹੋ ਗਈ।

ਬੰਦਾ ਸਿੰਘ ਦੇ ਬਹਾਦੁਰੀ ਦੇ ਕਾਰਨਾਮਿਆਂ ਅਤੇ ਉਸ ਦੀਆਂ ਫ਼ੌਜੀ ਮੁਹਿੰਮਾਂ ਨੇ ਹਿੰਦੁਸਤਾਨ ਵਿਚ ਮੁਗਲਾਂ ਦੇ ਰਾਜ ਦੀਆਂ ਨੀਹਾਂ ਹਿਲਾ ਦਿੱਤੀਆਂ। ਮੁਗਲ ਰਾਜ ਏਨਾਂ ਕਮਜ਼ੋਰ ਹੋ ਗਿਆ ਕਿ ਹਿੰਦੁਸਤਾਨ ਵਿਚ ਰਾਜਸੀ ਸੱਤਾ ਅਤੇ ਸਿਆਸਤ ਦੇ ਸਮੀਕਰਣ ਬਦਲ ਗਏ। ਅਗਲੇ ਕੁਝ ਸਾਲਾਂ ਵਿਚ ਹੀ ਦੱਖਣ ਅਤੇ ਮੱਧ ਹਿੰਦੁਸਤਾਨ ਵਿਚੋਂ ਮਰਹੱਟੇ ਮੁਗਲਾਂ ਤੇ ਹਾਵੀ ਹੋ ਗਏ ਅਤੇ ਮੁਗਲ ਸਲਤਨਤ ਦੀ ਤਾਕਤ ਸਦਾ ਲਈ ਜਾਂਦੀ ਰਹੀ। ਪੰਜਾਬ ਵਿਚ ਬੰਦਾ ਸਿੰਘ ਦੀਆਂ ਫ਼ੌਜੀ ਕਾਰਵਾਈਆਂ ਵਿਚੋਂ ਮਿਲੇ ਤਜਰਬਿਆਂ ਨੇ ਮਾਝੇ, ਮਾਲਵੇ ਤੇ ਬਿਸਤ ਦੁਆਬ ਵਿਚ ਸਿੱਖਾਂ ਨੂੰ ਮੁਗਲ ਸ਼ਾਹੀ ਫ਼ੌਜਾਂ ਨਾਲ ਲੜਾਈ ਕਰਨ ਲਈ ਹਥਿਆਰਬੰਦ ਫ਼ੌਜੀ ਸਿਪਾਹੀ ਬਣਨ ਦੀ ਜਾਚ ਸਿਖਾ ਦਿੱਤੀ। ਜਥੇਬੰਦ ਹੋ ਕੇ ਫ਼ੌਜੀ ਤੌਰ ਤਰੀਕਿਆਂ ਨਾਲ ਲੜਣ ਦੀ ਕਲਾ, ਕੌਸ਼ਲ ਅਤੇ ਹੁਨਰ ਵਿਚ ਨਿਪੁਣ ਕਰ ਦਿੱਤਾ। ਲੰਮੇ ਸਮੇਂ ਲਈ ਲੜਦਿਆਂ ਅਤੇ ਕਈ ਲੜਾਈਆਂ ਵਿਚ ਜਿੱਤ ਪ੍ਰਾਪਤ ਕਰ ਕੇ ਸਿੱਖਾਂ ਦਾ ਆਪਣੇ ਆਪ ਤੇ ਭਰੋਸਾ ਮਜ਼ਬੂਤ ਹੋ ਗਿਆ ਅਤੇ ਉਹਨਾਂ ਦੇ ਹੌਂਸਲੇ ਬੁਲੰਦ ਹੋ ਗਏ।

ਬੰਦਾ ਸਿੰਘ ਬਹਾਦੁਰ ਜੂਨ 1716 ਈਸਵੀ ਵਿਚ ਸ਼ਹੀਦ ਹੋ ਗਿਆ ਸੀ ਪਰ ਪੰਜਾਬ ਵਿਚ ਸਿੱਖਾਂ ਨੇ ਫ਼ਿਰ ਪਿਛਾਂਹ ਮੁੜ ਕੇ ਨਹੀਂ ਵੇਖਿਆ। ਬੰਦਾ ਸਿੰਘ ਬਹਾਦਰ ਤੋਂ ਬਾਅਦ ਅਗਲੇ ਪੰਜਾਹ ਸੱਠ ਸਾਲਾਂ ਵਿਚ ਜਮਨਾ ਦਰਿਆ ਤੋਂ ਸਿੰਧ ਦਰਿਆ ਤੱਕ ਦੇ ਪੰਜਾਬ ਵਿਚ ਸਿੱਖਾਂ ਨੇ 12 ਮਿਸਲਾਂ ਬਣਾ ਕੇ ਇਲਾਕੇ ਸਾਂਭ ਲਏ ਅਤੇ ਇਹਨਾਂ ਵਿਚ ਆਪਣੀ ਅਮਲਦਾਰੀ ਕਾਇਮ ਕਰ ਲਈ। ਇਹਨਾਂ ਮਿਸਲਾਂ ਨੂੰ ਇਕੱਠਿਆਂ ਕਰ ਕੇ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1800 ਵਿਚ ਪੰਜਾਬ ਵਿਚ ਸਿੱਖ ਰਾਜ ਕਾਇਮ ਕਰ ਦਿੱਤਾ ਜੋ ਅਗਲੇ 45 ਸਾਲ ਕਾਇਮ ਰਿਹਾ। ਬੰਦਾ ਸਿੰਘ ਬਹਾਦਰ ਬਾਰੇ ਅਸੀਂ ਹੋਰ ਵਿਸਥਾਰ ਨਾਲ ਅਗਾਂਹ ਪੜ੍ਹਾਂਗੇ। ਪਹਿਲਾਂ ਉਸ ਦੇ ਮੁਢਲੇ ਜੀਵਨ ਤੇ ਝਾਤ ਮਾਰ ਲੈਂਦੇ ਹਾਂ।

ਚਲਦੀ ਲੜੀ

(ਜਾ ਤੇਰਾ ਬੰਦਾ : ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ)
ਕਿਤਾਬ ਵਿਚੋਂ

❊❊❊

– ਕਮੋਡੋਰ ਗੁਰਨਾਮ ਸਿੰਘ
ਰਿਟਾਇਰਡ, ਇੰਡੀਅਨ ਨੇਵੀ
ਮੋਬਾਇਲ : 9818159944




### ਗੁਰਦਵਾਰਾ ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦਿਵਾਨ ਅਸਥਾਨ ਤੋਂ

# ਸ਼ਬਦ ਦੀ ਕਥਾ ਦਾ ਸੰਕਲਪ, ਮਕਸਦ ਤੇ ਮਹਾਤਮ

ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜੋ ਹੁਕਮਨਾਮਾ ਅੰਮ੍ਰਿਤ ਵੇਲੇ ਪਰਾਪਤ ਹੁੰਦਾ ਹੈ, ਉਸ ਦੀ ਕਥਾ ਗੁਰਦਵਾਰਾ ਮੰਜੀ ਸਾਹਿਬ ਦੇ ਦਿਵਾਨ ਅਸਥਾਨ ਤੋਂ, ਸਿੱਖ ਸੰਗਤ ਨੂੰ ਹਰ ਰੋਜ਼, ਸਵੇਰੇ 7.45 ਤੇ ਸਰਵਣ ਕਰਵਾਈ ਜਾਂਦੀ ਹੈ। ਇਹ ਮਹੱਤਵਪੂਰਨ ਹੈ ਕਿ ਇਸ ਦਾ ਸਿੱਧਾ ਪਰਸਾਰਨ ਪੀ.ਟੀ.ਸੀ (ਪੰਜਾਬੀ) ਟੀ.ਵੀ ਚੈਨਲ ਰਾਹੀਂ ਦੇਸ਼-ਵਿਦੇਸ਼ ਬੈਠੀਆਂ ਸਿੱਖ ਸੰਗਤਾਂ ਦੀ ਸਹੂਲਤ ਲਈ ਕਰਵਾਇਆ ਜਾਂਦਾ ਹੈ।ਇਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ, ਇੱਕ ਸੁਚਾਰੂ ਤੇ ਸ਼ਲਾਘਾਯੋਗ ਉਦਮ ਹੈ।

ਸ਼ਬਦ ਦੇ ਗਿਆਤਾ, ਪੰਥਕ ਰਵਾਇਤਾਂ ਤੇ ਗੁਰ ਇਤਿਹਾਸ ਦੇ ਖੋਜੀ ਤੇ ਗਿਆਨਵਾਨ ਕਥਾਵਾਚਕ, ਹਰ ਰੋਜ਼ ਸਵੇਰੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ ਪਰਾਪਤ ਹੁਕਮਨਾਮੇ ਦੇ ਸ਼ਬਦ ਦੀ ਕਥਾ ਦੀ ਸੇਵਾ ਨਿਭਾਉਂਦੇ ਹਨ। ਇਹ ਸੇਵਾ, ਉਨ੍ਹਾਂ ਨੂੰ ਵਾਰੀ ਸਿਰ, ਨਿਯਮ ਅਨੁਸਾਰ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਗ੍ਰੰਥੀ, ਸਿੰਘ ਸਾਹਿਬ ਵੱਲੋਂ, ਬੜੇ ਆਦਰ ਤੇ ਸਨਮਾਨ ਨਾਲ ਬਖਸ਼ੀ ਜਾਂਦੀ ਹੈ। ਮੰਜੀ ਸਾਹਿਬ ਦੇ ਦਿਵਾਨ ਅਸਥਾਨ ਤੇ 'ਹੁਕਮਨਾਮਾ' ਦੀ ਕਥਾ ਕਰਨ ਵਾਲਿਆਂ ਵਿੱਚ, ਸਤਿਕਾਰ ਯੋਗ ਸਿੰਘ ਸਾਹਿਬਾਨ ਸ੍ਰੀ ਦਰਬਾਰ

ਸਾਹਿਬ ਤੇ ਸਿੰਘ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਿਨਾਂ, ਹੋਰ ਬਹੁਤ ਸਾਰੇ ਇਤਿਹਾਸਕ ਗੁਰੂ ਘਰਾਂ ਵਿੱਚ ਸੇਵਾ ਨਿਭਾ ਰਹੇ ਮੁੱਖ ਗ੍ਰੰਥੀ ਸਾਹਿਬਾਨ ਜਾਂ ਦੇਸ਼ ਵਿਦੇਸ਼ ਵਿੱਚ ਕਥਾ ਦੀ ਸੇਵਾ ਨਿਭਾ ਰਹੇ, ਪ੍ਰਸਿੱਧ ਤੇ ਗੁਣਵਾਨ ਕਥਾਵਾਚਕ ਵੀ, ਵਿਸ਼ੇਸ਼ ਸੱਦੇ ਉੱਤੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜ ਕੇ ਕਥਾ ਦੇ ਮਹਾਤਮ ਵਿੱਚ ਹਾਜ਼ਰੀ ਭਰਦੇ ਹਨ।

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ ਕੀਤੇ ਗਏ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ, ਸਿੱਖ ਧਰਮ ਵਿੱਚ ਸ਼ਬਦ ਦੀ ਕਥਾ ਤੇ ਵਿਖਿਆਨ ਦੀ ਪ੍ਰਥਾ ਦਾ ਮੂਲ ਅਰੰਭ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਸਾਹਿਬ ਵਿਖੇ ਬਿਰਾਜਣ ਦੇ ਸਮੇਂ ਤੋਂ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਸਾਹਿਬ ਆਗਮਨ ਦਾ ਜ਼ਿਕਰ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਰਦੇ ਹਨ :

**ਫਿਰਿ ਬਾਬਾ ਆਇਆ ਕਰਤਾਰਪੁਰਿ**
**ਭੇਖੁ ਉਦਾਸੀ ਸਗਲ ਉਤਾਰਾ।**
**ਪਹਿਰਿ ਸੰਸਾਰੀ ਕਪੜੇ**
**ਮੰਜੀ ਬੈਠਿ ਕੀਆ ਅਵਤਾਰਾ।**
**ਉਲਟੀ ਗੰਗ ਵਹਾਈਓਨਿ**
**ਗੁਰ ਅੰਗਦੁ ਸਿਰਿ ਉਪਰਿ ਧਾਰਾ।**
**ਪੁਤਰੀ ਕਉਲੁ ਨ ਪਾਲਿਆ**
**ਮਨਿ ਖੋਟੇ ਆਕੀ ਨਸਿਆਰਾ।**
**ਬਾਣੀ ਮੁਖਹੁ ਉਚਾਰੀਐ**
**ਹੁਇ ਰੁਸਨਾਈ ਮਿਟੈ ਅੰਧਿਆਰਾ।**
**ਗਿਆਨ ਗੋਸਟਿ ਚਰਚਾ ਸਦਾ**
**ਅਨਹਦਿ ਸਬਦਿ ਉਠੇ ਧੁਨਕਾਰਾ।**
**ਸੋਦਰੁ ਆਰਤੀ ਗਾਵੀਐ**
**ਅੰਮ੍ਰਿਤ ਵੇਲੇ ਜਾਪ ਉਚਾਰਾ।**
**ਗੁਰਮੁਖਿ ਭਾਰ ਅਥਰਬਣਿ ਤਾਰਾ ॥੩੮॥**

**(ਵਾਰ ੩੮)**

ਇਹ ਬੜੀ ਰੌਚਕ ਸਾਖੀ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਕਰਤਾਰ ਸਾਹਿਬ ਵਿਖੇ ਪੁੱਜ ਕੇ ਖੇਤੀ ਕਰਨ ਲੱਗੇ ਤਦ ਹਰ ਰੋਜ਼ ਸ਼ਾਮ ਨੂੰ ਆਪ ਸ਼ਬਦ ਕੀਰਤਨ ਦੀ ਚੌਂਕੀ ਲਾਉਂਦੇ ਸਨ।ਇਸ ਸ਼ਬਦ ਚੌਂਕੀ ਵਿੱਚ ਹਾਜ਼ਰੀ ਭਰਨ ਵਾਲਿਆਂ ਵਿੱਚ, ਮੂਲਾ ਕੀੜ, ਪ੍ਰਿਥੀਮਲ, ਰਾਮਾ, ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਸੀਹਾਂ, ਫਿਰਣਾ, ਗੱਜਣ ਤੋਂ ਬਿਨਾਂ ਦੋ ਸਕੇ ਭਰਾ ਖੇਡਾ ਤੇ ਪ੍ਰਿਥਾ ਵੀ ਸ਼ਬਦ ਕੀਰਤਨ ਦੀ ਚੌਂਕੀ ਵਿੱਚ ਹਾਜ਼ਰੀ ਭਰਿਆ ਕਰਦੇ ਸਨ।ਇਨ੍ਹਾਂ ਦੋਹਵਾਂ ਭਰਾਵਾਂ ਨੇ ਇਕ ਦਿਨ ਸਤਗੁਰਾਂ ਪਾਸ ਅਰਜ਼ ਕੀਤੀ ਕਿ "ਮਾਹਰਾਜ ਸਾਨੂੰ ਇਹ ਬਾਣੀ, ਜੋ ਆਪ ਗਾਇਨ ਕਰਕੇ ਸਰਵਣ ਕਰਵਾਉਂਦੇ ਹੋ, ਇਸਦੀ ਕੋਈ ਸਮਝ ਨਹੀਂ ਪੈਂਦੀ, ਆਪ ਕ੍ਰਿਪਾ ਕਰੋ, ਸਾਡੇ ਵਰਗਿਆਂ ਲਈ ਇਸ ਨੂੰ ਸਰਲ ਕਰਕੇ ਸਮਝਾਵਣ ਦੀ ਬਖਸ਼ਿਸ਼ ਕਰੋ" ਤਦ ਉਨ੍ਹਾਂ ਦੋ ਸਿੱਖਾਂ ਦੀ ਅਰਜ਼ ਬੇਨਤੀ ਪਰਵਾਨ ਕਰਕੇ ਸਤਿਗੁਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਸ਼ਬਦ ਦੀ ਕਥਾ ਤੇ ਵਿਖਿਆਨ ਦੇ ਮਹਾਤਮ ਦਾ ਅਰੰਭ ਕੀਤਾ। ਉਸ ਤੋਂ ਬਾਅਦ ਫੇਰ ਕਥਾ ਦੀ ਮਰਿਆਦਾ ਦਾ ਪ੍ਰਵਾਹ ਨਿਰੰਤਰ ਚਲਦਾ ਆਇਆ।

ਗੁਰਦਵਾਰਾ ਮੰਜੀ ਸਾਹਿਬ (ਸ੍ਰੀ ਅੰਮ੍ਰਿਤਸਰ) ਦੇ ਪਵਿੱਤਰ ਅਸਥਾਨ ਤੋਂ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਆਪ ਕਥਾ ਕਰਦੇ ਸਨ। ਇਸੇ ਅਸਥਾਨ ਤੇ ਪੰਜਵੇ ਪਾਤਸ਼ਾਹ ਨੇ ਬਾਰਹ ਮਾਹਾ ਮਾਂਝ ਮਹਲਾ ਪੰਜਵਾਂ ਘਰੁ ਚੌਥਾ ਦੇ ਸ਼ਬਦ :

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥**
**ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥**

**(ਅੰਗ ੧੩੩)**

ਦਾ ਉਚਾਰਨ ਕੀਤਾ ਤੇ ਉਸ ਸ਼ਬਦ ਦੀ ਕਥਾ ਤੇ ਵਿਖਿਆਨ ਵੀ ਕੀਤਾ । ਇਹ ਸ਼ਬਦੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 133 ਉੱਤੇ ਸੁਭਾਇਮਾਨ ਹੈ। ਇੱਥੇ ਹੀ ਗੁਰੂ ਜੀ ਨੇ ਸ਼ਬਦ ਦੀ ਕਥਾ ਦੇ ਮਹਾਤਮ ਨੂੰ ਰਾਗ ਗਉੜੀ ਵਿੱਚ ਇਸ ਤਰ੍ਹਾਂ ਦਰਸਾਇਆ ਹੈ :

**ਸਭ ਤੇ ਊਤਮ ਹਰਿ ਕੀ ਕਥਾ॥**
**ਨਾਮ ਸੁਨਤ ਦਰਦ ਦੁਖ ਲਥਾ॥**
**ਨਾਮ ਕੀ ਮਹਿਮਾ ਸੰਤ ਰਿਦ ਵਸੈ॥**
**ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥**
**ਸੰਤ ਕਾ ਸੰਗੁ ਵਡਭਾਗੀ ਪਾਈਐ॥**
**ਸੰਤ ਕੀ ਸੇਵਾ ਨਾਮੁ ਧਿਆਈਐ॥**
**ਨਾਮ ਤੁਲਿ ਕਛੁ ਅਵਰੁ ਨ ਹੋਇ॥**
**ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥**

**(ਅੰਗ ੨੬੫)**

(ਅਰਥਾਤ : ਵਾਹਿਗੁਰੂ ਦੀ ਗਿਆਨ ਗੋਸ਼ਟ ਸਾਰਿਆਂ ਤੋਂ ਸ੍ਰੇਸ਼ਟ ਹੈ। ਨਾਮ ਦੀ ਮਹਿਮਾਂ ਨੂੰ ਸ੍ਰਵਣ ਕਰਨ ਨਾਲ ਸਭ ਦੁੱਖ ਦਰਦ ਤੇ ਪੀੜਾ ਦੂਰ ਹੋ ਜਾਂਦੇ ਹਨ। ਸਬਦ ਦੀ ਉਸਤਤੀ

ਸਾਧੂ ਮਨਾਂ ਵਿੱਚ ਵੱਸਦੀ ਹੈ, ਸਾਧੂ ਅਤੇ ਸੰਤਾਂ ਦੇ ਤਪ ਤੇਜ ਕਾਰਨ, ਪਾਪ ਦੂਰ ਹੋ ਜਾਂਦੇ ਹਨ।ਸੰਤ ਅਤੇ ਸਾਧੂ ਜਨਾਂ ਦੀ ਸੰਗਤ ਕੇਵਲ ਵੱਡੇ ਭਾਗਾਂ ਨਾਲ ਨਸੀਬ ਹੁੰਦੀ ਹੈ।ਸਾਧੂਆਂ ਦੀ ਟਹਿਲ ਸੇਵਾ ਦੁਆਰਾ ਨਾਮ ਦੇ ਸਿਮਰਨ ਦਾ ਸਬੱਬ ਬਣਦਾ ਹੈ। ਵਾਹਿਗੁਰੂ ਦੇ ਨਾਮ ਬਰਾਬਰ ਸੰਸਾਰ ਵਿੱਚ ਹੋਰ ਕੋਈ ਚੀਜ਼ ਨਹੀਂ। ਹੇ ਨਾਨਕ, ਕੋਈ ਵਿਰਲੇ ਮਨੁੱਖ ਹੀ ਗੁਰਾਂ ਦੇ ਰਾਹੀਂ ਨਾਮ ਨੂੰ ਪਰਾਪਤ ਕਰਦੇ ਹਨ)

ਗੁਰਦਵਾਰਾ ਮੰਜੀ ਸਾਹਿਬ ਦੇ ਦਿਵਾਨ ਅਸਥਾਨ ਤੋਂ ਭਾਈ ਗੁਰਦਾਸ ਜੀ ਵੀ ਲੰਬਾ ਸਮਾਂ ਸ਼ਬਦ ਦੀ ਕਥਾ ਅਤੇ ਵਿਖਿਆਨ ਪ੍ਰਸਤੁਤ ਕਰਦੇ ਰਹੇ ਹਨ। ਦਸਮ ਪਾਤਸ਼ਾਹ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਨੇ ਵੀ ਸ੍ਰੀ ਦਮਦਮਾ ਸਾਹਿਬ ਵਿਖੇ, ਪੋਥੀ ਸਾਹਿਬ ਦੀ ਅੰਤਮ ਸੰਪਾਦਨਾ ਸਮੇਂ, ਜੋ ਨੌਵੀਂ ਪਾਤਸ਼ਾਹੀ ਗੁਰੁ ਤੇਗ ਬਹਾਦਰ ਜੀ ਦੇ 57 ਸਲੋਕ ਪੋਥੀ ਸਾਹਿਬ ਵਿੱਚ ਸ਼ਾਮਲ ਕੀਤੇ ਹਨ ਉਨ੍ਹਾਂ ਦੀ ਕਥਾ ਤੇ ਸ਼ਬਦ ਅਰਥ ਵੀ ਗੁਰੁ ਦਸਮ ਪਾਤਸ਼ਾਹ ਨੇ ਆਪਣੇ ਮੁਬਾਰਿਕ ਮੁਖਾਰਬਿੰਦ ਤੋਂ, ਦਮਦਮਾ ਸਾਹਿਬ ਵਿਖੇ ਮੌਜੂਦ 48 ਸਿੰਘਾਂ ਨੂੰ ਸਰਵਣ ਕਰਵਾਏ ਸਨ । ਉਨ੍ਹਾਂ ਸੁਭਾਗੇ ਸਿੰਘਾਂ ਵਿੱਚ ਭਾਈ ਮਨੀ ਸਿੰਘ ਜੀ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਭਾਈ ਗੁਰਬਖਸ਼ ਸਿੰਘ ਜੀ ਆਦਿ ਸ਼ਾਮਲ ਸਨ।

ਇਸ ਉਪਰੰਤ ਸ੍ਰੀ ਦਮਦਮਾ ਸਾਹਿਬ ਵਿਖੇ ਕਥਾ ਦੀ ਸੇਵਾ ਭਾਈ ਮਨੀ ਸਿੰਘ ਜੀ ਨਿਭਾਉਂਦੇ ਰਹੇ ਹਨ ਅਤੇ ਇਹ ਸੇਵਾ, ਉਨ੍ਹਾਂ ਨੇ ਗੁਰੁ ਕੇ ਮਹਿਲਾਂ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਵੱਲੋਂ, ਸ੍ਰੀ ਹਰਿਮੰਦਰ ਸਾਹਿਬ, ਦਰਬਾਰ ਸਾਹਿਬ ਦੇ ਗ੍ਰੰਥੀ ਥਾਪੇ ਜਾਣ ਤੋਂ ਬਾਅਦ, ਗੁਰਦਵਾਰਾ ਮੰਜੀ ਸਾਹਿਬ ਦੇ ਦਿਵਾਨ ਅਸਥਾਨ ਤੋਂ, ਬੰਦ ਬੰਦ ਕਟਵਾ ਕੇ ਸ਼ਹਾਦਤ ਦੇਣ ਦੇ ਆਖਰੀ ਸਮੇਂ ਤੱਕ ਜਾਰੀ ਰੱਖੀ। ਇੱਥੇ ਇਹ ਵਰਨਣ ਯੋਗ ਹੈ ਕਿ ਭਾਈ ਗੁਰਬਖਸ਼ ਸਿੰਘ ਜੀ ਨੇ ਸ਼ਬਦ ਦੀ ਕਥਾ ਤੇ ਵਿਖਿਆਨ ਦੀ ਦੀਖਿਆ ਭਾਈ ਮਨੀ ਸਿੰਘ ਜੀ ਪਾਸੋਂ ਪਰਾਪਤ ਕੀਤੀ ਸੀ ਅਤੇ ਭਾਈ ਸੂਰਤ ਸਿੰਘ ਜੀ ਨੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਅਰਥ ਤੇ ਉਨ੍ਹਾਂ ਦੀ ਵਿਅਖਿਆ ਦਾ ਗੁਣ ਤੇ ਗਿਯਾਨ, ਭਾਈ ਗੁਰਬਖ਼ਸ਼ ਸਿੰਘ ਜੀ ਪਾਸੋਂ ਗ੍ਰਹਿਣ ਕੀਤਾ ਸੀ। ਇਸ ਜਾਣਕਾਰੀ ਦੇ ਤੱਥ, 'ਕਬਿੱਤ ਭੇਦਾਵਲੀ' ਵਿੱਚ ਇਸ ਤਰ੍ਹਾਂ ਅੰਕਿਤ ਹਨ :

ਮਨੀ ਸਿੰਘ ਜੀ ਕ੍ਰਿਪਾ ਕਰਿ ਸੁਚ ਸੇਵਕ ਨਿਜ ਜਾਨ॥
ਸ੍ਰੀ ਗੁਰਬਖ਼ਸ਼ ਮ੍ਰਿਗੇਸ਼ ਕੌ ਅਰਥ ਪਢਾਏ ਮਾਨ॥
ਤਿਨ ਤੇ ਸੂਰਤ ਸਿੰਘ ਜੀ ਪਢੇ ਪ੍ਰੀਤਿ ਅਤਿ ਧਾਰਿ॥
ਗਯਾਨੀ ਸੰਗਯਾ ਜਗਤ ਮੈਂ ਵਿਦਤ ਭਈ ਸੁ ਅਪਾਰ॥
ਤਿਨ ਕੇ ਦ੍ਵੈ ਸੁਤ ਪ੍ਰਗਟ ਇਕ ਸ੍ਰੀ ਗੁਰਦਾਸ ਮ੍ਰਿਹੇਸ਼॥
ਸੰਤ ਸਿੰਘ ਗਯਾਨੀ ਦੁਤੀ ਮਨੌ ਵਯਾਸ ਜਸ ਏਸ॥
ਸੁਧਾਸਰੇ ਹਰੀ ਮੰਦਰੇ ਕਥਾ ਰੀਤਿ ਗੁਰ ਗ੍ਰੰਥ॥
ਬਾਸੁਰ ਚਤੁਰਥ ਜਾਮ ਮੈਂ ਸ੍ਰੋਤਾ ਸੁਨਿ ਸਭ ਪੰਥ॥

(ਕਵਿਤ ਭੇਦਾਵਲੀ)

ਉਪਰੋਕਤ ਦੀ ਦ੍ਰਿਸ਼ਟੀ ਵਿੱਚ, ਇਸ ਨਿਬੰਧ ਦਾ ਸਮੁੱਚਾ ਪ੍ਰਚਲਨ ਸੱਖਣਾ ਰਹੇਗਾ ਜੇ ਸ਼ਬਦ ਦੀ ਕਥਾ ਦੇ ਪ੍ਰਸੰਗ ਵਿੱਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ, ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਲੌਢੇ ਪਹਿਰ ਕਥਾ ਕਰਨ ਵਾਲੇ, ਮਹਾਨ ਕਥਾਕਾਰ ਗਿਯਾਨੀ ਭਾਈ ਸੰਤ ਸਿੰਘ ਜੀ ਦਾ ਜ਼ਿਕਰ ਨਾ ਕੀਤਾ ਜਾਵੇ ।

ਉਕਤ ਦਰਜ ਹਵਾਲੇ ਅਨੁਸਾਰ ਗਿਆਨੀ ਸੂਰਤ ਸਿੰਘ ਜੀ ਦੇ ਦੋ ਪੁੱਤਰ, ਭਾਈ ਗੁਰਦਾਸ ਸਿੰਘ ਤੇ ਭਈ ਸੰਤ ਸਿੰਘ ਜੀ ਸਨ। ਭਾਈ ਸੰਤ ਸਿੰਘ ਇੱਕ ਤਕੜੇ ਜੋਧਾ ਪੁਰਖ ਸਨ ਤੇ ਆਪ ਨੇ ਮਾਹਰਾਜਾ ਰਣਜੀਤ ਸਿੰਘ ਦੀ ਕਿਸੇ ਔਖੇ ਸਮੇਂ, ਮੈਦਾਨੇ ਜੰਗ ਵਿੱਚ ਇਮਦਾਦ ਕੀਤੀ ਸੀ, ਜਿਸ ਕਾਰਨ ਮਾਹਰਾਜਾ ਰਣਜੀਤ ਸਿੰਘ ਆਪ ਦਾ ਬਹੁਤ ਸਨਮਾਨ ਕਰਦੇ ਸਨ। ਜਦੋਂ ਆਪ ਦੇ ਵੱਡੇ ਭਰਾਤਾ ਭਾਈ ਗੁਰਦਾਸ ਸਿੰਘ ਜੋ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਕਰਦੇ ਸਨ, ਚੜ੍ਹਾਈ ਕਰ ਗਏ, ਤਦ ਆਪ ਜੀ ਨੇ ਆਪਣੇ ਆਪ ਨੂੰ ਸਦਾ ਲਈ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਵਿੱਚ ਸਮਰਪਤ ਕਰਕੇ, ਧਰਮ ਵਿਦਿਆ, ਕਥਾ ਤੇ ਧਰਮ ਪ੍ਰਚਾਰ ਦਾ ਜੀਵਨ ਧਾਰਨ ਕਰ ਲਿਆ।

ਭਾਈ ਸੰਤ ਸਿੰਘ ਜੀ 'ਗਿਯਾਨੀ ਸੰਤ ਸਿੰਘ' ਦੇ ਨਾਮ ਤੋਂ ਪ੍ਰਸਿੱਧ ਹੋਏ। ਜਿੱਥੇ ਆਪ ਸ੍ਰੀ ਦਰਬਾਰ ਸਾਹਿਬ ਵਿੱਚ, ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਕਥਾ, ਲੌਢੇ ਪਹਿਰ ਕਰਿਆ ਕਰਦੇ ਸਨ, ਇਸ ਤੋਂ ਬਿਨਾਂ ਦੂਸਰਾ ਕੰਮ ਆਪ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਲਈ ਸੋਨੇ ਦੀ ਸੇਵਾ ਕਰਵਾਉਂਣ ਦਾ ਕਰਦੇ ਹੁੰਦੇ ਸਨ। ਇਸਦੇ ਪਰਮਾਣ ਵੱਜੋਂ ਸ੍ਰੀ ਦਰਬਾਰ ਸਾਹਿਬ ਦੀ ਪੂਰਬੋਤ੍ਰੀ ਬਾਹੀ ਤੇ ਨਿਮਨ ਦਰਜ, ਇਕ ਖੁਤਬਾ ਲਿਖਿਆ ਹੋਇਆ ਹੈ :

"ਸੇਵਾ ਸ੍ਰੀ ਗੁਰੁ ਰਾਮਦਾਸ ਜੀ ਕੀ ਸ੍ਵਰਨ ਕੀ ਅਰ ਸੰਗ ਸੁਪੇਦ ਕੀ ਬਡਭਾਗੀ ਜਾਣਕੇ ਸ੍ਰੀ ਮਾਹਰਾਜਾ ਰਣਜੀਤ ਸਿੰਘ ਜੀ ਸੌਂ ਕਰਾਈ ਮਾਰਫਤ ਸ੍ਰੀ ਭਾਈ ਸੰਤ ਸਿੰਘ ਗਯਾਨੀ ਜੀ ਕੀ"

ਇੱਥੇ ਇੱਕ ਹੋਰ ਜਾਣਕਾਰੀ ਵੀ ਵਰਨਣ ਯੋਗ ਹੈ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨ ਦੇ ਗੁਣ ਦੀ ਮਹਾਨ ਕੁਸ਼ਲਤਾ ਤੇ ਅਧਿਆਤਮਕ ਬੋਧ ਤੋਂ ਇਲਾਵਾ, ਆਪ ਸਿੱਖ ਪੰਥ ਦੇ ਚੂੜਾਮਣੀ ਕਵੀ ਭਾਈ ਸੰਤੋਖ ਸਿੰਘ ਜੀ ਦੇ 'ਵਿਦਯਾ ਦਾਤਾ' ਵੀ ਸਨ।

ਉਪਰੋਕਤ ਬਿਰਤਾਂਤ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਘਰ ਵਿੱਚ 'ਸ਼ਬਦ' ਦੀ ਕਥਾ ਤੇ ਵਿਖਿਆਨ ਦੀ ਪੱਧਤੀ, ਲਗਪਗ 500 ਸਾਲ ਤੋਂ ਚਲੀ ਆ ਰਹੀ ਹੈ।ਸਿੱਖ ਧਰਮ ਦੇ ਪਰਚਾਰ ਅਤੇ ਪਰਸਾਰ ਵਾਸਤੇ, ਸਿੱਖ ਧਰਮ ਦੀ ਫਿਲਾਸਫ਼ੀ ਦੇ ਅਨੁਰੂਪ, ਸ਼ਬਦ ਦੀ ਕਥਾ ਅਤੇ ਸ਼ਬਦ-ਵਿਚਾਰ ਦੇ ਨਿਰੰਤਰ ਪ੍ਰਵਾਹ, ਦਾ ਮਕਸਦ ਏਹੀ ਹੁੰਦਾ ਹੈ ਕਿ ਸਿੱਖ ਸੰਗਤ ਦੇ ਮਨ ਤੱਕ ਸ਼ਬਦ ਦਾ ਭਾਵ ਸਹੀ ਰੂਪ ਵਿੱਚ ਸਮਾ ਸਕੇ। ਇਸ ਲਈ ਗੁਰਮਤ ਸਿਧਾਂਤ ਵਿੱਚ ਨਿਪੁੰਨ ਕਥਾਕਾਰਾਂ ਤੇ ਸਾਖੀਕਾਰਾਂ ਦੀ ਸਾਖੀ-ਕਲਾ ਰਾਹੀਂ, ਧਰਮ ਦੇ ਜਗਿਆਸੂਆਂ ਦੀ ਰੂਹ ਤੱਕ ਅੱਪੜਨ ਲਈ, ਕਥਾ-ਵਿਚਾਰ, ਇਕ ਸਮਾਂ-ਅਜਮਾਇਸ਼ੀ ਵਸੀਲਾ ਤੇ ਕਰਮਵਾਦੀ ਪ੍ਰਣਾਲੀ ਹੈ। ਸਿੱਖ ਧਰਮ ਦੇ ਪ੍ਰਚਾਰ ਤੇ ਪਰਸਾਰ ਲਈ, ਸ਼ਬਦ ਦੀ ਕਥਾ ਤੇ ਵਿਖਿਆਨ ਦੀ ਵਿਧੀ ਨੂੰ, ਵਕਤ ਦੀ ਨਜ਼ਾਕਤ ਅਨੁਸਾਰ, ਡੂੰਘੇ ਅਧਿਅਨ ਤੇ ਮਸ਼ੱਕਤੀ ਮੁਹਾਰਤ ਦੀ ਸਾਧਨਾ ਨਾਲ, ਹੋਰ ਵਧੇਰੇ, ਸੰਵਾਰਨ, ਨਿਖਾਰਨ ਤੇ ਤਰਕ-ਸੰਗਤ ਬਣਾ ਕੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਯੋਗ ਕਰਨ ਦੀ ਲੋੜ ਹੈ।

ਸਿੱਖ ਧਰਮ ਦਾ ਸ਼ੁਮਾਰ, ਅੱਜ ਇੱਕ ਵਿਸ਼ਵ-ਵਿਆਪੀ ਧਰਮ ਦੀ ਸ਼੍ਰੇਣੀ ਵਿੱਚ ਹੋ ਚੁੱਕਾ ਹੈ। ਇਸਦੀ ਹਜ਼ੂਰੀ ਹਾਜ਼ਰੀ ਗੁਰਦਵਾਰਾ ਸਾਹਿਬਾਨ ਦੇ ਰੂਪ ਵਿੱਚ, ਵਿਸ਼ਵ ਦੇ ਲਗਪਗ ਹਰ ਦੇਸ਼ ਵਿੱਚ ਮੌਜੂਦ ਹੈ। ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ, ਜਿੱਥੇ ਗੁਰਦਵਾਰਾ ਸਾਹਿਬ ਤੇ ਕੇਸਰੀ ਨਿਸ਼ਾਨ ਸਾਹਿਬ ਨਜ਼ਰੀ ਪੈਂਦਾ ਹੈ, ਇਹ ਖਾਲਸਾਈ ਚਿੰਨ, ਸਿੱਖ ਧਰਮ ਦੇ ਪੈਰੋਕਾਰਾਂ ਦੀ ਵੱਸੋਂ ਅਤੇ ਬਸਤੀਆਂ ਦੀ ਪੁਖਤਾ ਨਿਸ਼ਾਨਦੇਹੀ ਕਰਦੇ ਹਨ। ਪਰਬਤਾਂ ਅਤੇ ਪਹਾੜਾਂ ਵਿੱਚ, ਸਹਿਰਾਵਾਂ ਅਤੇ ਬਰੇਤੀਆਂ ਵਿੱਚ, ਸਮੁੰਦਰ ਅਤੇ ਦਰਿਆਵਾਂ ਦੇ ਕੰਢਿਆਂ ਉੱਤੇ, ਰੋਟੀ-ਰੋਜ਼ੀ, ਰੁਜ਼ਗਾਰ ਅਤੇ ਕਾਰੋਬਾਰਾਂ ਦੀ ਤਲਾਸ਼ ਵਿੱਚ ਪੁੱਜੇ ਤੇ ਵੱਸੇ, ਸ਼ਬਦ ਦੇ ਮੁਤਲਾਸ਼ੀ, ਹਰ ਗੁਰਸਿੱਖ ਦੀ ਰੂਹ, ਸੁਰਤੀ ਤੇ ਸੋਝੀ, ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਸ੍ਰੀ ਅੰਮ੍ਰਿਤਸਰ, ਨਾਲ ਜੁੜੀ ਹੋਈ ਹੈ। ਉਸਦੀ ਆਸਥਾ ਦੀ ਰੂਹਾਨੀ ਭੁੱਖ ਦੀ ਤ੍ਰਿਪਤੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਸ਼ਬਦ' ਦੀ ਸੁਆਤੀ ਬੂੰਦ ਨਾਲ ਹੀ ਤ੍ਰਿਪਤ ਹੁੰਦੀ ਹੈ। ਇਸ ਲਈ ਸਿੱਖ ਧਰਮ ਦੇ ਅਧਿਅਤਮਕ ਗਿਆਨ ਅਨੁਸਾਰ 'ਸ਼ਬਦ' ਹੀ ਰੁਹਾਨੀਅਤ ਦੇ ਸੰਚਾਰ ਦਾ ਮੁੱਢਲਾ ਤੇ ਆਖਰੀ ਸ਼ਿਰੋਮਣੀ ਸ੍ਰੋਤ ਹੈ ਅਤੇ 'ਸ਼ਬਦ' ਦਾ ਪਾਠ ਹੀ, ਇਸ ਨਾਮ ਰੂਪੀ ਰੁਹਾਨੀ ਸ੍ਰੋਤ ਦਾ ਮੂਲ-ਮੰਤਰ ਤੇ ਪਾਸਵਰਡ ਹੈ।

ਨਿਰਸੰਦੇਹ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਬਿਨਾਂ, ਗੁਰਸਿੱਖ ਵਾਸਤੇ ਰੁਹਾਨੀਅਤ ਦਾ ਹੋਰ ਕੋਈ ਕੇਂਦਰ ਨਹੀਂ ਹੈ ।ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਉਪਮਾਂ ਕਰਦਿਆਂ ਫੁਰਮਾਇਆ ਸੀ :

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥**

**(ਅੰਗ ੧੩੬੧)**

(ਭਾਵ : ਮੈਂ ਸਾਰੀਆਂ ਥਾਵਾਂ ਵੇਖ ਲਈਆਂ ਹਨ, ਪ੍ਰੰਤੂ ਤੇਰੇ ਵਰਗੀ, ਤੇਰੇ ਤੁਲ ਹੋਰ ਕੋਈ ਨਹੀਂ।ਸਿਰਜਣਹਾਰ ਸੁਆਮੀ, ਵਾਹਿਗੁਰੂ ਨੇ ਖੁਦ ਹੀ ਤੇਰੀ ਰਚਨਾ ਕੀਤੀ ਹੈ, ਇਸੇ ਲਈ ਤੂੰ ਅਤੀ ਸੁੰਦਰ ਹੈ)

ਇਸ ਲਈ ਸ੍ਰੀ ਹਰਿਮੰਦਰ ਸਾਹਿਬ ਤੋਂ ਅੰਮ੍ਰਿਤ ਵੇਲੇ ਪ੍ਰਾਪਤ ਹੋਣ ਵਾਲਾ ਹੁਕਮਨਾਮਾ, ਸਮੁੱਚੀ ਸਿੱਖ ਸੰਗਤ ਲਈ ਫੁਰਮਾਨ-ਏ-ਇਲਾਹੀ ਹੈ, ਇਸ 'ਸ਼ਬਦ' ਦੀ ਕਥਾ ਤੇ ਉਸ ਪਰਥਾਏ ਕੀਤੇ ਗਏ ਵਿਖਿਆਨ ਦਾ ਮਹਾਤਮ, ਸਾਨੂ ਸਾਤਵਿਕਤਾ ਦਾ ਅਨੰਦ ਬਖ਼ਸ਼ਿਸ਼ ਕਰਦਾ ਹੈ। ਇਸ ਰੁਹਾਨੀ ਤਜ਼ਕਰੇ ਦੇ ਅਨੰਦ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ, ਇਸਦਾ ਅੱਖਰੀ ਵਰਨਣ ਸੰਭਵ ਨਹੀਂ। 'ਰੂਹ' ਦੀਆਂ ਰੂਹਾਨੀ ਸੈਨਤਾਂ ਦੀ ਕੋਈ ਜ਼ੁਬਾਨ ਨਹੀਂ ਹੁੰਦੀ ਤੇ ਨਾ ਹੀ ਕੋਈ ਭਾਸ਼ਾ ਹੁੰਦੀ ਹੈ।'ਸ਼ਬਦ ਗੁਰੂ' ਦੀ ਉਪਾਸ਼ਨਾ , ਗੁਰ ਸਿੱਖ ਦੀ ਸੁਰਤੀ ਤੇ ਧੁਨੀ ਨੂੰ , ਅਕਾਲ-ਪੁਰਖ ਦੇ ਰੁਹਾਨੀ ਨੂਰ ਨਾਲ ਅਭੇਦ ਕਰ ਲੈਣ ਵਿੱਚ ਹੀ ਸੰਭਵ ਹੈ।

ਇਸ ਲਈ ਕਥਾ ਦੇ ਪ੍ਰਸੰਗ ਵਿੱਚ, ਮੇਰੀ ਗੁਰੂ ਘਰ ਦੇ ਗੁਰਮੱਤ ਵਿੱਚ ਨਿਪੁੰਨ ਕਥਾਵਾਚਕਾਂ ਦੀ ਸੇਵਾ ਵਿੱਚ ਸੁਨਿਮਰ ਬੇਨਤੀ ਹੈ ਕਿ 'ਸ਼ਬਦ' ਦੀ ਕਥਾ ਤੇ ਵਿਖਿਆਨ ਸਮੇਂ, ਸਿੱਖ ਧਰਮ ਦੀ ਫਿਲਾਸਫ਼ੀ ਦੇ ਬੁਨਿਆਦੀ ਭਾਵ ਨੂੰ, ਕਿਸੇ ਵੀ ਸੂਰਤ ਵਿੱਚ ਵਿਚਾਰਾਂ ਦੇ ਪ੍ਰਵਾਹ ਸਮੇਂ ਦ੍ਰਿਸ਼ਟੀ ਤੋਂ ਓਝਲ ਨਾ ਹੋਣ ਦਿੱਤਾ ਜਾਵੇ। ਕਥਾ ਦੇ ਵਿਖਿਆਨ ਵਿੱਚ ਵਰਤੀ ਗਈ ਸਾਖੀ ਜਾਂ ਪਰਮਾਣ ਵੱਜੋਂ ਵਰਤੀ ਗਈ ਕੋਈ ਵੀ ਹਿਕਾਇਤ ਜਾਂ ਲਘੂ ਕਥਾ, ਕਿਸੇ ਵੀ ਸੂਰਤ ਵਿੱਚ ਅਜੇਹੀ ਨਹੀਂ ਹੋਣੀ ਚਾਹੀਦੀ,

ਜਿਸ ਦਾ ਪ੍ਰਗਟਾਵਾ ਜਾਂ ਭਾਵ, ਸਿੱਖ ਧਰਮ ਦੇ ਬੁਨਿਅਦੀ ਫਲਸਫ਼ੇ ਦੇ ਵਿਪਰੀਤ, ਭਰਮ ਭਰੀ ਸ਼ਰਧਾ ਦੇ ਪ੍ਰਭਾਵ ਹੇਠ, ਕਰਮਕਾਂਡ ਦਾ ਦਕਿਆਨੂਸੀ ਮੁਲੰਮਾ ਕਰਕੇ, ਭੋਲੀ-ਭਾਲੀ ਸ਼ਰਧਾਵਾਨ ਸਿੱਖ ਸੰਗਤ ਦਾ ਧਿਆਨ ਭੰਗ ਕਰਕੇ, ਉਸਨੂੰ ਅੰਧ-ਵਿਸ਼ਵਾਸ਼ੀ ਕਰਾਮਾਤਾਂ ਦੇ ਭਰਮ ਜਾਲ ਵਿੱਚ ਫੁਸਲਾਉਂਣ ਦੀ, ਕੋਈ ਆਕਰਮਕ ਕੋਸ਼ਿਸ਼ ਨਜ਼ਰ ਆਵੇ ਅਤੇ ਜੋ ਸਮੁੱਚੀ ਸ਼ਬਦ ਦੀ ਕਥਾ ਦੇ ਅੰਤਰੀ ਭਾਵ ਅਤੇ ਗੁਰਮੱਤ ਦੇ ਸਿਧਾਂਤ ਦੇ ਪ੍ਰਕਾਸ਼ ਅਤੇ ਉਸਦੇ ਜ਼ਹੂਰ ਨੂੰ ਵਿਗਾੜ ਕੇ ਕਲੰਕਿਤ ਕਰਦੀ ਹੋਵੇ।ਅਜੇਹੀ ਕੁਚੱਜੀ ਬਿਰਤੀ ਦੇ ਪਸਾਰੇ ਦੀ, ਬੜੇ ਠੋਸ ਢੰਗ ਨਾਲ ਹਰ ਪਾਸਿਓਂ ਖ਼ਿਲਾਫ਼ਤ ਕਰਨੀ ਬਣਦੀ ਹੈ

ਸਿੱਖ ਧਰਮ ਦੇ ਪ੍ਰਚਾਰ ਤੇ ਪਰਸਾਰ ਦੇ ਵਡੇਰੇ ਹਿਤਾਂ ਵਿੱਚ ਇਹ ਜ਼ਰੂਰੀ ਹੈ ਕਿ ਗੁਰਦਵਾਰਾ ਸ੍ਰੀ ਮੰਜੀ ਸਾਹਿਬ ਦੇ ਦਿਵਾਨ ਅਸਥਾਨ ਤੋਂ ਹਰਰੋਜ਼ ਸਵੇਰੇ ਜੋ ਸ੍ਰੀ ਦਰਬਾਰ ਸਾਹਿਬ ਦੇ ਹੁਕਮਨਾਮੇ ਦੀ ਕਥਾ ਸਰਵਣ ਕਰਵਾਈ ਜਾਂਦੀ ਹੈ, ਇਸ ਹੁਕਮਨਾਮੇ ਦੀ ਕਥਾ ਦੀ ਸੇਵਾ, ਸਿੱਖ ਪੰਥ ਦੇ ਕੇਵਲ ਉਨ੍ਹਾਂ ਸਿਰਮੌਰ ਕਥਾਵਾਚਕਾਂ ਨੂੰ ਹੀ ਦਿੱਤੀ ਜਾਵੇ, ਜੋ ਗੁਰਮੱਤ ਵਿੱਚ ਪੂਰਨ ਤੌਰ ਤੇ ਨਿਪੁੰਨ ਅਤੇ ਸਿੱਖ ਧਰਮ ਦੇ ਫਲਸਫ਼ੇ ਦੇ ਪ੍ਰਬੁੱਧ ਗਿਆਨੀ ਹੋਵਣ ਤੇ 'ਸ਼ਬਦ' ਦੇ ਵਾਸਤਵਿਕ ਭਾਵ ਨੂੰ ਧੁਰ ਗਹਿਰਾਈ ਤੱਕ ਸਮਝਦੇ ਹੋਣ, ਤੇ ਉਸ ਭਾਵ ਨੂੰ, ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ ਤੇ ਸਿੱਖ ਪੰਥ ਦੇ ਦਾਰਸ਼ਨਿਕ ਸਿਧਾਂਤਾਂ ਤੇ ਅਧਾਰਿਤ, ਤੱਤ ਗਿਆਨ ਨੂੰ , ਆਪਣੇ ਵਿਖਿਆਨ ਰਾਹੀਂ ਸਹੀ ਪਰਿਪੇਖ ਵਿੱਚ ਪੁਰਸਤੁਤ ਕਰਨ ਦੀ ਸਲਾਹੀਅਤ ਰੱਖਦੇ ਹੋਣ।

ਸ਼ਬਦ ਦੀ ਕਥਾ ਦੀ ਪ੍ਰਣਾਲੀ ਨੂੰ ਹੋਰ ਸੁਹਜਮਈ ਅਦਬ ਨਾਲ ਸੁਸੱਜਿਤ ਕਰਨ ਹਿਤ ਇਹ ਹੋਰ ਵੀ ਚੰਗਾ ਹੋਵੇਗਾ, ਜੇ ਮੁੱਖ ਸਿੱਖ ਸੰਸਥਾਵਾਂ, ਉਤਮ ਕਥਾਵਾਚਕਾਂ ਦੀ ਪਰਖ, ਪੜਚੋਲ ਤੇ ਚੋਣ ਹਿਤ, ਕੀਰਤਨ ਸਬ-ਕਮੇਟੀ ਦੀ ਤਰਜ਼ ਤੇ ਇਕ ਕਥਾ ਸਬ-ਕਮੇਟੀ ਦਾ ਗਠਨ ਵੀ ਅਮਲ ਵਿੱਚ ਲਿਆਵੇ ਤਾਂ ਜੋ ਤਰਫ਼ਦਾਰੀਆਂ ਤੋਂ ਉੱਪਰ ਉੱਠ ਕੇ, ਸੁੱਚੀ ਤੇ ਸ਼ੁੱਧ ਪਰਖ-ਪ੍ਰਣਾਲੀ ਰਾਹੀਂ, ਸਿੱਖ ਪੰਥ ਦੇ ਸਿਰਮੌਰ ਕਥਾਵਾਚਕਾਂ ਦੀ ਚੋਂਣ ਨਿਸ਼ਚਿੱਤ ਹੋ ਸਕੇ।

***

– ਬੀਰ ਦਵਿੰਦਰ ਸਿੰਘ

ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ

ਸੰਪਰਕ : 9814033362

# ਗੰਜਿ ਸ਼ਹੀਦਾਂ

ਅਰਥਾਤ

## ਸਾਕਾ ਚਮਕੌਰ ਸਾਹਿਬ

– 4 –

ਧੋਖਾ ਦੀਆ ਹਰ ਸਿੰਘ ਕੋ ਪੈਮਾਨ-ਸ਼ਿਕਨੋ[1] ਨੇ
ਬੇ-ਮਿਹਰੋਂ ਨੇ ਬੇ-ਧਰਮੋਂ ਨੇ ਈਮਾਨ-ਸ਼ਿਕਨੋਂ ਨੇ।
ਜਬ ਇਤਨਾ ਕਹਾ ਜ਼ੁੱਲ[2] ਦੀਆ ਅਹਿਸਾਨ-ਸ਼ਿਕਨੋ ਨੇ
ਪੇਸ਼ਾਨੀ ਪਿ ਬਲ ਡਾਲੇ ਪ੍ਰੇਸ਼ਾਨ-ਸ਼ਿਕਨੋ ਨੇ।
ਥੇ ਚੀਂ[3] ਬ-ਜਬੀ[4] ਲਹਿਰੀਆ ਸ਼ੀਸ਼ੇ ਮੇਂ ਪੜੀ ਥੀ।
ਮਾਥੇ ਪੇ ਪਸੀਨਾ ਥਾ ਯਾ ਅਫਸ਼ਾਂ[5] ਸੀ ਜੜੀ ਥੀ।

– 5 –

ਇਤਨੇ ਮੇਂ ਮੁਖ਼ਾਤਬ ਹੁਏ ਸਤਿਗੁਰੂ ਗੁਰੂ ਗੋਬਿੰਦ।
ਵੁਹ ਸਾਬਰੁ ਸ਼ਾਕਰ ਵੁਹ ਬਹਾਦੁਰ ਗੁਰੂ ਗੋਬਿੰਦ।
ਰਸਤੇ ਮੇਂ ਗਵਾ ਆਏ ਥੇ ਦੋ ਦੁਰ[6] ਗੁਰੂ ਗੋਬਿੰਦ।
ਥੇ ਗ਼ਮ ਕੀ ਜਗਹ ਸ਼ਾਂਤੀ ਸੇ ਪੁਰ ਗੁਰੂ ਗੋਬਿੰਦ।
ਫੁਰਮਾਏ ਵੁਹ ਸਭ ਸੇ : 'ਨਹੀਂ ਮੌਕਾ ਯਿਹ ਗ਼ਜ਼ਬ[7] ਕਾ।
ਪੂਰਾ ਯਹੀ ਕੱਲ੍ਹ ਹੋਗਾ, ਇਰਾਦਾ ਮੇਰੇ ਰਬ ਕਾ'।

– 6 –


ਜਿਸ ਖ਼ਿਤੇ[8] ਮੇਂ ਹਮ ਕਹਿਤੇ ਥੇ ਆਨਾ ਯਿਹ ਵੁਹੀ ਹੈ।
ਕਲ ਲੁਟ ਕੇ ਜਿਸ ਜਗਹ ਸੇ ਜਾਨਾ ਯਿਹ ਵੁਹੀ ਹੈ।
ਜਿਸ ਜਾ ਪਿ ਹੈ ਬੱਚੋਂ ਕੋ ਕਟਾਨਾ ਯਿਹ ਵੁਹੀ ਹੈ।
ਮੱਟੀ ਕਹਿ ਦੇਤੀ ਹੈ ਠਿਕਾਨਾ ਯਿਹ ਵੁਹੀ ਹੈ।
ਇਕ ਮੋਰਚੇ ਮੇਂ ਫ਼ਿਰ ਵਹੀਂ ਸ੍ਰਕਾਰ ਦਰ[9] ਆਏ।
ਜਾ ਪਹੁੰਚੇ ਅਕਾਲੀ ਵਹੀਂ ਸਤਿਗੁਰ ਜਿਧਰ ਆਏ।


ਲੇਖਕ –

ਹਕੀਮ ਮਿਰਜ਼ਾ ਅਲਹ ਯਾਰ ਖਾਂ 'ਜੋਗੀ' ਰਹਿਮਾਨੀ

'ਨੈਸ਼ਨਲ ਪੋਇਟ'

1. ਬਚਨ ਕਰਨ ਵਾਲਿਆਂ । 2. ਛਲ, ਧੋਖਾ । 3. ਬਿਨ੍ਹਾਂ ਵੱਟ । 4. ਮੱਥੇ ਪਰ । 5. ਕਣੀਆਂ ਪਈਆਂ ਹੋਈਆਂ । 6. ਮੋਤੀ, ਲਾਲ, ਬੱਚੇ । 7. ਗੁੱਸਾ । 8. ਧਰਤੀ ਦਾ ਟੁਕੜਾ, ਇਲਾਕਾ । 9. ਅੰਦਰ





# ਸਾਕਾ ਸ੍ਰੀ ਨਨਕਾਣਾ ਸਾਹਿਬ

ਨਨਕਾਣਾ ਸਾਹਿਬ ਸਤਿਗੁਰੂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਸਥਾਨ ਹੈ, ਇਸ ਲਈ ਗੁਰਦੁਆਰਿਆਂ ਵਿੱਚ ਇਸ ਦੀ ਸ਼੍ਰੋਮਣੀ ਥਾਂ ਹੈ। ਨਨਕਾਣਾ ਸਾਹਿਬ ਦਾ ਸਾਕਾ ਜੋ ਇਸ ਸਦੀ ਦੇ ਆਰੰਭ ਵਿੱਚ ਹੋਇਆ, ਉਸ ਨੇ ਪੁਰਾਤਨ ਸਿੱਖ ਇਤਿਹਾਸ ਦੀ ਯਾਦ ਤਾਜ਼ਾ ਕਰ ਦਿੱਤੀ।

ਅੰਗਰੇਜ਼ਾਂ ਨੇ ਸਿੱਖ ਧਰਮ ਨੂੰ ਆਪਣੇ ਰਾਜਸੀ ਸੁਆਰਥਾਂ ਲਈ ਢਾਲ ਲਿਆ ਸੀ ਤਾਂ ਜੋ ਉਹ ਸਿੱਖਾਂ ਨੂੰ ਲੜਨ ਵਾਲੀ ਮਸ਼ੀਨ ਦੇ ਤੌਰ 'ਤੇ ਆਪਣੇ ਰਾਜ ਦੀ ਰੱਖਿਆ ਤੇ ਪਸਾਰ ਲਈ ਵਰਤ ਸਕਣ। ਚੀਫ ਖਾਲਸਾ ਦੀਵਾਨ, ਐਜੂਕੇਸ਼ਨਲ ਕਾਨਫਰੰਸ ਵਗੈਰਾ ਦੀ ਵਫਾਦਾਰੀ ਨੇ ਸਿੱਖਾਂ ਦੀ ਸੋਚ ਸ਼ਕਤੀ ਨੂੰ ਤਾਲੇ ਲਾ ਦਿੱਤੇ ਸਨ। ਉਹਨਾਂ ਦੇ ਦਿਮਾਗ ਵਿੱਚ ਕੁੱਟ-ਕੁੱਟ ਕੇ ਭਰ ਦਿੱਤਾ ਗਿਆ ਸੀ ਕਿ ਅੰਗਰੇਜ਼ ਤਾਂ ਆਏ ਹੀ ਗੁਰੂ ਤੇਗ ਬਹਾਦਰ ਜੀ ਦੀ ਪਸ਼ੀਨ ਗੋਈ ਦੇ ਮੁਤਾਬਕ ਹਨ।

ਮੈਕਾਲਿਫ ਨੇ ਇਸ ਸਬੰਧੀ ਇਸ਼ਾਰਾ ਕਰਦਿਆਂ ਲਿਖਿਆ ਸੀ ਕਿ 'ਸਿੱਖ ਪਵਿੱਤਰ ਗ੍ਰੰਥ ਵਿੱਚ ਬ੍ਰਿਟਿਸ਼ ਲੋਕਾਂ ਦੀ ਵਫਾਦਾਰੀ ਦੇ ਹੁਕਮ ਮੁਖਤਲਿਫ ਪੇਸ਼ੀਨਗੋਈਆਂ ਰਾਹੀਂ ਦਿੱਤੇ ਗਏ ਹਨ। ਮੁੱਕਦੀ ਗੱਲ ਇਹ ਹੈ ਕਿ ਅੰਗਰੇਜ਼ਾਂ ਲਈ ਸਿੱਖਾਂ ਦੀ ਵਫਾਦਾਰੀ ਦੀ ਸ਼ਰਤ ਇਹ ਸੀ ਕਿ ਸਿੱਖ ਧਰਮ ਦਾ ਪ੍ਰਚਾਰ ਉਹ ਹੋਵੇ ਜਿਹੜਾ ਉਹਨਾਂ ਨੂੰ ਮਨਜ਼ੂਰ ਹੋਵੇ।

ਗੌਰਮਿੰਟ ਆਪਣੇ ਹੱਥਾਂ ਵਿੱਚੋਂ ਗੁਰਦੁਆਰੇ ਨਹੀਂ ਸੀ ਛੱਡਣਾ ਚਾਹੁੰਦੀ ਕਿਉਂਕਿ ਇਤਿਹਾਸਕ ਗੁਰਦੁਆਰਿਆਂ ਨਾਲ ਬੜੀ ਧਾਰਮਿਕ ਤਾਕਤ ਤੇ ਦੌਲਤ ਜੁੜੀ ਹੋਈ ਸੀ। ਸੋ ਗੌਰਮਿੰਟ ਨੇ ਲਗਾਤਾਰ ਇਸ ਦੌਲਤ ਤੇ ਤਾਕਤ ਨੂੰ ਆਪਣੇ ਰਾਜ ਤੇ ਰਾਜਸੀ ਮਕਸਦਾਂ ਲਈ ਵਰਤਿਆ।

ਹਾਲਤ ਏਥੋਂ ਤੱਕ ਨਿਘਰ ਚੁੱਕੀ ਸੀ ਕਿ ਜਿਹੜੇ ਸਿੱਖ ਗੁਰਦੁਆਰਿਆਂ ਵਿੱਚ ਸੁਧਾਰ ਕਰਨ ਦੀ ਨਜ਼ਰ ਨਾਲ ਵੇਖਦੇ ਸਨ

ਜਾਂ ਉਹਨਾਂ ਦੇਸ਼ ਸੇਵਕਾਂ ਨੂੰ, ਜੋ ਅੰਗਰੇਜ਼ ਸਾਮਰਾਜ ਤੋਂ ਬਾਗੀ ਸਨ, ਪੁਜਾਰੀ ਲੋਕ ਉਹਨਾਂ ਸਾਰਿਆਂ ਨੂੰ ਸਿੱਖੀ ਤੋਂ ਪਤਿਤ ਹੋਣ ਦੇ ਫਤਵੇ ਦੇਂਦੇ ਸਨ ਅਤੇ ਅਖੌਤੀ ਅਛੂਤਾਂ ਤੋਂ ਸਿੰਘ ਸਜ ਜਾਣ ਵਾਲਿਆ ਦੇ ਅਰਦਾਸੇ ਨਹੀਂ ਸਨ ਕਰਦੇ। ਦੂਜੇ ਪਾਸੇ ਜੇ ਅੰਗਰੇਜ਼ਾਂ ਐਂਗਲੋ-ਇੰਡੀਅਨ ਹਾਕਮ ਗੁਰਦੁਆਰੇ ਵਿੱਚ ਆ ਜਾਂਦੇ ਤਾਂ ਇਹ ਉਹਨਾਂ ਦੇ ਅੱਗੇ-ਪਿੱਛੇ ਭੱਜੇ ਫਿਰਦੇ ਸਨ। ਉਹਨਾਂ ਨੂੰ ਸਿਰੋਪਾਉ ਦੇਂਦੇ ਸਨ ਅਤੇ ਉਨ੍ਹਾਂ ਉੱਤੇ ਅੰਗਰੇਜ਼ ਰਾਜ ਦੇ ਪੂਰੇ ਵਫਾਦਾਰ ਅਤੇ ਤਾਬਿਆਦਾਰ ਹੋਣ ਦਾ ਪ੍ਰਭਾਵ ਛੱਡਦੇ ਸਨ। ਪੂਜਾ ਦਾ ਧਾਨ ਖਾ-ਖਾ ਕੇ ਇਨ੍ਹਾਂ ਦੀ ਸਿੱਖੀ ਗੈਰਤ ਤੇ ਅਣਖ ਮਰ ਚੁੱਕੀ ਸੀ।

ਉਸ ਵਕਤ ਗੁਰਦੁਆਰਿਆਂ ਦੀਆਂ ਜਾਇਦਾਦਾਂ, ਸ਼ਰਧਾਲੂਆਂ ਨੇ ਗੁਰਦੁਆਰਿਆਂ ਦੀ ਸੰਭਾਲ ਲਈ ਤੇ ਲੰਗਰ ਚਲਾਉਣ ਲਈ ਦਿੱਤੀਆ ਹੋਈਆਂ ਸਨ। ਅੰਗਰੇਜ਼ ਸਰਕਾਰ ਨੇ ਆਪਣੇ ਝੋਲੀ ਚੁੱਕ ਮਹੰਤਾਂ ਨੂੰ ਗੁਰਦੁਆਰਿਆਂ ਅਤੇ ਹੋਰ ਜਾਇਦਾਦਾਂ ਦੇ ਮਾਲਕ ਬਣਾ ਦਿੱਤਾ। ਇਨ੍ਹਾਂ ਦੀ ਆਮਦਨ ਨੇ ਸਾਧਾਂ (ਮਹੰਤਾਂ) ਨੂੰ ਐਸ਼ ਪ੍ਰਸਤ ਬਣਾ ਦਿੱਤਾ। ਉਨ੍ਹਾਂ ਨੇ ਧਰਮਸਾਲਾਵਾਂ (ਗੁਰਦੁਆਰਿਆਂ) ਦੇ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਉਨ੍ਹਾਂ ਨੂੰ ਆਪਣੇ ਆਰਾਮਦਾਇਕ ਘਰ ਬਣਾ ਕੇ ਜ਼ਮੀਨ ਦੇ ਮਾਲਕ ਬਣ ਬੈਠੇ। ਇਹ ਸੀ ਛੋਟੇ ਗੁਰਦੁਆਰਿਆਂ ਦੀ ਹਾਲਤ।

ਜਿੱਥੋਂ ਤੱਕ ਵੱਡੇ ਗੁਰਦੁਆਰਿਆਂ ਦੇ ਕਬਜ਼ੇ ਦਾ ਇਤਿਹਾਸ ਹੈ, ਉਨ੍ਹਾਂ ਉੱਤੇ ਕਾਬਜ਼ ਮਹੰਤ ਅੰਗਰੇਜ਼ਾਂ ਦੇ ਆਉਣ ਕਰਕੇ ਸਿੱਖ ਸੰਗਤਾਂ ਦੇ ਕੰਟਰੋਲ ਤੋਂ ਆਜ਼ਾਦ ਹੋ ਗਏ। ਸੰਗਤ ਦੇ ਮਹੰਤ ਨੂੰ ਚੁਣਨ ਦਾ ਹੱਕ ਤੇ ਅਧਿਕਾਰ ਐਗਜ਼ੈਕਟਿਵ ਤੇ ਮਾਲੀਆ ਅਫਸਰਾਂ ਨੇ ਖੋਹ ਲਏ ਤੇ ਅਫਸਰਾਂ ਦੀ ਇਮਦਾਦ ਨਾਲ ਮਹੰਤ ਜ਼ਮੀਨਾਂ ’ਤੇ ਕਾਬਜ਼ ਹੋ ਗਏ ਅਤੇ ਗੁਰਦੁਆਰਿਆਂ ਨੂੰ ਆਪਣੀ ਨਿਜੀ ਜਇਦਾਦ ਸਮਝਣ ਲੱਗ ਪਏ। ਇਹ ਬ੍ਰਿਟਿਸ਼ ਸਰਕਾਰ ਹੀ ਸੀ ਜਿਸ ਨੇ ਆਪਣੇ ਅਫਸਰਾਂ ਦੇ ਸਿੱਧੇ ਜਾਂ ਅਸਿੱਧੇ ਅਸਰ ਰਾਹੀਂ ਦੁਰਾਚਾਰੀ ਮਹੰਤਾਂ ਨੂੰ ਗੁਰਦੁਆਰਿਆਂ ਦੇ ਮਾਲਕ ਬਣਨ ਦੀ ਆਗਿਆ ਦਿੱਤੀ।

ਹੁਣ ਆਉ ਸ੍ਰੀ ਨਨਕਾਣੇ ਸਾਹਿਬ ਦੇ ਕਤਲੇਆਮ ਦਾ ਵੇਰਵਾ ਸਮਝਣ ਦਾ ਯਤਨ ਕਰੀਏ। ਇਸ ਗੁਰਦੁਆਰੇ ਦਾ ਮਹੰਤ ਨਰਾਇਣ ਦਾਸ ਸੀ ਅਤੇ ਇਸ ਤੋਂ ਪਹਿਲਾਂ ਦੋਵੇਂ ਮਹੰਤ ਸ਼ਰਾਬੀ ਹੋਣ ਦੇ ਕਾਰਨ ਕਈ ਗੁਪਤ ਬਿਮਾਰੀਆਂ ਦੇ ਸ਼ਿਕਾਰ ਹੋਣ ਕਰਕੇ ਮਰ ਗਏ ਸਨ। ਇਸ ਤਰ੍ਹਾਂ ਨਨਕਾਣਾ ਸਾਹਿਬ ਧਰਮ ਅਸਥਾਨ ਨਹੀਂ ਸੀ ਲੱਗਦਾ। ਇਹ ਗੁੰਡਿਆਂ, ਬਦਮਾਸ਼ਾਂ ਤੇ ਭੰਗੀਆਂ ਪੋਸਤੀਆਂ ਦੀ ਪਰਵਰਿਸ਼-ਗਾਹ ਬਣ ਗਿਆ ਸੀ।

ਹਾਲਾਂਕਿ ਮਹੰਤ ਨਰਾਇਣ ਦਾਸ ਨੇ ਪ੍ਰਬੰਧ ਸੰਭਾਲਣ ਵੇਲੇ ਪਹਿਲਾਂ ਅੰਗਰੇਜ਼ ਮੈਜਿਸਟਰੇਟ ਦੇ ਸਾਹਮਣੇ ਸਿੱਖ ਸੰਗਤ ਨਾਲ ਬਚਨ ਕੀਤੇ ਸਨ ਕਿ ਉਹ ਪਹਿਲੇ ਮਹੰਤ ਵਾਲੇ ਕੁਚਾਲੇ ਅਤੇ ਕੁਕਰਮ ਛੱਡ ਦੇਵੇਗਾ ਅਤੇ ਜੇ ਉਸ ਦੇ ਖਿਲਾਫ ਕੋਈ ਕਸੂਰ ਸਾਬਤ ਹੋ ਜਾਣਗੇ ਤਾਂ ਉਹ ਅਸਤੀਫਾ ਦੇ ਦੇਵੇਗਾ। ਪਰ ਇਹ ਪਹਿਲੇ ਮਹੰਤ ਨਾਲੋਂ ਵੀ ਅਗੇ ਨਿਕਲ ਗਿਆ। ਇਸ ਨੇ ਪਹਿਲਾਂ ਇਕ ਮਿਰਾਸਨ ਨੂੰ ਘਰ ਪਾ ਲਿਆ, ਫਿਰ ਲਾਹੌਰ ਤੋਂ ਵੇਸ਼ਵਾਵਾਂ ਮੰਗਵਾਈਆਂ। ਉਹਨਾਂ ਦੇ ਨਾਚ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਅੰਦਰ ਕਰਾਏ। ਮਹੰਤ ਦੀ ਇਸ ਹਰਕਤ ਨੇ ਸਿੱਖ ਜਗਤ ਵਿਚ ਉਸ ਦੇ ਖਿਲਾਫ ਗੁੱਸੇ ਦੇ ਭਾਂਬੜ ਬਾਲ ਦਿਤੇ।

ਅਖਬਾਰਾਂ, ਸਿੰਘ ਸਭਾਵਾਂ ਤੇ ਸੰਗਤਾਂ ਨੇ ਇਸ ਬੇਅਦਬੀ ਤੇ ਇਖਲਾਕ-ਰਹਿਤ ਕਰਤੂਤ ਦੇ ਖਿਲਾਫ ਮਤੇ ਪਾਸ ਕੀਤੇ। ਗੌਰਮਿੰਟ ਨੂੰ ਵੀ ਇਸ ਬਾਰੇ ਖਬਰ ਦਿੱਤੀ ਗਈ ਪਰ ਉਹ ਚੁਪ ਬੈਠੀ ਰਹੀ। 1918 ਈਸਵੀ ਵਿੱਚ ਇੱਕ ਸਿੰਧ ਤੋਂ ਆਏ ਯਾਤਰੂ ਦੀ ਲੜਕੀ ਦੀ ਪਤ ਲੁਟੀ ਗਈ। ਇਸੇ ਸਾਲ 6 ਬੀਬੀਆਂ ਦੀ ਜੋ ਪੂਰਨਮਾਸ਼ੀ ਦੇ ਦਿਨ ਦਰਸ਼ਨਾਂ ਨੂੰ ਆਈਆਂ ਸਨ, ਰਾਤ ਸਮੇਂ ਜਨਮ ਅਸਥਾਨ ਦੇ ਅੰਦਰ ਹੀ ਪੁਜਾਰੀਆਂ ਨੇ ਜ਼ਬਰਦਸਤੀ ਇੱਜ਼ਤ ਲੁੱਟੀ। ਇਸ ਤਰ੍ਹਾਂ ਦੇ ਹੋਰ ਸੈਂਕੜੇ ਕੁਕਰਮ ਕੀਤੇ ਗਏ। ਅਕਤੂਬਰ 1920 ਈਸਵੀ ਵਿੱਚ ਧਾਰੋਵਾਲ ਨਗਰ ਵਿੱਚ ਭਰਵਾਂ ਦੀਵਾਨ ਹੋਇਆ ਅਤੇ ਮਹੰਤ ਨੂੰ ਆਪਣਾ ਸੁਧਾਰ ਕਰਨ ਵਾਸਤੇ ਕਿਹਾ ਗਿਆ। ਪਰ ਉਹ ਮਹੰਤ ਨਰਾਇਣ ਦਾਸ ਤਾਂ ਇੱਕ ਨਰਕੀ ਮਸੰਦ ਬਣ ਗਿਆ ਸੀ।

ਗੁਰਦੁਆਰਾ ਨਨਕਾਣਾ ਸਾਹਿਬ ਦੇ ਨਾਲ ਇੱਕ ਲੱਖ ਤੋਂ ਉਪਰ ਸਲਾਨਾ ਦੀ ਜਗੀਰ ਸੀ, ਇਸ ਤੋਂ ਇਲਾਵਾ ਚੜ੍ਹਾਵਾ ਤੇ ਪੂਜਾ ਦਾ ਰੁਪਇਆ ਬੇ-ਹਿਸਾਬ ਆਉਂਦਾ ਸੀ, ਕੁੱਝ ਬੇਦੀ ਜਾਗੀਰਦਾਰ ਉਸ ਦੀ ਪਿੱਠ ਤੇ ਸਨ। ਮਹੰਤ ਨੇ ਸਿੱਖ ਪੰਥ ਦਾ ਮੁਕਾਬਲਾ ਕਰਨ ਦੀ ਠਾਨ ਲਈ। ਬਦਮਾਸ਼ਾਂ, ਗੁੰਡਿਆਂ ਤੇ ਮਾਰਖੋਰਾਂ ਨੂੰ ਸ਼ਰਾਬਾਂ ਤੇ ਤਨਖਾਹਾਂ ਦੇ ਕੇ ਗੁਰਦੁਆਰੇ ਅੰਦਰ ਰੱਖ ਲਿਆ ਅਤੇ ਜਨਮ-ਅਸਥਾਨ ਨੂੰ ਜੰਗੀ ਕਿਲ੍ਹਾ ਬਣਾਉਣ ਦਾ ਸਾਮਾਨ ਇਕੱਠਾ ਕਰ ਲਿਆ। ਬਾਬਾ ਕਰਤਾਰ ਸਿੰਘ ਬੇਦੀ ਅਤੇ ਸਰਕਾਰੀ ਅਫਸਰਾਂ ਨਾਲ ਗੂੜ੍ਹਾ ਸੰਬੰਧ ਰਖਣ ਵਾਲੇ ਹੋਰ ਬੰਦੇ ਉਹਦੇ ਮਸ਼ੀਰ ਤੇ ਸਲਾਹਕਾਰ ਬਣ ਗਏ। ਰਾਂਝਾ-ਰਿਹਾਣਾ ਜਿਹੇ

ਦਸ ਨੰਬਰੀਏ ਬਦਮਾਸ਼ ਅਤੇ ਇਲਾਕੇ ਦੇ ਇਕ ਇਸਮਾਈਲ ਭੱਟੀ ਨੂੰ ਹੱਥ ਵਿੱਚ ਲੈ ਕੇ ਮੁਸਲਮਾਨਾਂ ਨੂੰ ਆਪਣੇ ਨਾਲ ਗੰਢ ਲਿਆ।

ਦੂਜੇ ਪਾਸੇ ਇਹਨਾਂ ਬਦਮਾਸ਼ਾਂ ਨੂੰ ਹਥਿਆਰ ਬੰਦ ਕਰਨ ਲਈ ਜਨਮ-ਅਸਥਾਨ ਦੇ ਅੰਦਰ, ਛਵੀਆਂ, ਕੁਹਾੜੇ, ਟਕੂਏ ਆਦਿ ਹਥਿਆਰ ਬਣਾਉਣ ਲਈ ਭੱਠੀਆਂ ਚਾਲੂ ਕਰ ਦਿੱਤੀਆਂ। ਲਾਹੌਰ ਤੋਂ ਬੰਦੂਕਾਂ, ਪਿਸਤੌਲਾਂ ਤੇ ਹੋਰ ਅਸਲਾ ਮੰਗਵਾ ਲਿਆ। ਮਿੱਟੀ ਦੇ ਤੇਲ ਦੇ ਪੀਪੇ ਰੱਖੇ ਗਏ। ਪੱਥਰਾਂ ਦੇ ਢੇਰ ਛੱਤ ਉਤੇ ਲਗਵਾਏ ਗਏ। ਫਾਟਕ ਮਜ਼ਬੂਤ ਕਰਵਾਏ ਗਏ ਅਤੇ ਥਾਂ-ਥਾਂ ਮੋਰੀਆਂ ਰੱਖ ਕੇ ਬੰਦੂਕਾਂ ਚਲਾਉਣ ਵਾਸਤੇ ਇੰਤਜਾਮ ਕੀਤਾ ਗਿਆ।

ਨਵੰਬਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੋਂ ਚਾਰ-ਪੰਜ ਦਿਨ ਪਹਿਲਾਂ ਮਹੰਤ ਨੇ ਗੁਰਦੁਆਰਾ ਜਨਮ ਅਸਥਾਨ ਵਿੱਚ ਹਥਿਆਰਾਂ ਨਾਲ ਲੈਸ ਕੋਈ ਚਾਰ ਕੁ ਸੌ ਚੰਗੇ ਲੜਾਕੂ ਬੰਦੇ ਇਕੱਠੇ ਕਰ ਲਏ ਅਤੇ ਹੁਕਮ ਦੇ ਦਿੱਤਾ ਕਿ ਕਿਸੇ ਕ੍ਰਿਪਾਨ ਵਾਲੇ ਸਿੱਖ ਨੂੰ ਗੁਰਦੁਆਰੇ ਅੰਦਰ ਵੜਨ ਨਾ ਦਿੱਤਾ ਜਾਵੇ। ਭਾਈ ਲਛਮਣ ਸਿੰਘ ਧਾਰੋਵਾਲ ਬਾਰ ਵਿਚ ਮੰਨਿਆ ਪ੍ਰਮੰਨਿਆ ਪੰਥ ਦਰਦੀ ਸੀ।

ਉਹ ਆਪਣੇ ਪਿੰਡ ਦੇ ਕੁੱਝ ਬੰਦਿਆਂ ਨਾਲ ਗੁਰਦੁਆਰੇ ਦੇ ਦਰਸ਼ਨਾਂ ਨੂੰ ਆਇਆ। ਉਸ ਨੂੰ ਮਹੰਤ ਦੇ ਕਾਤਲਾਨਾ ਇਰਾਦਿਆਂ ਦਾ ਕੋਈ ਪਤਾ ਨਹੀਂ ਸੀ। ਸਬੱਬੀ ਉਸ ਦਿਨ ਡਿਪਟੀ ਕਮਿਸ਼ਨਰ ਤੇ ਸੀ.ਆਈ.ਡੀ. ਦਾ ਸੁਪਰਿੰਟੈਂਡੈਂਟ ਵੀ ਗੁਰਦੁਆਰੇ ਅੰਦਰ ਹਾਜ਼ਰ ਸਨ। ਇਸ ਲਈ ਭਾਈ ਲਛਮਣ ਸਿੰਘ ਜੀ ਉਸ ਦਿਨ ਜਥੇ ਸਮੇਤ ਬਚ ਗਏ। ਪਰ ਇਹਨਾਂ ਅਫਸਰਾਂ ਦੁਆਰਾ ਮਹੰਤ ਵੱਲੋਂ ਕਾਨੂੰਨ ਨੂੰ ਹੱਥ ਵਿੱਚ ਲੈਣ ਅਤੇ ਅਕਾਲੀਆਂ ਦੇ ਕਤਲ ਦੇ ਇਰਾਦੇ ਰੱਖਣ ਦੀ ਕੋਈ ਤਾੜਨਾ ਨਾ ਕਰਨਾ ਬੜਾ ਅਰਥ ਭਰਪੂਰ ਸੀ।

ਮਹੰਤ ਨਰਾਇਣ ਦਾਸ ਦੇ ਭੈੜੇ ਆਚਰਨ ਤੇ ਉਸ ਦੀਆਂ ਕਈ ਹੋਰ ਕਰਤੂਤਾਂ ਦੀ ਚਰਚਾ ਸਾਰੇ ਪੰਥ ਵਿੱਚ ਫੈਲੀ ਹੋਈ ਸੀ ਅਤੇ ਇਥੋਂ ਦੇ ਪ੍ਰਬੰਧ ਨੂੰ ਪੰਥਕ ਹੱਥਾਂ ਵਿੱਚ ਲਿਆਉਣ ਲਈ ਸਭ ਦੀ ਇੱਛਾ ਬੜੀ ਤੀਬਰ ਸੀ। ਮਹੰਤ ਨਰਾਇਣ ਦਾਸ ਨਾਲ ਸਮਝੌਤੇ ਦੀ ਗੱਲ ਬਾਤ ਵੀ ਹੁੰਦੀ ਰਹੀ। ਜਿਸ ਵਿੱਚ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਸ੍ਰ. ਬੂਟਾ ਸਿੰਘ ਵਕੀਲ ਸ਼ੇਖੂਪੁਰੇ ਦਾ ਕਾਫੀ ਭਾਗ ਸੀ। ਪਰੰਤੂ ਮਹੰਤ ਅੰਦਰਖਾਤੇ ਗਠਜੋੜ ਕਰਨ ਲਈ ਹਰ ਵਾਰ ਟਾਲ ਮਟੋਲ ਕਰਦਾ ਚਲਾ ਗਿਆ। ਸ਼੍ਰੋਮਣੀ ਕਮੇਟੀ ਨੇ ਇਸ ਗੱਲ ਬਾਤ ਨੂੰ ਸਿਰੇ ਚੜ੍ਹਾਉਣ ਲਈ ਨਨਕਾਣਾ ਸਾਹਿਬ ਵਿਚ 5-6 ਮਾਰਚ 1921 ਈਸਵੀ ਨੂੰ ਪੰਥਕ ਮੁਖੀਆਂ ਤੇ ਕੁੱਝ ਕੌਮੀ ਲੀਡਰਾਂ ਦੀ ਇਕਤਰਤਾ ਬੁਲਾਈ। ਭਾਵੇਂ ਇਹ ਪਰੋਗਰਾਮ ਮਹੰਤ ਦੀ ਸਲਾਹ ਨਾਲ ਹੀ ਬਣਿਆ ਸੀ, ਪਰੰਤੂ ਮਹੰਤ ਆਪਣੇ ਨਿਜੀ ਸਲਾਹਕਾਰਾਂ ਦੇ ਮਸ਼ਵਰੇ ਨਾਲ ਅੰਦਰਖਾਨੇ ਹੋਰ ਹੀ ਮਸੌਦੇ ਪਕਾ ਰਿਹਾ ਸੀ, ਜਿਸ ਵਿਚ ਉਸਨੂੰ ਸਰਕਾਰੀ ਅਫਸਰਾਂ, ਖਾਸ ਕਰ ਲਾਹੌਰ ਦੇ ਕਮਿਸ਼ਨਰ ਮਿ: ਕਿੰਗ ਦੀ ਵੀ ਵੱਡੀ ਸ਼ਹਿ ਸੀ।

ਮਿਸਟਰ ਕਿੰਗ ਨੇ ਇੱਕ ਫਿਰਤੂ ਚਿੱਠੀ ਕੱਢ ਕੇ ਮਹੰਤਾਂ ਦੀ ਹੌਂਸਲਾ ਅਫਜ਼ਾਈ ਕੀਤੀ ਸੀ ਕਿ ਸਰਕਾਰ ਮਹੰਤਾਂ ਦੀ ਹਰ ਤਰ੍ਹਾਂ ਹਿਫਾਜ਼ਤ ਕਰੇਗੀ। ਮਿਸਟਰ ਕਿੰਗ ਦੀ ਇੱਕ ਹੋਰ ਗੁਪਤ ਚਿਠੀ ਮਿਤੀ 18-12-1920 ਰਾਹੀਂ ਵੀ ਇਸ ਗੱਲ ਦੀ ਤਸਦੀਕ ਹੋ ਜਾਂਦੀ ਹੈ ਜਿਸਦੀ ਕਾਪੀ ਇੰਡੀਅਨ ਹਾਊਸ ਲੰਡਨ ਦੀ ਲਾਇਬਰੇਰੀ ਵਿੱਚ ਪਈ ਹੋਈ ਹੈ, ਜਿਹੜੀ ਕਿ ਲਾਹੌਰ ਦੇ ਆਰਮਸ ਡੀਲਰ ਨੂੰ ਲਿਖੀ ਗਈ ਕਿ ਮਹੰਤ ਨਰੈਣ ਦਾਸ ਨੂੰ ਅਸਲਾ, ਬੰਦੂਕਾਂ ਆਦਿ ਦਿੱਤੇ ਜਾਣ।

ਮਹੰਤ ਦੀ ਮਨਸ਼ਾ ਸੀ ਕਿ 5-6 ਮਾਰਚ ਨੂੰ, ਜਦੋਂ ਪੰਥਕ ਮੁਖੀ ਤੇ ਲੀਡਰ ਇਕੱਠੇ ਹੋਣ, ਬਾਹਰ ਤੋਂ ਬਦਮਾਸ਼ਾਂ ਪਾਸੋਂ ਹਮਲਾ ਕਰਵਾ ਕੇ ਨਵੀਂ ਉਠ ਰਹੀ ਗੁਰਦੁਆਰਾ ਸੁਧਾਰ ਲਹਿਰ ਦੇ ਸਾਰੇ ਮੁਖੀਆਂ ਨੂੰ ਮਰਵਾ ਦੇਵੇ ਅਤੇ ਆਪ ਲਾਂਭੇ ਰਹਿੰਦਾ ਹੋਇਆ, ਇਸ ਦਾ ਦੋਸ਼ ਬਦਮਾਸ਼ਾਂ ’ਤੇ ਸੁੱਟ ਦੇਵੇ। ਇਸ ਕੰਮ ਲਈ ਮਹੰਤ ਨੇ ਬਹੁਤ ਸਾਰੇ ਬਦਮਾਸ਼ ਵਿਸ਼ੇਸ਼ ਕਰਕੇ ਲਾਹੌਰ ਦੇ ਮਝੈਲਾਂ ਵਿਚੋਂ ਅਤੇ 28 ਪਠਾਣ ਪੱਕੇ ਤੌਰ ’ਤੇ ਆਪਣੇ ਪਾਸ ਰੱਖੇ ਹੋਏ ਸਨ।

ਦੂਜੇ ਪਾਸੇ ਇਲਾਕੇ ਦੇ ਲੋਕਲ ਜਥੇ ਬਾਰ ਖਾਲਸਾ ਦੀਵਾਨ ਜਿਸ ਵਿਚ ਲਾਇਲਪੁਰ ਸਾਂਗਲ ਆਦਿ ਦੀਆਂ ਨਵੀਆਂ ਆਬਾਦੀਆਂ ਦੇ ਸਿੱਖ ਸ਼ਾਮਲ ਸਨ ਅਤੇ ਅਕਾਲੀ ਦਲ ਖਰਾ ਸੌਦਾ ਬਾਰ ਜੋ ਵਧੇਰੇ ਕਰਕੇ ਜ਼ਿਲ੍ਹਾ ਸੇਖੂਪੁਰਾ ਤੇ ਗੁਜਰਾਂਵਾਲਾ ਆਦਿ ਦੇ ਵਾਸੀ ਵਿਰਕ ਸਿੱਖਾਂ ਦਾ ਜੱਥਾ ਸੀ (ਜਿਸ ਦੀ ਸਥਾਪਨਾ 24-12-1920 ਨੂੰ ਹੋਈ ਤੇ ਜਿਸਦੇ ਪਹਿਲੇ ਜਥੇਦਾਰ ਭਾਈ ਕਰਤਾਰ ਸਿੰਘ ਝੱਬਰ ਸਨ)। ਇਹ ਚਾਹੁੰਦੇ ਸਨ ਕਿ ਨਨਕਾਣਾ ਸਾਹਿਬ ਨੂੰ ਪੰਥਕ ਹੱਥਾਂ ਵਿੱਚ ਲਿਆਉਣ ਦਾ ਸਿਹਰਾ ਉਹਨਾਂ ਦੇ ਸਿਰ ਹੋਵੇ। ਇਸ ਦੇ ਨਾਲ ਹੀ 6 ਮਾਰਚ 1921 ਦੇ ਸਮਾਗਮ ਲਈ ਸੰਗਤਾਂ ਦੇ ਲੰਗਰ ਦੇ ਪ੍ਰਬੰਧ ਲਈ ਭਾਈ ਲਛਮਣ ਸਿੰਘ ਧਾਰੋਵਾਲ, ਸ੍ਰ. ਦਲੀਪ ਸਿੰਘ ਸਾਂਗਲਾ,

ਸ੍ਰ. ਤੇਜਾ ਸਿੰਘ ਸਮੁੰਦਰੀ, ਸ੍ਰ. ਕਰਤਾਰ ਸਿੰਘ ਝੱਬਰ ਅਤੇ ਸ੍ਰ. ਬਖਸ਼ੀਸ਼ ਸਿੰਘ ਦੀ ਕਮੇਟੀ ਕਾਇਮ ਕੀਤੀ ਗਈ। ਜਿਸ ਨੂੰ ਆਟਾ, ਦਾਣਾ, ਰੁਪਇਆ ਇਕੱਠਾ ਕਰਨ ਅਤੇ ਦੀਵਾਨ ਦੇ ਲੰਗਰ ਤੇ ਹੋਰ ਸਬੰਧਤ ਚੀਜ਼ਾਂ ਦਾ ਇੰਤਜ਼ਾਮ ਕਰਨ ਦਾ ਕੰਮ ਸੌਂਪਿਆ ਗਿਆ।

ਮਹੰਤ ਨੂੰ ਲੱਗਭੱਗ ਸਭ ਬੇਦੀ ਜਾਗੀਰਦਾਰਾਂ ਦੀ ਹਮਾਇਤ ਹਾਸਲ ਸੀ। ਸ੍ਰ. ਸੁੰਦਰ ਸਿੰਘ ਮਜੀਠੀਆ ਪਹਿਲੋਂ ਹੀ ਸਰਕਾਰ ਦਾ ਬੇਖਰੀਦ ਸੀ ਅਤੇ ਪੰਜਾਬ ਕੌਂਸਲ ਵਿੱਚ ਮਾਲ ਮੰਤਰੀ ਸੀ। ਚੀਫ ਖਾਲਸਾ ਦੀਵਾਨ ਸਰਕਾਰ ਪੱਖੀ ਹੋਣ ਕਰਕੇ ਭੰਡਿਆ ਜਾ ਚੁੱਕਾ ਸੀ, ਕੇਵਲ ਉਸ ਦੇ ਦੋ ਮੈਂਬਰ ਸ਼੍ਰੋਮਣੀ ਕਮੇਟੀ ਨਾਲ ਨਰੜੇ ਹੋਏ ਸਨ- ਸ੍ਰ. ਹਰਬੰਸ ਸਿੰਘ (ਅਟਾਰੀ) ਅਤੇ ਪ੍ਰੋ: ਜੋਧ ਸਿੰਘ। ਮਹੰਤ ਨੇ ਮਹਾਰਾਜਾ ਪਟਿਆਲਾ ਤੋਂ ਵੀ ਮਦਦ ਮੰਗੀ ਪਰ ਗੱਲ ਸਿਰੇ ਨਾ ਚੜ੍ਹੀ।

ਮਹੰਤ ਬੜਾ ਸਿਆਣਾ ਸੀ ਅਤੇ ਸਾਜ਼ਸ਼ਾਂ ਸਿਰਜਣ ਦਾ ਮਾਹਰ ਸੀ। ਇਕ ਪਾਸੇ ਉਹ ਸਿੱਖ ਆਗੂਆਂ ਦੇ ਮਾਰ ਮੁਕਾਣ ਦੀਆਂ ਗੱਲਾਂ ਚਲਾਈ ਜਾ ਰਿਹਾ ਸੀ। ਇਹ ਸੁਲ੍ਹਾ ਦੀ ਮੀਟਿੰਗ 14 ਦਸੰਬਰ 1920 ਈਸਵੀ ਨੂੰ ਸ਼ੇਖੂਪੁਰੇ ਸ੍ਰ. ਬੂਟਾ ਸਿੰਘ ਵਕੀਲ ਦੀ ਕੋਠੀ ਹੋਣੀ ਸੀ ਪਰੰਤੂ ਉਥੇ ਮਹੰਤ ਦਾ ਸੁਨੇਹਾ ਪੁੱਜਾ ਕਿ ਇਹ ਗੱਲ 15 ਦਸੰਬਰ 1920 ਈਸਵੀ ਨੂੰ ਲਾਹੌਰ ਆ ਕੇ ਕੀਤੀ ਜਾਵੇ। ਪਰੰਤੂ ਇਥੇ ਵੀ ਮਹੰਤ ਨਾ ਆਇਆ ਅਤੇ ਨਾ ਹੀ ਸੁਨੇਹਾ ਭੇਜਿਆ।

ਇਸ ਵੇਲੇ ਝੱਬਰ ਜੀ ਦਾ ਸੂਹੀਆ ਸ੍ਰ. ਵਰਿਆਮ ਸਿੰਘ ਭੇਜੀਆਂ ਪਿੰਡ, ਜ਼ਿਲਾ ਮਿੰਟਗੁਮਰੀ (ਜੋ ਸ੍ਰ. ਉਤਮ ਸਿੰਘ ਦੇ ਕਾਰਖਾਨੇ ਵਿੱਚ ਫਰਜ਼ੀ ਮੁਨਸ਼ੀ ਸੀ ਅਤੇ ਨਨਕਾਣਾ ਸਾਹਿਬ ਮਹੰਤ ਦੀ ਕਾਰਵਾਈ ਦੀ ਖਬਰ ਝੱਬਰ ਸਾਹਿਬ ਨੂੰ ਪਹੁੰਚਾਂਦਾ ਸੀ ਅਤੇ ਨਰਾਇਣ ਦਾਸ ਨਾਲ ਹੀ ਰਹਿੰਦਾ ਸੀ) ਆਇਆ ਤੇ ਉਸ ਦੱਸਿਆ ਕਿ ਕੱਲ ਰਾਤ ਮਹੰਤ ਨੇ ਆਪਣੇ ਰਾਮਗਲੀ ਵਾਲੇ ਮਕਾਨ ਵਿੱਚ ਇੱਕ ਗੁਪਤ ਮੀਟਿੰਗ ਕੀਤੀ ਸੀ, ਜਿਸ ਵਿਚ ਥੰਮਨ ਦਾ ਮਹੰਤ ਅਰਜਨ ਦਾਸ, ਬਘਿਆ ਵਾਲੇ ਦਾ ਜਗਨ ਨਾਥ ਅਤੇ ਮਾਨਕ ਗੁਰਦੁਆਰੇ ਦਾ ਬਸੰਤ ਦਾਸ ਤੇ ਚਾਰ ਪੰਜ ਮਾਝੇ ਦੇ ਜੱਟ ਸ਼ਾਮਲ ਸਨ।

ਨਰਾਇਣ ਦਾਸ ਨੇ ਮਾਝੇ ਦੇ ਬਦਮਾਸ਼ਾਂ ਨੂੰ ਡੇਢ ਲੱਖ ਰੁਪਿਆ ਦੇਣਾ ਕੀਤਾ ਹੈ। ਉਹ ਮਾਝੇ ਦੇ 12 ਭਗੌੜੇ ਕਾਤਲ ਨਾਲ ਲੈ ਕੇ 6 ਮਾਰਚ ਨੂੰ ਨਨਕਾਣਾ ਸਾਹਿਬ ਪੁਜਣਗੇ। ਜਿਸ ਵੇਲੇ ਪੰਥਕ ਮੁਖੀਆਂ ਦਾ ਇਕੱਠ ਹੋ ਰਿਹਾ ਹੋਵੇਗਾ, ਇਹ ਅਚਾਨਕ ਹੱਲਾ ਕਰਕੇ ਉਨ੍ਹਾਂ ’ਤੇ ਪੈ ਜਾਣਗੇ, ਸਭ ਨੂੰ ਮਾਰ ਕੇ ਘੋੜੇ ਭਜਾ ਜਾਣਗੇ। ਮਹੰਤ ਤੇ ਉਸ ਦੇ ਆਦਮੀ ਫੜ੍ਹ ਲੋ, ਫੜ੍ਹ ਲੋ, ਮਾਰ ਗਏ, ਕਹਿੰਦੇ ਹੋਏ ਉਨ੍ਹਾਂ ਦਾ ਪਿੱਛਾ ਕਰਨਗੇ। ਇਹ ਸਾਰੀ ਗੱਲ ਸ੍ਰ. ਵਰਿਆਮ ਸਿੰਘ ਨੇ ਸ੍ਰ. ਅਵਤਾਰ ਸਿੰਘ ਨਿਵਾਸੀ ਝੱਬਰ ਪਿੰਡ ਰਾਹੀਂ ਝੱਬਰ ਜੀ ਤੱਕ ਪਹੁੰਚਾਈ।

ਇਸ ਰਿਪੋਰਟ ਨੇ ਝੱਬਰ ਜੀ ਤੇ ਉਹਨਾਂ ਦੇ ਸਾਥੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਝੱਬਰ ਜੀ ਨੇ ਆਪਣੇ ਮੁਖੀ ਸਾਥੀਆਂ ਨਾਲ ਸਲਾਹ ਕਰਕੇ ਫੈਸਲਾ ਕੀਤਾ ਕਿ 19-20 ਫਰਵਰੀ ਨੂੰ ਜਦੋਂ ਲਾਹੌਰ ਵਿੱਚ ਸਨਾਤਨ ਸਿੱਖ ਕਾਨਫਰੰਸ ਹੋਣੀ ਹੈ ਅਤੇ ਮਹੰਤ ਨਰਾਇਣ ਦਾਸ ਨੇ ਵੀ ਹਿੱਸਾ ਲੈਣਾ ਹੈ, ਗੁਰਦੁਆਰਾ ਜਨਮ ਅਸਥਾਨ ’ਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ। ਬਾਰ ਖਾਲਸਾ ਦੀਵਾਨ ਦੇ ਮੁਖੀ ਭਾਈ ਲਛਮਣ ਸਿੰਘ, ਟਹਿਲ ਸਿੰਘ ਆਦਿ ਲਾਇਲਪੁਰ ਤੋਂ ਭਾਈ ਬੂਟਾ ਸਿੰਘ ਚੱਕ ਨੰਬਰ 204 ਅਤੇ ਸੰਤ ਤੇਜਾ ਸਿੰਘ ਦੀ ਸਲਾਹ ਨਾਲ ਇਹ ਫੈਸਲਾ ਹੋਇਆ ਕਿ 20 ਫਰਵਰੀ 1921 ਈਸਵੀ ਨੂੰ 4-5 ਹਜ਼ਾਰ ਦਾ ਜੱਥਾ ਲੈ ਕੇ ਨਨਕਾਣਾ ਸਾਹਿਬ ਪੁਜਿਆ ਜਾਵੇ। ਭਾਈ ਲਛਮਣ ਸਿੰਘ ਹੋਰਾਂ ਦੇ ਜੱਥੇ ਨੇ ਧਾਰੋਵਾਲ ਤੋਂ ਚਲਕੇ ਝਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਤੋਂ ਪੰਜ ਮੀਲ ਦੂਰ ਚੰਦਰ ਕੋਟ ਦੀ ਝਾਲ ’ਤੇ ਮਿਲਣਾ ਸੀ ਅਤੇ ਲਾਇਲਪੁਰ ਤੋਂ ਆਏ ਸਿੰਘਾਂ ਨੇ ਇਹਨਾਂ ਨੂੰ 20 ਫਰਵਰੀ ਸਵੇਰੇ 4 ਵਜੇ ਸ੍ਰੀ ਨਨਕਾਣਾ ਸਾਹਿਬ ਦੇ ਲਾਗੇ ਭੱਠਿਆਂ ’ਤੇ ਮਿਲਕੇ ਗੁਰਦੁਆਰਾ ਜਨਮ ਅਸਥਾਨ ਪੰਜ ਵਜੇ ਸਵੇਰੇ ਪੁੱਜਣਾ ਸੀ।

ਇਹ ਚਾਹੁੰਦੇ ਸਨ ਕਿ ਇਹ ਪ੍ਰੋਗਰਾਮ ਸ਼੍ਰੋਮਣੀ ਕਮੇਟੀ ਤੋਂ ਗੁਪਤ ਹੀ ਰਹੇ, ਕਿਉਂਕਿ 6 ਮਾਰਚ ਵਾਲੇ ਇਕੱਠ ਦੇ ਸਨਮੁਖ ਕਮੇਟੀ ਨੇ ਇਨ੍ਹਾਂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਸੀ ਦੇਣੀ। ਪਰੰਤੂ ਕਿਸੇ ਤਰ੍ਹਾਂ ਮਾਸਟਰ ਤਾਰਾ ਸਿੰਘ ਤੇ ਸ੍ਰ. ਤੇਜਾ ਸਿੰਘ ਸਮੁੰਦਰੀ ਨੂੰ ਜੋ ਲਾਇਲਪੁਰ ਗਏ ਹੋਏ ਸਨ, ਨੂੰ ਇਸ ਪ੍ਰੋਗਰਾਮ ਦਾ ਪਤਾ ਲੱਗ ਗਿਆ। ਉਨ੍ਹਾਂ 19 ਫਰਵਰੀ ਸਵੇਰੇ ਪੰਜ ਵਜੇ ਚੂਹੜਕਾਣੇ ਤੋਂ ਲੰਘਦੇ ਹੋਏ ਸ੍ਰ. ਸੁੱਚਾ ਸਿੰਘ ਜੈ ਚੱਕ ਵਾਲੇ ਹੱਥੀਂ ਝੱਬਰ ਜੀ ਨੂੰ ਜੱਥਾ ਨਾ ਲੈ ਜਾਣ ਦਾ ਸੁਨੇਹਾ ਭੇਜਿਆ ਅਤੇ ਫਿਰ ਲਾਹੌਰ ਪੁਜ ਕੇ ਉਥੋਂ ਇਸ ਕੰਮ ਹਿਤ ਭਾਈ ਦਲੀਪ ਸਿੰਘ ਜੀ ਤੇ ਸ੍ਰ. ਜਸਵੰਤ ਸਿੰਘ ਝਬਾਲ ਨੂੰ ਚੂਹੜਕਾਣੇ ਭੇਜਿਆ।

ਇਸ ਵੇਲੇ ਤਕ ਵਿਰਕੈਤ ਦੇ ਬਹੁਤ ਸਾਰੇ ਸਿੰਘ ਉਥੇ ਪੁਜ ਚੁੱਕੇ ਸਨ। ਸੰਤ ਤੇਜਾ ਸਿੰਘ ਵੀ ਲਾਇਲਪੁਰ ਤੋਂ 60 ਸਿੰਘਾਂ

ਸਮੇਤ ਪੁੱਜੇ ਹੋਏ ਸਨ। ਜੱਥਾ ਸ਼ਾਮ ਪਈ ਨਨਕਾਣਾ ਸਾਹਿਬ ਵੱਲ ਨੂੰ ਜੋ ਇਥੋਂ 15 ਕੋਹ ਹੈ, ਤੁਰਨ ਦੇ ਆਹਰ ਵਿੱਚ ਸੀ ਕਿ ਭਾਈ ਦਲੀਪ ਸਿੰਘ ਹੋਰੀਂ ਪਹੁੰਚ ਗਏ।

ਲੰਮੀ ਵਿਚਾਰ ਮਗਰੋਂ ਸੰਤ ਤੇਜਾ ਸਿੰਘ ਜੀ ਨੇ ਕਿਹਾ,'ਝੱਬਰ ਸਾਹਿਬ ਜੇ ਤੁਸੀਂ ਸ਼੍ਰੋਮਣੀ ਪੰਥਕ ਜਥੇਬੰਦੀ ਦੇ ਹੁਕਮ ਦੀ ਉਲੰਘਣਾ ਕਰਕੇ ਨਨਕਾਣਾ ਸਾਹਿਬ ਜੱਥਾ ਲੈ ਗਏ ਤਾਂ ਤੁਸੀਂ ਪੰਥ ਅਤੇ ਗੁਰੂ ਦੇ ਦੇਣਦਾਰ ਹੋਵੋਗੇ'।

ਝੱਬਰ ਨੇ ਕਿਹਾ ਕਿ ਆਪੋ ਵਿੱਚ ਹੋਏ ਫੈਸਲੇ ਅਨੁਸਾਰ ਜੇਕਰ ਜਥੇਦਾਰ ਲਛਮਣ ਸਿੰਘ ਹੋਰੀ ਜਾਂ ਹੋਰ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ ਤਾਂ ਜੋ ਨੁਕਸਾਨ ਹੋਇਆ, ਉਸ ਦਾ ਕੌਣ ਜ਼ਿੰਮੇਵਾਰ ਹੋਵੇਗਾ? ਭਾਈ ਦਲੀਪ ਸਿੰਘ ਨੇ ਉਹਨਾਂ ਨੂੰ ਰੋਕਣ ਦੀ ਆਪਣੀ ਜ਼ਿੰਮੇਵਾਰੀ ਲੈ ਲਈ। ਅਖੀਰ ਇਕ ਚਿੱਠੀ ਲਿਖੀ ਗਈ ਜਿਸ ਉਤੇ ਭਾਈ ਦਲੀਪ ਸਿੰਘ, ਸ੍ਰ. ਜਸਵੰਤ ਸਿੰਘ ਝੱਬਾਲ ਆਦਿ 6 ਸਿੰਘਾਂ ਨੇ ਦਸਤਖਤ ਕੀਤੇ ਤੇ ਚਾਰ ਘੋੜ ਸਵਾਰ ਜਿਨ੍ਹਾਂ ਵਿੱਚ ਇੱਕ ਭਾਈ ਦਲੀਪ ਸਿੰਘ ਸਨ, ਜਥੇਦਾਰ ਲਛਮਣ ਸਿੰਘ ਦੇ ਜਥੇ ਨੂੰ ਰੋਕਣ ਲਈ ਤੁਰ ਪਏ। ਇਹ ਚੰਦਰ ਕੋਟ ਅਤੇ ਉਸ ਤੋਂ ਅੱਗੇ ਕਈ ਥਾਈਂ ਸਾਰੀ ਰਾਤ ਜਥੇ ਦੀ ਭਾਲ ਵਿੱਚ ਫਿਰਦੇ ਰਹੇ। ਜੋ ਜਥੇ ਜਾਂ ਇਕੱਲੇ ਦੁਕੱਲੇ ਸਿੰਘ ਮਿਲ ਗਏ, ਉਨ੍ਹਾਂ ਨੂੰ ਸ੍ਰੀ ਨਨਕਾਣਾ ਸਾਹਿਬ ਜਾਣੋਂ ਵਰਜਿਆ, ਪਰੰਤੂ ਭਾਈ ਲਛਮਣ ਸਿੰਘ ਜੀ ਦਾ ਜਥਾ ਇਹਨਾਂ ਨੂੰ ਨਾ ਮਿਲਿਆ।

ਅੰਮ੍ਰਿਤ ਵੇਲੇ ਚਾਰ ਵਜੇ ਦੇ ਕਰੀਬ ਇਹ ਨਨਕਾਣਾ ਸਾਹਿਬ ਲਾਗੇ ਪੁੱਜ ਗਏ। ਇਥੇ ਵੀ ਜਥੇ ਦੇ ਆਉਣ ਦੇ ਕੋਈ ਨਿਸ਼ਾਨ ਨਹੀਂ ਸਨ। ਅਖੀਰ ਭਾਈ ਦਲੀਪ ਸਿੰਘ, ਸ੍ਰ. ਉਤਮ ਸਿੰਘ ਜੀ ਦੇ ਕਾਰਖਾਨੇ ਗਏ ਅਤੇ ਮੁਨਸ਼ੀ ਵਰਿਆਮ ਸਿੰਘ ਨੂੰ ਉਹ ਚਿੱਠੀ ਦਿੱਤੀ ਅਤੇ ਜਥੇ ਦੀ ਭਾਲ ਨਨਕਾਣਾ ਸਾਹਿਬ ਨੂੰ ਆਉਂਦੇ ਰਾਹਾਂ 'ਤੇ ਕਰਨ ਲਈ ਭੇਜਿਆ।

ਭਾਈ ਲਛਮਣ ਸਿੰਘ ਜੀ ਤੇ ਭਾਈ ਟਹਿਲ ਸਿੰਘ ਜੀ ਦਾ ਜਥਾ ਆਪਣੇ ਪਿੰਡੋਂ 19 ਫਰਵਰੀ ਨੂੰ ਤੁਰ ਪਿਆ ਸੀ। ਇਸ ਜਥੇ ਦੇ ਸਿੰਘਾਂ ਨੇ ਗੁਰਦੁਆਰਾ ਨਨਕਾਣਾ ਸਾਹਿਬ ਦੀ ਸੇਵਾ ਲਈ ਸਿਰ ਲਾਉਣ ਦਾ ਪ੍ਰਣ ਲੈ ਲਿਆ ਸੀ। ਇਸ ਵਿੱਚ ਤਿੰਨ ਸਿੰਘਣੀਆਂ (ਜਿਨ੍ਹਾਂ ਵਿੱਚ ਭਾਈ ਲਛਮਣ ਸਿੰਘ ਦੀ ਸਿੰਘਣੀ ਵੀ ਸੀ) ਸਨ। ਇਹ ਜਥਾ ਰਸਤੇ ਵਿੱਚ ਨਜਾਮਪੁਰ, ਦੇਵਾ ਸਿੰਘ ਵਾਲਾ, ਧੰਨੂਵਾਲ ਚੇਲਾਵਾਲ, ਠੇਠੀਆਂ, ਮੂਲ ਸਿੰਘ ਵਾਲਾ ਆਦਿਕ ਪਿੰਡਾਂ ਵਿੱਚੋਂ ਹੁੰਦਾ ਹੋਇਆ ਮੋਹਲਣ ਵਿਖੇ, ਜੋ ਨਨਕਾਣਾ ਸਾਹਿਬ ਤੋਂ ਕੇਵਲ 6 ਮੀਲ ਦੂਰ ਹੈ, ਪੁੱਜ ਗਿਆ। ਇਥੇ ਪੁੱਜਣ ਤੀਕ ਇਸ ਵਿਚ 150 ਸਿੰਘ ਸ਼ਾਮਲ ਹੋ ਗਏ।

ਇਹਨਾਂ ਨੇ ਚੰਦਰ ਕੋਟ ਤੋਂ ਝੱਬਰ ਦੇ ਜਥੇ ਦੀ ਖਬਰ ਆਉਣ ਤੋਂ ਪਹਿਲਾਂ ਹੀ ਚਾਲੇ ਪਾ ਦਿਤੇ ਸਨ ਅਤੇ ਇਹ ਮਿਥਿਆ ਕਿ ਜਦ ਅਸੀਂ ਸ਼ੁਭ ਕੰਮ ਲਈ ਹੀ ਆਏ ਹਾਂ ਤਾਂ ਢਿਲ ਕਰਨੀ ਠੀਕ ਨਹੀਂ ਅਤੇ ਨਨਕਾਣਾ ਸਾਹਿਬ ਦੇ ਜਨਮ ਅਸਥਾਨ ਵੱਲ ਤੁਰ ਪਏ। ਭਾਈ ਲਛਮਣ ਸਿੰਘ ਜਥੇਦਾਰ ਨੇ ਕੋਟ ਦਰਬਾਰ ਦੀ ਜੂਹ ਵਿੱਚ ਇਕ ਥਾਂ ਜਥੇ ਨੂੰ ਰੋਕ ਕੇ ਸਾਰੇ ਸਿੰਘਾਂ ਪਾਸੋਂ ਹੱਥ ਨਾ ਉਠਾਉਣ ਅਤੇ ਸ਼ਾਂਤਮਈ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰਨ ਦਾ ਪ੍ਰਣ ਲਿਆ।

ਇਥੋਂ ਦੀ ਅਗੋਂ ਵਧਕੇ ਜਦ ਜਥਾ ਗੁਰਦੁਆਰਾ ਜਨਮ ਸਥਾਨ ਤੋਂ ਅਧ ਕੁ ਮੀਲ ਤੇ ਭਠਿਆਂ ਵਾਲੀ ਥਾਂ 'ਤੇ ਪੁੱਜਾ ਤਾਂ ਜਥੇਦਾਰ ਜੀ (ਲਛਮਣ ਸਿੰਘ ਜੀ) ਨੇ ਆਪਣੀ ਸਿੰਘਣੀ ਬੀਬੀ ਇੰਦਰ ਕੌਰ ਅਤੇ ਦੋ ਹੋਰ ਬੀਬੀਆਂ ਨੂੰ ਭਾਈ ਹਾਕਮ ਸਿੰਘ ਨਾਲ ਗੁਰਦੁਆਰਾ ਤੰਬੂ ਸਾਹਿਬ ਵਲ ਭੇਜ ਦਿੱਤਾ। ਇਸੇ ਸਮੇਂ ਭਾਈ ਟਹਿਲ ਸਿੰਘ ਨੇ ਆਪਣੀ ਜੇਬ ਵਿਚੋਂ 18 ਰੁਪਏ ਬੀਬੀ ਇੰਦਰ ਕੌਰ ਨੂੰ ਦੇਂਦੇ ਹੋਏ ਕਿਹਾ ਕਿ ਤੁਹਾਡੇ ਵਰਗੀਆਂ ਭੈਣਾਂ ਸ਼ਹੀਦੀ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾ ਦੇਣਗੀਆਂ।

ਜਥੇਦਾਰ ਨੇ ਸੰਖੇਪ ਸ਼ਬਦਾਂ ਵਿੱਚ ਅਰਦਾਸਾ ਸੋਧਿਆ: 'ਹੇ ਗੁਰੂ ਨਾਨਕ, ਤੇਰੇ ਦਰ ਦੇ ਕੂਕਰ ਤੇਰੇ ਦਰਸ਼ਨਾਂ ਨੂੰ ਆਏ ਹਾਂ ਤੇ ਇਰਾਦਾ ਧਾਰਿਆ ਏ ਤੇਰੇ ਦਰਬਾਰ ਅੰਦਰ ਹੋ ਰਹੀਆਂ ਕੁਰੀਤੀਆਂ ਨੂੰ ਆਪਣੇ ਖ਼ੂਨ ਨਾਲ ਧੋਣ ਦਾ। ਤੂੰ ਬਲ ਬਖਸ਼, ਕਿ ਅਸੀਂ ਆਪਣੇ ਇਰਾਦੇ ਵਿਚ ਸਫਲ ਹੋਈਏ।'

ਜਥਾ ਅੱਗੇ ਵਧਣ ਹੀ ਲੱਗਾ ਸੀ ਕਿ ਭਾਈ ਵਰਿਆਮ ਸਿੰਘ ਜੀ ਭੋਜੀਆਂ ਵਾਲੇ, ਜੋ ਜਥੇ ਦੀ ਭਾਲ ਵਿੱਚ ਫਿਰ ਰਹੇ ਸਨ, ਇਥੇ ਪੁਜ ਗਏ ਅਤੇ ਭਾਈ ਲਛਮਣ ਸਿੰਘ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫੈਸਲੇ ਅਨੁਸਾਰ ਸੱਚੇ ਸੌਦੇ ਤੋਂ ਸਿੰਘਾਂ ਦੇ ਦਸਤਖਤਾਂ ਵਾਲੀ ਚਿੱਠੀ ਦਿੱਤੀ ਅਤੇ ਹੋਰ ਸਾਰੇ ਜਥਿਆਂ ਦੇ ਰੁਕ ਜਾਣ ਦੀ ਖਬਰ ਦਿੱਤੀ। ਇਸ ਗੱਲ ਨੇ ਜਥੇ ਦੇ ਸਿੰਘਾਂ ਨੂੰ ਇੱਕ ਅਜਬ ਕਿਸਮ ਦੀ ਦੁਚਿੱਤੀ ਵਿੱਚ ਪਾ ਦਿੱਤਾ ਅਤੇ ਨਵੇਂ ਪੈਦਾ ਹੋਏ ਹਾਲਾਤ 'ਤੇ ਵਿਚਾਰ ਹੋਣੀ ਸ਼ੁਰੂ ਹੋਈ।

ਪਰ ਭਾਈ ਟਹਿਲ ਸਿੰਘ ਹੋਰਾਂ ਨੇ ਕਿਹਾ ਕਿ ਖਾਲਸਾ

ਜੀ ਹੁਣ ਸੋਚਣ ਦਾ ਵੇਲਾ ਨਹੀਂ। ਅਸੀਂ ਆਪਣੀਆਂ ਜ਼ਿੰਦਗੀਆਂ ਗੁਰਦੁਆਰੇ ਦੀ ਖਾਤਰ ਲਗਾ ਦੇਣ ਦਾ ਬਚਨ ਕਰ ਚੁੱਕੇ ਹਾਂ। ਇਹੋ ਇਰਾਦਾ ਧਾਰ ਕੇ ਘਰਾਂ ਤੋਂ ਤੁਰੇ ਸਾਂ ਕਿ ਅਸਾਂ ਨਨਕਾਣਾ ਸਾਹਿਬ ਨੂੰ ਆਜ਼ਾਦ ਕਰਾਉਣਾ ਹੈ ਜਾਂ ਸ਼ਹੀਦ ਹੋਣਾ ਹੈ ਅਤੇ ਇਹੋ ਅਰਦਾਸ ਤੁਸਾਂ ਹੁਣੇ ਕੀਤੀ ਹੈ। ਆਪਣੇ ਕੀਤੇ ਬਚਨਾਂ ਤੋਂ ਫਿਰਨਾ ਸੂਰਮਿਆਂ ਦਾ ਕੰਮ ਨਹੀਂ। ਮੈਂ ਵਾਪਸ ਨਹੀਂ ਜਾਵਾਂਗਾ। ਕੋਈ ਮੇਰੇ ਨਾਲ ਤੁਰੇ ਜਾਂ ਨਾ, ਮੈਂ ਤਾਂ ਸਿੱਧਾ ਗੁਰਦੁਆਰੇ ਜਾਵਾਂਗਾ।

ਇਉਂ ਕਹਿੰਦੇ ਹੋਏ ਭਾਈ ਟਹਿਲ ਸਿੰਘ ਜੀ ਗੁਰਦੁਆਰਾ ਜਨਮ ਅਸਥਾਨ ਵੱਲ ਵਗ ਤੁਰੇ। ਫੇਰ ਕੌਣ ਸੀ ਜੋ ਪਿਛਾਂਹ ਹਟਦਾ? ਚੌ: ਪਾਲ ਸਿੰਘ ਨੇ ਜੋ ਬੁਚੀਆਣੇ ਵਲੋਂ ਕਈ ਜਥਿਆਂ ਨੂੰ ਮੋੜਦੇ ਹੋਏ ਠੀਕ ਇਸੇ ਸਮੇਂ ਇਥੇ ਪੁਜੇ ਸਨ, ਦੌੜ ਕੇ ਭਾਈ ਲਛਮਣ ਸਿੰਘ ਨੂੰ ਜਫਾ ਮਾਰ ਕੇ ਉਨ੍ਹਾਂ ਨੂੰ ਰੋਕ ਲੈਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਹ ਜਥੇਦਾਰ ਜੀ ਨੂੰ ਰੋਕ ਨਾ ਸਕੇ।

ਮਹੰਤ ਨਰਾਇਣ ਦਾਸ ਜੋ ਲਾਹੌਰ ਸਨਾਤਨ ਸਿੱਖ ਕਾਨਫਰੰਸ ਵਿਚ ਜਾਣ ਵਾਲਾ ਸੀ, 19 ਫਰਵਰੀ ਨੂੰ ਸ਼ਾਮ 3-44 ਦੀ ਗੱਡੀ ’ਤੇ ਸਵਾਰ ਸੀ। ਗੱਡੀ ਚੱਲਣ ਤੋਂ ਪਹਿਲਾਂ ਹੀ ਕਿਸੇ ਮੁਸਲਮਾਨ ਚੂਹੜੀ ਨੇ ਉਸਨੂੰ ਜਾ ਖਬਰ ਕੀਤੀ ਕਿ ਜਥਾ ਬੁਚਿਆਣਾ ਆ ਗਿਆ ਹੈ। ਮਹੰਤ ਗੱਡੀ ਵਿਚੋਂ ਉਤਰ ਕੇ ਵਾਪਸ ਆ ਗਿਆ ਅਤੇ ਸਾਰੀ ਰਾਤ ਉਸ ਤਿਆਰੀ ਵਿੱਚ ਬਿਤਾਈ। ਉਸਨੇ ਪਹਿਲੋਂ ਹੀ ਆਪਣੇ ਟੱਬਰ ਦੇ ਬੰਦੇ ਲਾਹੌਰ ਭੇਜ ਦਿੱਤੇ ਹੋਏ ਸਨ। ਰੁਪਇਆ ਪੈਸਾ ਤੇ ਜ਼ਰੂਰੀ ਕਾਗਜ਼ਾਤ ਵੀ ਲਾਹੌਰ ਭੇਜ ਦਿੱਤੇ ਸਨ।

ਇਥੋਂ ਤੱਕ ਕਿ ਉਸਨੇ ਕਸੂਰ ਦੇ ਥਾਣੇ ਵਿੱਚ ਦਸ ਨੰਬਰੀਏ ਬਦਮਾਸ਼ਾਂ-ਰਿਹਾਣਾਂ, ਅਮਲ, ਕੁੰਦੀ, ਵਸਾਖੀ ਅਤੇ ਕੁੱਝ ਹੋਰਨਾਂ ਦੀਆਂ ਹਾਜ਼ਰੀਆਂ ਲਵਾਉਣ ਦਾ ਬੰਦੋਬਸਤ ਵੀ ਕਰ ਛੱਡਿਆ ਸੀ ਤਾਂ ਜੋ ਉਹ ਆਪਣੀ ਪੋਜੀਸ਼ਨ ਸਾਫ ਕਰਨ ਲਈ ਉੱਜਤ ਪੇਸ਼ ਕਰ ਸਕਣ ਕਿ ਜਿਨ੍ਹਾਂ ਬਦਮਾਸ਼ਾਂ ਨੂੰ ਕਾਤਲ ਆਖਿਆ ਜਾ ਰਿਹਾ ਹੈ ਉਹ ਤਾਂ ਉਸ ਦਿਨ ਨਨਕਾਣੇ ਸਾਹਿਬ ਵਿਚ ਹਾਜ਼ਰ ਹੀ ਨਹੀਂ ਸਨ।

ਅਕਾਲੀਆਂ ਨੇ ਜਨਮ ਅਸਥਾਨ ਦੇ ਬਾਹਰ ਤਲਾਬ ’ਤੇ ਇਸ਼ਨਾਨ ਕੀਤਾ ਅਤੇ ਕੋਈ 5-45 ਅਤੇ 6 ਵਜੇ ਦੇ ਕਰੀਬ ਸਿੰਘ ਗੁਰਦੁਆਰੇ ਅੰਦਰ ਦਾਖਲ ਹੋਏ। ਮਹੰਤ ਦੇ ਗੁੰਡੇ ਤੇ ਬਦਮਾਸ਼ ਅੱਗੇ ਤਿਆਰ ਬੈਠੇ ਸਨ।

ਅੰਦਰ ਪੁੱਜਦੇ ਸਾਰ ਹੀ ਮੱਥਾ ਟੇਕ ਕੇ ਜਥੇਦਾਰ ਲਛਮਣ ਸਿੰਘ ਜੀ ਨੇ ਜਥੇ ਦੇ ਸਾਰੇ ਸਿੰਘਾਂ ਨੂੰ ਥਾਉਂ-ਥਾਈਂ ਡਿਊਟੀਆਂ ਦੀ ਸੌਂਪਨਾ ਕਰ ਦਿੱਤੀ ਅਤੇ ਆਪ ਕੁੱਝ ਸਿੰਘਾਂ ਸਮੇਤ ਗੁਰਦੁਆਰੇ ਦੀ ਚੌਖੰਡੀ (ਪ੍ਰਕਾਸ਼ ਅਸਥਾਨ) ਅੰਦਰ ਦਾਖਲ ਹੋ ਗਏ। ਭਾਈ ਲਛਮਣ ਸਿੰਘ ਹੋਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਬਾਕੀ ਸਿੰਘ ਹੇਠ ਬੈਠ ਗਏ ਅਤੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਕਰ ਦਿੱਤਾ। ਮਹੰਤ ਨਰਾਇਣ ਦਾਸ ਆਪਣੇ ਦਖਣ ਦੀ ਗੁੱਠ ਵਾਲੇ ਮਕਾਨ (ਮਹਿਮਾਨ ਖਾਨੇ) ਦੇ ਚੁਬਾਰੇ ਵਿਚੋਂ ਇਸ ਸਾਰੇ ਕੌਤਕ ਨੂੰ ਵੇਖ ਰਿਹਾ ਸੀ। ਉਸ ਨੇ ਆਪਣੇ ਆਦਮੀਆਂ ਰਾਂਝਾ, ਰਿਹਾਣਾ, ਮਾਛੀ ਅਤੇ ਪਠਾਨਾਂ ਨੂੰ ਮਿੱਥੀ ਹੋਈ ਕਾਰਵਾਈ ਕਰਨ ਦਾ ਹੁਕਮ ਦਿੱਤਾ।

ਗੁਰਦੁਆਰੇ ਅੰਦਰ ਸੰਗਤ ਵਿੱਚ ਜਿਹੜੇ ਸਾਧੂ ਆਦਿ ਬੈਠੇ ਸਨ, ਉਹ ਹੌਲੀ ਜਿਹੀ ਖਿਸਕ ਗਏ। ਗੇਟ ਬੰਦ ਕਰ ਦਿੱਤੇ ਗਏ। ਇਕ ਦਮ ਅਹਾਤਾ ਜਨਮ ਸਥਾਨ ਦੇ ਦਖਣ ਦੀ ਬਾਹੀ ਦੇ ਕਮਰਿਆਂ ਉਪਰੋਂ ਗੋਲੀਆਂ ਚੱਲਣ ਲੱਗ ਪਈਆਂ। ਮਿੰਟਾਂ ਵਿਚ ਹੀ ਉਹ ਸਾਰੇ ਸਿੰਘ ਜੋ ਚੌਖੰਡੀ ਦੇ ਬਾਹਰ ਸਨ ਅਤੇ ਛੱਤਾਂ ਤੋਂ ਗੋਲੀ ਦਾ ਨਿਸ਼ਾਨਾ ਹੋ ਸਕਦੇ ਸਨ, ਫੁੰਡ ਦਿੱਤੇ ਗਏ। ਭਾਈ ਟਹਿਲ ਸਿੰਘ ਜੀ ਵੀ ਜੋ ਦਖਣੀ ਦਰਵਾਜ਼ੇ ’ਤੇ ਡਿਊਟੀ ਦੇ ਰਹੇ ਸਨ, ਸ਼ਹੀਦ ਹੋ ਗਏ।

ਉਪਰੰਤ ਮਹੰਤ ਦੇ ਆਦਮੀ ਬੰਦੂਕਾਂ, ਬਰਛੀਆਂ, ਗੰਡਾਸੇ ਲਈ ਅੰਦਰ ਨੂੰ ਹੇਠ ਉਤਰੇ ਅਤੇ ਚੌਖੰਡੀ ਦੇ ਪੱਛਮੀ ਦਰਵਾਜ਼ੇ ਦੇ ਰਸਤੇ ਗੋਲੀਆਂ ਮਾਰ-ਮਾਰ ਕੇ ਅੰਦਰ ਬੈਠੇ ਸਾਰੇ ਸਿੰਘਾਂ ਨੂੰ ਫੱਟੜ ਜਾਂ ਸ਼ਹੀਦ ਕਰ ਦਿੱਤਾ। ਕਈ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੀ ਲੰਘ ਕੇ ਸਾਹਮਣੀ ਦੀਵਾਰ ਨਾਲ ਵਜਦੀਆਂ ਰਹੀਆਂ, ਜਿਨ੍ਹਾਂ ਦੇ ਨਿਸ਼ਾਨ ਅੱਜ ਤੱਕ ਮੌਜੂਦ ਹਨ। ਫਟੜ ਤੇ ਸ਼ਹੀਦ ਹੋਏ ਸਿੰਘਾਂ ਦੇ ਖੂਨ ਦੇ ਪਰਨਾਲੇ ਅੰਦਰੋਂ ਬਾਹਰ ਨੂੰ ਚਲ ਰਹੇ ਸਨ।

ਗੁਰਦੁਆਰਾ ਜਨਮ ਅਸਥਾਨ ਅੰਦਰ ਲਗਾਤਾਰ ਗੋਲੀ ਚਲਣ ਦੀ ਆਵਾਜ਼ ਦੂਰ ਦੁਰਾਡੇ ਤੱਕ ਸੁਣੀ ਜਾ ਰਹੀ ਸੀ। ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ, ਜਥੇਦਾਰ ਬੂਟਾ ਸਿੰਘ ਤੇ ਸ੍ਰ. ਉਤਮ ਸਿੰਘ ਨੇ ਇਹ ਆਵਾਜ਼ਾਂ ਸ੍ਰ. ਉਤਮ ਸਿੰਘ ਦੇ ਕਾਰਖਾਨੇ ਬੈਠੇ ਸੁਣੀਆਂ। ਸੁਣਦੇ ਸਾਰ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਜੀ ਗੁਰਦੁਆਰੇ ਵੱਲ ਨੂੰ ਉੱਠ ਨੱਸੇ। (ਭਾਈ ਵਰਿਆਮ ਸਿੰਘ ਹੋਰੀਂ ਲਛਮਣ ਸਿੰਘ ਦੇ ਜੱਥੇ ਨੂੰ ਵਾਪਸ ਮੋੜਨ ਵਿਚ ਅਸਫਲ ਹੋਣ ਪਿੱਛੋਂ ਭਾਈ ਦਲੀਪ ਸਿੰਘ ਨੂੰ ਇਹ ਗੱਲ ਦਸਣ ਲਈ ਉਸੇ ਸਮੇਂ ਹੀ ਕਾਰਖਾਨੇ ਪੁੱਜੇ ਸਨ

ਅਤੇ ਹਾਲਾਂ ਆਪਣੀ ਗੱਲ ਦਸ ਹੀ ਰਹੇ ਸਨ ਕਿ ਗੋਲੀ ਚਲਣ ਦੀ ਆਵਾਜ਼ ਇਨ੍ਹਾਂ ਦੇ ਕੰਨੀਂ ਪਈ।)

ਭਾਵੇਂ ਸ੍ਰ. ਉਤਮ ਸਿੰਘ ਨੇ ਇਨ੍ਹਾਂ ਨੂੰ ਬਹੁਤ ਰੋਕਿਆ ਪਰ ਇਨ੍ਹਾਂ ਨੇ ਇਕ ਨਾ ਸੁਣੀ। ਭਾਈ ਦਲੀਪ ਸਿੰਘ ਦੇ ਮਨ ਦੀ ਦਸ਼ਾ ਦਸਣੀ ਬਹੁਤ ਕਠਨ ਸੀ, ਕਿਉਂਕਿ ਉਹਨਾਂ ਖਰੇ ਸੌਦੇ ਬਚਨ ਦਿੱਤਾ ਸੀ ਕਿ ਉਹ ਭਾਈ ਲਛਮਣ ਸਿੰਘ ਹੋਰਾਂ ਦੇ ਜਥੇ ਨੂੰ ਰੋਕ ਲੈਣਗੇ। ਭਾਈ ਦਲੀਪ ਸਿੰਘ ਸੁਰਖਰੂ ਹੋਣ ਵਾਸਤੇ ਇਕ ਮੀਲ ਦੀ ਦੂਰੀ ਤੋਂ ਸ੍ਰ. ਵਰਿਆਮ ਸਿੰਘ ਸਮੇਤ ਨੱਸਿਆ।

ਮਹੰਤ ਆਪ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਆਪ ਦਾ ਸਤਿਕਾਰ ਕਰਦਾ ਸੀ। ਪਰ ਜਦੋਂ ਦੋਵੇਂ ਦਰਸ਼ਨੀ ਦਰਵਾਜ਼ੇ ਮੂਹਰੇ ਪਹੁੰਚੇ ਤਾਂ ਉਸ ਵੇਲੇ ਮਹੰਤ ਦੀ ਚੰਡਾਲ ਜੁੰਡਲੀ ਦਾ ਬਾਹਰੋਂ ਆਏ ਨਵੇਂ ਸਿੰਘਾਂ ਉਤੇ ਹਮਲਾ ਜਾਰੀ ਸੀ ਅਤੇ ਸਿੰਘਾਂ ਨੂੰ ਅੰਨ੍ਹੇਵਾਹ ਸੱਜੇ ਖੱਬੇ ਕਤਲ ਕੀਤਾ ਜਾ ਰਿਹਾ ਸੀ। ਭਾਈ ਜੀ ਨੇ ਹੱਥ ਜੋੜ ਕੇ ਮਹੰਤ ਨੂੰ ਆਖਿਆ,'ਨਾ ਕਰੋ ਕਤਲ! ਬੰਦ ਕਰੋ ਕਤਲੇਆਮ, ਮੈਂ ਅਜੇ ਵੀ ਤੁਹਾਨੂੰ ਪੰਥ ਤੋਂ ਮੁਆਫੀ ਦੁਆਂ ਦਿਆਂਗਾ।' ਪਰ ਉਥੇ ਤਾਂ ਮਹੰਤ ਅੰਨ੍ਹਾਂ ਹੋਇਆ ਪਿਆ ਸੀ, ਉਸਨੇ ਭਾਈ ਦਲੀਪ ਸਿੰਘ ਨੂੰ ਪਿਸਤੌਲ ਦੀ ਗੋਲੀ ਨਾਲ ਸ਼ਹੀਦ ਕਰ ਦਿੱਤਾ। ਮਹੰਤ ਦੇ ਬੰਦਿਆਂ ਨੇ ਸ੍ਰ. ਵਰਿਆਮ ਸਿੰਘ ਦੇ ਵੀ ਟੁਕੜੇ-ਟੁਕੜੇ ਕਰ ਦਿੱਤੇ। ਇਨ੍ਹਾਂ ਦੋਹਾਂ ਸਿੰਘਾਂ ਦੇ ਸਰੀਰਾਂ ਨੂੰ ਅਤੇ 5-6 ਸਿੰਘਾਂ ਨੂੰ ਨਾਲ ਹੀ ਲਗਦੇ ਘੁਮਿਆਰਾਂ ਦੀਆਂ ਭੱਠੀਆਂ ਵਿੱਚ ਸੁਟ ਦਿੱਤਾ ਗਿਆ।

ਚੌਖੰਡੀ ਦੇ ਅੰਦਰ ਕੁੱਝ ਸਿੰਘ ਸ਼ਹੀਦ ਕੀਤੇ ਗਏ। ਜੋ ਕੁੱਝ ਫੱਟੜ ਪਏ ਸਨ, ਉਹਨਾ ਨੂੰ ਟੁਕੜੇ ਟੁਕੜੇ ਕਰ ਦਿੱਤਾ ਗਿਆ। 25 ਕੁ ਸਿੰਘ ਕਮਰਿਆਂ ਵਿੱਚ ਚਲੇ ਗਏ, ਉਥੇ ਵੀ ਮਹੰਤ ਦੀ ਧਾੜ ਨੇ ਗੋਲੀਆਂ, ਟਕੁਏ ਲਾਠੀਆਂ ਅਤੇ ਇੱਟਾਂ ਮਾਰ ਮਾਰ ਕੇ ਸ਼ਹੀਦ ਕਰ ਦਿੱਤਾ। ਇਸ ਵੇਲੇ ਬਾਹਰੋਂ ਸਿੰਘਾਂ ਦੇ ਜੈਕਾਰੇ ਛੱਡਣ ਦੀ ਆਵਾਜ਼ ਆਈ। ਇਨ੍ਹਾਂ ਗੁੰਡਿਆਂ ਤੇ ਬਦਮਾਸ਼ਾਂ ਨੇ ਉਨ੍ਹਾਂ ਉਤੇ ਹਮਲਾ ਕਰਨ ਲਈ ਦਰਸ਼ਨੀ ਬਾਜ਼ਾਰ ਗੇਟ ਖੋਲ੍ਹ ਦਿੱਤੇ ਅਤੇ ਟੁਟ ਕੇ ਉਨ੍ਹਾਂ ਉਤੇ ਜਾ ਪਏ। ਉਨ੍ਹਾਂ ਨੇ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਮਹੰਤ ਖੁਦ ਇਸ ਕਤਲੇਆਮ ਦੀ ਅਗਵਾਈ ਕਰ ਰਿਹਾ ਸੀ।

ਉਸ ਨੇ ਮੂੰਹ ਉਤੇ ਚਾਦਰ ਲਪੇਟੀ ਹੋਈ ਸੀ ਅਤੇ ਘੋੜੇ ਉਤੇ ਚੜ੍ਹਿਆ ਹੋਇਆ, ਕਦੇ ਇਧਰ ਜਾਂਦਾ ਸੀ ਕਦੇ ਉਧਰ ਅਤੇ ਉੱਚੀ ਉੱਚੀ ਆਖ ਰਿਹਾ ਸੀ,''ਕੋਈ ਕੇਸਾਂ ਵਾਲਾ ਸਿੱਖ ਜੀਊਂਦਾ ਨਾ ਰਹਿਣ ਦਿਓ!'' ਦੋ ਤਿੰਨ ਸਿੰਘ, ਖੇਤਾਂ ਵਿੱਚ ਜਾ ਕੇ ਸ਼ਹੀਦ ਕਰ ਦਿੱਤੇ ਗਏ। ਰੇਲਵੇ ਲਾਈਨਾਂ ਤੱਕ ਜੋ ਸਿੱਖ ਨਜ਼ਰ ਆਇਆ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਫੱਟੜਾਂ ਦੇ ਤੇ ਲੋਥਾਂ ਦੇ ਤਿੰਨ-ਚਾਰ ਢੇਰ ਬਣਾਏ ਗਏ ਅਤੇ ਅੱਗ ਲਾ ਕੇ ਸਾੜੇ ਗਏ। ਇਕ ਸਿੰਘ, ਜੋ ਸ਼ਾਇਦ ਭਾਈ ਲਛਮਣ ਸਿੰਘ ਜੀ ਸਨ ਨੂੰ ਜੰਡ ਨਾਲ ਬੰਨ੍ਹ ਕੇ ਸਾੜ ਦਿੱਤਾ ਗਿਆ। ਤਾਰਾਂ ਨਾਲ ਵਲਿਆ ਹੋਇਆ ਅਧਸੜਿਆਂ ਜੰਡ ਬਾਅਦ ਵਿਚ ਸਿੱਖਾਂ ਨੇ ਅੱਖੀਂ ਦੇਖਿਆ। ਇਹ ਜੰਡ ਅੱਜ ਵੀ ਹੈ। ਜਿੱਥੇ ਵੀ ਸਿੰਘ ਨਜ਼ਰ ਆਇਆ ਕਤਲ ਕੀਤਾ ਗਿਆ।

ਕਤਲੇਆਮ ਦੀ ਖਬਰ ਚੰਗੀ ਤਰ੍ਹਾਂ ਤਸਦੀਕ ਹੋ ਜਾਣ ਤੇ ਡਿਸਟਰਿਕਟ ਇੰਜੀਨੀਅਰ ਸਰਦਾਰ ਐਨ. ਐਸ. ਸੰਧੂਨੇ ਆਪਣਾ ਇੱਕ ਖਾਸ ਆਦਮੀ 8-15 ਵਜੇ ਘੋੜੇ ਉਤੇ ਡਿਪਟੀ ਕਮਿਸ਼ਨਰ ਕੱਰੀ ਵੱਲ ਭੇਜਿਆ ਤਾਂ ਜੁ ਉਹ ਖੁਦ ਮੌਕੇ ਉਤੇ ਆ ਕੇ ਇਹ ਭਿਆਨਕ ਸਾਕਾ ਅਖੀਂ ਵੇਖ ਲਵੇ। ਡੀ.ਸੀ. ਦਾ ਬਾਰਾਂ ਮੀਲ ਨਨਕਾਣੇ ਤੋਂ ਦੂਰ ਮਾਂਗਟ ਵਾਲੇ ਵਿੱਚ ਮੁਕਾਮ ਸੀ। ਉਧਰ ਸ੍ਰ. ਉਤਮ ਸਿੰਘ ਨੇ ਕੋਈ 9-15 ਵਜੇ ਦੇ ਕਰੀਬ ਸ੍ਰ. ਕਰਮ ਸਿੰਘ ਸਟੇਸ਼ਨ ਮਾਸਟਰ ਰਾਹੀਂ, ਤਾਰਾਂ ਦੁਆਰਾ ਖਬਰਾਂ ਪੰਜਾਬ ਦੇ ਗਵਰਨਰ, ਕਮਿਸ਼ਨਰ, ਡੀ.ਸੀ. ਤੇ ਸੁਪਰਿੰਟੈਂਡੈਂਟ ਨੂੰ ਘੱਲੀਆਂ ਅਤੇ ਨਾਲ ਹੀ ਸਾਰੇ ਸਿੱਖ ਕੇਂਦਰਾਂ, ਖਾਸ ਕਰ ਸ਼੍ਰੋਮਣੀ ਕਮੇਟੀ ਨੂੰ ਖਬਰਾਂ ਪਹੁੰਚਾ ਦਿੱਤੀਆਂ। ਸਾਰੇ ਹੀ ਸਿੱਖ ਜਗਤ ਵਿੱਚ ਹਾਹਾਕਾਰ ਮਚ ਗਈ।

ਡੀ.ਸੀ. ਕੱਰੀ ਨਨਕਾਣੇ ਸਾਹਿਬ 12-30 ਵਜੇ ਦੁਪਹਿਰ ਪਿਛੋਂ ਪਹੁੰਚਿਆ ਅਤੇ ਇਕੱਲਾ ਹੀ ਮਹੰਤ ਨਰਾਇਣ ਦਾਸ ਨਾਲ ਅੰਦਰ ਗਿਆ। ਫਿਰ ਉਸ ਨੇ ਫੌਜੀ ਦਸਤੇ ਘੱਲਣ ਵਾਸਤੇ ਉਤਲੇ ਅਫਸਰਾਂ ਨੂੰ ਤਾਰਾਂ ਦਿੱਤੀਆਂ। ਇੱਕ ਪੁਲਿਸ ਦਾ ਸਬ ਇਨਸਪੈਕਟਰ ਦੋ ਵਜੇ ਪਹੁੰਚਿਆ ਅਤੇ ਉਸ ਤੋਂ ਬਾਅਦ ਅੱਗਾਂ ਨੂੰ ਬੁਝਾਇਆ ਗਿਆ। ਜ਼ਾਹਿਰ ਹੁੰਦਾ ਹੈ ਕਿ ਡਿਪਟੀ ਕਮਿਸ਼ਨਰ ਦੇ ਪਹੁੰਚਣ ਤੋਂ ਬਾਅਦ ਵੀ ਫਟੜਾਂ ਨੂੰ ਢੂੰਡ-ਢੂੰਡ ਕੇ ਮਾਰਿਆ ਜਾ ਰਿਹਾ ਸੀ ਤਾਂ ਕਿ ਕੋਈ ਮੌਕੇ ਦਾ ਗਵਾਹ ਨਾ ਰਹੇ।

ਇਸ ਸਾਕੇ ਦੇ ਫੌਰਨ ਪਿਛੋਂ ਨਨਕਾਣਾ ਸਾਹਿਬ ਨੂੰ ਆਉਣ ਜਾਣ ਵਾਲੇ ਹਰ ਪਾਸੇ ਦੇ ਰਸਤੇ ਬੰਦ ਕਰ ਦਿੱਤੇ। ਰਾਤ ਦੇ ਕੋਈ ਸਵਾ ਨੌਂ ਵਜੇ ਲਾਹੌਰ ਤੋਂ ਕਮਿਸ਼ਨਰ ਕਿੰਗ ਅਤੇ ਡੀ.ਆਈ.ਜੀ. ਪੁਲਿਸ ਇੱਕ ਸਪੈਸ਼ਲ ਗੱਡੀ ਵਿੱਚ ਪਹੁੰਚੇ। ਉਹਨਾਂ ਨਾਲ 200 ਫੌਜੀ ਵੀ ਸਨ। ਉਸ ਤੋਂ ਬਾਅਦ ਮਹੰਤ ਨਰਾਇਣ ਦਾਸ ਦੋ ਹੋਰ ਉਸ ਦੇ ਪਿਠੂ ਅਤੇ 26 ਪਠਾਨ ਫੜ ਕੇ ਉਸ ਸਪੈਸ਼ਲ ਟਰੇਨ

ਵਿੱਚ ਲਾਹੌਰ ਘੱਲੇ ਗਏ। ਹੋਰ ਬਦਮਾਸ਼ ਇਸ ਅਰਸੇ ਵਿੱਚ ਨੱਸ ਭੱਜ ਗਏ ਸਨ। ਗੁਰਦੁਆਰਾ ਜਨਮ ਅਸਥਾਨ ਉੱਤੇ ਸਰਕਾਰ ਨੇ ਕਬਜ਼ਾ ਕਰ ਲਿਆ ਅਤੇ ਗੁਰਦੁਆਰੇ ਨੂੰ ਜੰਦਰੇ ਲਗਾ ਦਿੱਤੇ ਗਏ।

20 ਤੇ 21 ਫਰਵਰੀ ਨੂੰ ਕੁੱਝ ਸਿੱਖ ਆਗੂ ਨਨਕਾਣਾ ਸਾਹਿਬ ਪਹੁੰਚ ਗਏ। ਸ੍ਰ. ਮਹਿਤਾਬ ਸਿੰਘ ਤਾਂ 20 ਤਾਰੀਖ ਨੂੰ ਹੀ ਫੌਜੀਆਂ ਵਾਲੀ ਗੱਡੀ ਵਿੱਚ ਰਾਤ ਪਹੁੰਚ ਗਏ ਸਨ। 21 ਫਰਵਰੀ ਨੂੰ ਹੋਰ ਸਿੱਖ ਆਗੂ ਤੇ ਡਾਕਟਰ ਕਾਰਾਂ ਵਿੱਚ ਪਹੁੰਚੇ। ਇਹਨਾਂ ਵਿੱਚ ਸ੍ਰ. ਸੁੰਦਰ ਸਿੰਘ ਰਾਮਗੜੀਆ ਅਤੇ ਸ੍ਰ. ਹਰਬੰਸ ਸਿੰਘ ਅਟਾਰੀ ਵੀ ਸਨ।

21 ਤਾਰੀਖ ਨੂੰ ਸਵੇਰੇ 8 ਵਜੇ ਪੜਤਾਲ ਦਾ ਕੰਮ ਸ਼ੁਰੂ ਹੋਇਆ। ਸਾਰਾ ਗੁਰਦੁਆਰਾ ਸ਼ਮਸ਼ਾਨ ਭੂਮੀ ਬਣਿਆ ਹੋਇਆ ਸੀ। ਕੇਸ ਤੇ ਕੰਘੇ ਥਾਂ-ਥਾਂ ਡਿਗੇ ਪਏ ਸਨ। ਪੰਜ ਲਾਸ਼ਾਂ ਦੇ ਅੱਡ-ਅੱਡ ਢੇਰ ਵਿਹੜੇ ਵਿੱਚ ਲੱਗੇ ਪਏ ਸਨ ਅਤੇ ਤਿੰਨ ਲੋਥਾਂ ਚੌਖੰਡੀ ਦੇ ਬਾਹਰ ਉਪਰਲੀ ਪਰਕਰਮਾਂ ਵਿੱਚ ਪਈਆਂ ਸਨ। ਇੱਕ ਸਾਧੂ ਦੀ ਲਾਸ਼ ਹੇਠਲੀ ਪਰਕਰਮਾਂ ਵਿੱਚ ਪਈ ਸੀ। 56 ਖੋਪੜੀਆਂ ਢੇਰਾਂ ਤੋਂ ਵੱਖਰੀਆਂ ਸਨ। ਇੱਕ ਹੋਰ ਦੀ ਲਾਸ਼ ਹੇਠਲੀ ਪਰਕਰਮਾਂ ਵਿੱਚ ਪਈ ਸੀ ਅਤੇ ਬਾਹਰ ਭੱਠੇ ਵਿਚੋਂ ਛੇ ਕੜੇ ਨਿਕਲੇ। ਕੁਲ ਮਿਲਾ ਕੇ ਕੋਈ 150 ਸਿੰਘ ਅੰਦਰ ਸ਼ਹੀਦ ਹੋਏ ਸਨ। ਜਿਨ੍ਹਾਂ ਵਿੱਚੋਂ 86 ਸਿੰਘਾਂ ਦੇ ਨਾਂ ਹੀ ਮਿਲ ਸਕੇ। ਗੁਰਦੁਆਰੇ ਤੋਂ ਬਾਹਰ ਵੀ ਸਿੰਘ ਸ਼ਹੀਦ ਕੀਤੇ ਗਏ ਸਨ।

ਉਧਰ 20 ਫਰਵਰੀ ਸਵੇਰੇ ਗਿਆਰਾਂ ਵਜੇ ਸ੍ਰੀ ਨਨਕਾਣਾ ਸਾਹਿਬ ਤੋਂ ਆਈਆਂ ਤਾਰਾਂ ਤੋਂ, ਗੁਰਦੁਆਰਾ ਖਰਾ ਸੌਦਾ ਚੂਹੜਕਾਣੇ ਵਿੱਚ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ, ਜਨਮ ਅਸਥਾਨ ਵਿੱਚ ਵਰਤੇ ਸਾਕੇ ਦੀ ਇਤਲਾਹ ਮਿਲ ਚੁੱਕੀ ਸੀ।

ਇਸ ਸਮੇਂ ਖੱਰੇ ਸੌਦੇ 80-90 ਸਿੰਘ ਹਾਜ਼ਰ ਸਨ। ਇਹਨਾਂ ਨੇ ਅਰਦਾਸਾ ਸੋਧਿਆ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਕਬਜ਼ੇ ਵਾਸਤੇ ਚਾਲੇ ਪਾ ਦਿੱਤੇ। 40 ਕੁ ਸਿੰਘ ਘੋੜਿਆਂ 'ਤੇ ਪਿੰਡਾਂ ਵਿੱਚ ਦੌੜਾਏ ਗਏ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੀ ਖਬਰ ਦਿੰਦੇ ਹੋਏ ਪਿੰਡ ਪਿੰਡ ਘੁੰਮ ਗਏ ਅਤੇ ਜਗ੍ਹਾ ਜਗ੍ਹਾ ਤੋਂ ਸਿੰਘ ਸ਼ਹੀਦੀਆਂ ਪਾਉਣ ਵਾਸਤੇ ਤੁਰ ਪਏ।

ਇਸ ਦੇ ਨਾਲ ਹੀ ਜਿਥੇ ਕਿਥੇ ਵੀ ਇਸ ਸਾਕੇ ਦੀ ਖਬਰ ਪਹੁੰਚੀ, ਸਿੱਖ ਜਨਤਾ ਅਤੇ ਖਾਸ ਕਰ ਅਕਾਲੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੇ ਦਰਸ਼ਨਾਂ ਨੂੰ ਉਠ ਨੱਸੇ। 20 ਫਰਵਰੀ ਰਾਤ ਦੇ ਗਿਆਰਾਂ ਵਜੇ ਤੱਕ ਪੰਦਰਾਂ ਸੌ ਸਿੰਘ ਚੰਦਰ ਕੋਟ ਦੀ ਝਾਲ ਤੇ ਪੁੱਜ ਚੁੱਕੇ ਸਨ। 21 ਫਰਵਰੀ ਦੁਪਹਿਰ ਤੱਕ ਸਿੰਘਾਂ ਦੀ ਗਿਣਤੀ ਚਾਰ ਹਜ਼ਾਰ ਤੋਂ ਉਪਰ ਹੋ ਗਈ, ਜਿਨ੍ਹਾਂ ਵਿੱਚ ਬੀਬੀਆਂ ਅਤੇ ਬਿਰਧ ਵੀ ਸਨ।

ਜਦ ਜੱਥਾ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਦੋ ਮੀਲ ਦੂਰ ਪਹੁੰਚਿਆ ਤਾਂ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਸਭ ਨੂੰ ਖੜਾ ਕਰਕੇ ਇੱਕ ਲਕੀਰ ਖਿੱਚ ਦਿੱਤੀ ਅਤੇ ਕਿਹਾ ਕਿ ਉਹ ਹੀ ਸਿੰਘ ਅਗੇ ਆਉਣ ਜਿਨ੍ਹਾਂ ਨੇ ਗੁਰਦੁਆਰੇ ਦੇ ਕਬਜ਼ੇ ਵਾਸਤੇ ਸ਼ਹੀਦੀ ਪ੍ਰਾਪਤ ਕਰਨੀ ਹੈ। ਇਸ ਤਰ੍ਹਾਂ 2200 ਸਿੰਘ ਸਿਰ 'ਤੇ ਕਫਨ ਬੰਨ੍ਹ ਲਕੀਰ ਪਾਰ ਕਰਕੇ ਖੜ੍ਹਾ ਹੋ ਗਿਆ। ਜਥੇਦਾਰ ਕਰਤਾਰ ਸਿੰਘ ਝੱਬਰ ਨੇ ਦੋ-ਦੋ ਸੌ ਦੇ ਗਿਆਰਾਂ ਜਥੇ ਬਣਾ ਕੇ ਉਨ੍ਹਾਂ ਦੇ ਜਥੇਦਾਰ ਥਾਪ ਦਿੱਤੇ ਅਤੇ ਗੁਰਦੁਆਰਾ ਜਨਮ ਅਸਥਾਨ ਨੂੰ ਮਾਰਚ ਆਰੰਭ ਕੀਤਾ। ਸਭ ਤੋਂ ਅੱਗੇ ਘੋੜੇ 'ਤੇ ਸਵਾਰ ਜਥੇਦਾਰ ਕਰਤਾਰ ਸਿੰਘ ਝੱਬਰ ਸਨ।

ਇਸ ਜਥੇ ਦਾ ਹਰ ਇੱਕ ਸਿੰਘ ਛਵੀਆਂ, ਗੰਡਾਸੇ, ਸਫਾ ਜੰਗ, ਕ੍ਰਿਪਾਨ ਜਾਂ ਡਾਂਗ ਨਾਲ ਹਥਿਆਰ ਬੰਦ ਸੀ ਅਤੇ ਇਹਨਾਂ ਨੂੰ ਐਸੀ ਕੋਈ ਸਹੁੰ ਨਹੀਂ ਸੀ ਚੁਕਾਈ ਗਈ ਕਿ ਵਾਰ ਨਹੀਂ ਕਰਨਾ। ਇਹ ਤਾਂ ਆਏ ਹੀ ਮਰਨ-ਮਾਰਨ ਦਾ ਪ੍ਰੋਗਰਾਮ ਬਣਾ ਕੇ ਸਨ, ਕਦ ਤੱਕ ਸ਼ਾਂਤਮਈ ਮਾਰਾਂ ਖਾਂਦੇ? ਸ੍ਰ. ਬ: ਮਹਿਤਾਬ ਸਿੰਘ, ਜੋ ਉਸ ਸਮੇਂ ਪੰਜਾਬ ਸਰਕਾਰ ਦੇ ਸਰਕਾਰੀ ਵਕੀਲ ਸਨ। ਘੋੜੇ 'ਤੇ ਸਵਾਰ ਅਗੋਂ ਆ ਮਿਲੇ ਅਤੇ ਜਥੇ ਨੂੰ ਅੱਗੇ ਜਾਣ ਤੋਂ ਇਹ ਕਹਿ ਕੇ ਰੋਕਿਆ ਕਿ ਅਗੇ ਫੌਜ ਹੈ ਅਤੇ ਮਸ਼ੀਨ-ਗੰਨਾਂ ਬੀੜੀਆਂ ਹੋਈਆਂ ਹਨ।

ਜਥੇਦਾਰ ਕਰਤਾਰ ਸਿੰਘ ਝੱਬਰ ਨੇ ਉੱਤਰ ਦਿੱਤਾ,"ਹੁਣ ਪਿਛੇ ਮੁੜਨ ਦਾ ਸਮਾਂ ਨਹੀਂ, ਅਸੀਂ ਗੁਰਦੁਆਰੇ ਦਾ ਕਬਜ਼ਾ ਲੈਣਾ ਹੈ ਜਾਂ ਸਨਮੁਖ ਸ਼ਹੀਦ ਹੋ ਜਾਣਾ ਹੈ।" ਸ੍ਰ. ਬ: ਮਹਿਤਾਬ ਸਿੰਘ ਵਾਪਸ ਮੁੜ ਗਿਆ। ਜਥੇਦਾਰ ਕਰਤਾਰ ਸਿੰਘ ਝੱਬਰ ਨੇ ਜਥੇ ਨੂੰ ਫਿਰ ਸੰਬੋਧਨ ਕੀਤਾ - ਖਾਲਸਾ ਜੀ, ਹੁਣ ਅਸੀਂ ਗੋਲੀ ਦੀ ਮਾਰ ਦੇ ਨੇੜੇ ਪੁੱਜ ਗਏ ਹਾਂ। ਜਿਸ ਵੇਲੇ ਗੋਲੀ ਚੱਲੇ, ਤੁਸਾਂ ਸਭ ਨੇ ਪੂਰੇ ਜ਼ੋਰ ਨਾਲ ਦੌੜ ਕੇ ਗੋਰਾ ਫੌਜ 'ਤੇ ਹੱਲਾ ਬੋਲਣਾ ਹੈ। ਜੋ ਗੋਲੀ ਖਾ ਕੇ ਡਿੱਗ ਪੈਣਗੇ, ਉਨ੍ਹਾਂ ਨੂੰ ਪਏ ਰਹਿਣ ਦਿਓ। ਅੱਗੇ ਵਧਦੇ ਜਾਓ ਅਤੇ ਹੱਥੋ ਹੱਥੀਂ ਗੋਰਿਆਂ 'ਤੇ ਪੈ ਕੇ ਉਨ੍ਹਾਂ ਪਾਸੋਂ ਮਸ਼ੀਨ ਗੰਨਾਂ ਖੋਹ ਲਵੋ। ਅਸੀਂ ਅਰਦਾਸਾ ਸੋਧ ਕੇ ਤੁਰੇ ਹਾਂ ਕਿ ਗੁਰਦੁਆਰੇ ਉਤੇ ਕਬਜ਼ਾ ਕਰਾਂਗੇ ਜਾਂ ਸ਼ਹੀਦ ਹੋਵਾਂਗੇ। ਜਥੇ ਵਿੱਚੋਂ ਕਿਸੇ ਸਿੰਘ ਨੇ ਜੈਕਾਰਾ ਬੁਲਾਇਆ ਜੋ ਇਤਨੇ ਜ਼ੋਰ

ਦਾ ਸੀ ਕਿ ਇੱਕ ਵਾਰ ਧਰਤੀ ਵੀ ਕੰਬਦੀ ਪ੍ਰਤੀਤ ਹੋਣ ਲੱਗ ਪਈ।

ਜਦ ਜਥਾ ਰੇਲਵੇ ਲਾਈਨ ਦੇ ਨੇੜੇ ਪੁੱਜਾ ਤਾਂ ਅੱਗੋਂ ਅੰਗਰੇਜ਼ ਅਫਸਰ ਮਿਲੇ ਜਿਨ੍ਹਾਂ ਵਿੱਚ ਕਮਿਸ਼ਨਰ, ਪੁਲਿਸ ਜਰਨੈਲ, ਫੌਜੀ ਜਰਨੈਲ, ਡਿਪਟੀ ਕਮਿਸ਼ਨਰ ਅਤੇ ਸ੍ਰ. ਬ. ਮਹਿਤਾਬ ਸਿੰਘ, ਸ੍ਰ. ਹਰਬੰਸ ਸਿੰਘ ਅਟਾਰੀ, ਭਾਈ ਜੋਧ ਸਿੰਘ ਤੇ ਸ੍ਰ. ਲਾਲ ਸਿੰਘ ਲਾਹੌਰ ਵਾਲੇ ਸਨ। ਡਿਪਟੀ ਕਮਿਸ਼ਨਰ ਮਿਸਟਰ ਕੱਰੀ ਨੇ ਅਗੇ ਵੱਧ ਕੇ ਝੱਬਰ ਜੀ ਨੂੰ ਜਥੇ ਨੂੰ ਰੋਕਣ ਵਾਸਤੇ ਕਿਹਾ ਅਤੇ ਨਾਲ ਹੀ ਧਮਕੀ ਦਿੱਤੀ ਕਿ,'ਆਗੇ ਗੋਰਾ ਫੌਜ ਹੈ, ਅਗਰ ਆਪ ਅੱਗੇ ਬੜ੍ਹੋਗੇ ਤੋ ਗੋਲੀ ਚੱਲ ਜਾਏਗੀ।' ਜਥੇਦਾਰ ਕਰਤਾਰ ਸਿੰਘ ਝੱਬਰ ਨੇ ਕਿਹਾ,''ਆਪ ਗੋਲੀ ਚਲਾਓ ਔਰ ਮੇਰੇ ਜਵਾਨੋਂ ਕੇ ਹਾਥ ਦੇਖੋ।'' ਡਿਪਟੀ ਕਮਿਸ਼ਨਰ ਕੱਰੀ ਨੇ ਕਿਹਾ,''ਆਪ ਕੁੱਝ ਇੰਤਜ਼ਾਰ ਕਰੋ, ਗੁਰਦੁਆਰੇ ਕੀ ਚਾਬੀਆਂ ਕੱਲ ਸਵੇਰੇ ਮਿਲੇਂਗੀ'' ਜਥੇਦਾਰ ਕਰਤਾਰ ਸਿੰਘ ਝੱਬਰ ਨੇ ਕਿਹਾ,''ਚਾਬੀਆਂ ਹੁਣੇ ਹੀ ਲੈਣੀਆਂ ਹਨ ਅਤੇ ਗੁਰਦੁਆਰੇ ਤੋਂ ਗੋਰਾ ਫੌਜ ਵੀ ਹੁਣੇ ਹੀ ਹਟੇਗੀ।''

ਜਥੇ ਦੇ ਸਿੰਘਾਂ ਨੇ ਹਥਿਆਰ ਸੂਤ ਲਏ ਅਤੇ ਅੰਗਰੇਜ਼ ਅਫਸਰਾਂ ਨੂੰ ਕਿਹਾ,'ਪਿਛੇ ਹੱਟ ਜਾਓ, ਨਹੀਂ ਤਾਂ ਨੁਕਸਾਨ ਦੇ ਅਸੀਂ ਜ਼ਿੰਮੇਂਵਾਰ ਨਹੀਂ।'' ਫਿਰ ਡਿਪਟੀ ਕਮਿਸ਼ਨਰ ਕੱਰੀ ਨੇ ਦੋ ਮਿੰਟ ਵਿੱਚ ਹੀ ਚਾਬੀਆਂ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਹੱਥ ਫੜਾਈਆਂ ਔਰ ਫੌਜ ਨੂੰ ਪਿਛੇ ਹਟਾਇਆ ਗਿਆ ਅਤੇ ਉਸੇ ਵੇਲੇ ਹੀ 7 ਸਿੰਘਾਂ ਦੀ ਕਮੇਟੀ ਬਣਾ ਕੇ ਗੁਰਦੁਆਰੇ ਦਾ ਕਬਜ਼ਾ ਸਿੰਘਾਂ ਨੂੰ ਦਿੱਤਾ ਗਿਆ ਜਿਸ ਦੇ ਪ੍ਰਧਾਨ ਸ੍ਰ. ਹਰਬੰਸ ਸਿੰਘ ਸਨ।

ਕਮੇਟੀ ਦੇ ਮੈਂਬਰ ਅਤੇ ਕੁੱਝ ਮੁਖੀ ਸਿੰਘ ਗੁਰਦੁਆਰੇ ਦਾ ਤਾਲਾ ਖੋਲ੍ਹ ਕੇ ਅੰਦਰ ਗਏ ਅਤੇ ਜੋ ਦ੍ਰਿਸ਼ ਦੇਖਿਆ, ਉਸਨੂੰ ਜ਼ਿਆਦਾ ਦੇਰ ਬਰਦਾਸ਼ਤ ਨਾ ਕਰ ਸਕੇ। ਇਤਨੀ ਦੇਰ ਨੂੰ ਸ੍ਰ. ਉਤਮ ਸਿੰਘ ਅਤੇ ਹੋਰ ਪ੍ਰੇਮੀਆਂ ਨੇ ਜਥੇ ਦੇ ਲੰਗਰ ਪਾਣੀ ਦੀ ਸੇਵਾ ਕੀਤੀ। ਕਮੇਟੀ ਦੇ ਮੈਂਬਰਾਂ ਨੇ ਇਹ ਤਹਿ ਕੀਤਾ ਕਿ ਸਵੇਰੇ 22 ਤਾਰੀਖ ਨੂੰ ਸ਼ਹੀਦਾਂ ਦੇ ਦਰਸ਼ਨ ਕਰਾਏ ਜਾਣਗੇ। ਜਥੇ ਨੇ ਸਰਾਇ ਵਿੱਚ ਆਰਾਮ ਕੀਤਾ। ਸਿੰਘਾਂ ਨੇ ਰਾਤ ਖੁਦ ਗੁਰਦੁਆਰੇ ਦੀ ਰਖਵਾਲੀ ਕੀਤੀ। ਰਾਤ ਭਰ ਹੋਰ ਸਿੰਘਾਂ ਦੇ ਜਥੇ ਪਹੁੰਚਦੇ ਰਹੇ ਅਤੇ ਸਵੇਰ ਤੱਕ ਹਜ਼ਾਰਾਂ ਸਿੰਘ ਨਨਕਾਣੇ ਸਾਹਿਬ ਦੀ ਧਰਤੀ 'ਤੇ ਆ ਚੁੱਕੇ ਸਨ।

22 ਫਰਵਰੀ, ਸਵੇਰੇ 11 ਵਜੇ ਸਿੰਘਾਂ ਨੂੰ ਅੰਦਰ ਜਾਣ ਦਾ ਹੁਕਮ ਹੋਇਆ। ਅੰਦਰ ਦਾ ਨਜ਼ਾਰਾ ਦੇਖ ਕੇ ਸਿੰਘਾਂ ਦੀਆਂ ਚੀਖਾਂ ਨਿਕਲ ਗਈਆਂ ਅਤੇ ਜੋ ਹਾਲਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੀ, ਉਹ ਵੀ ਬਿਆਨ ਤੋਂ ਬਾਹਰ ਹੈ। ਸਾਰਾ ਫਰਸ਼ ਲਾਲ ਹੋਇਆ ਪਿਆ ਸੀ, ਸਿੰਘਾਂ ਦੇ ਅੱਧ-ਸੜੇ ਸਰੀਰ ਇਧਰ ਉਧਰ ਪਏ ਸਨ। ਤੇਲ ਦੇ ਪੀਪੇ ਸੜੇ ਪਏ ਸਨ।

ਜਿਥੋਂ ਕਿੱਥੋਂ ਵੀ ਸੜੇ ਸਰੀਰ ਮਿਲੇ ਉਹ ਗੁਰਦੁਆਰੇ ਦੇ ਅੰਦਰ ਲਿਆਂਦੇ ਗਏ। ਰੇਲਵੇ ਲਾਈਨ ਕੋਲ ਘੁਮਿਆਰਾਂ ਦੀਆਂ ਭਠੀਆਂ ਵਿੱਚੋਂ ਸ੍ਰ. ਦਲੀਪ ਸਿੰਘ ਤੇ ਸ੍ਰ. ਵਰਿਆਮ ਸਿੰਘ ਦਾ ਸਰੀਰ ਕਢਿਆ ਗਿਆ। ਇਸੇ ਵੇਲੇ ਸ੍ਰ. ਸੁੰਦਰ ਸਿੰਘ ਮਜੀਠੀਏ ਦੀ ਰਾਵਲਪਿੰਡੀ ਤੋਂ ਤਾਰ ਆਈ ਕਿ ਗਵਰਨਰ ਮੈਕਲੈਗਨ ਸਾਕੇ ਦਾ ਦ੍ਰਿਸ਼ ਵੇਖਣ ਲਈ 23 ਫਰਵਰੀ ਨੂੰ ਪੁੱਜ ਰਿਹਾ ਹੈ।

ਅਗਲੇ ਦਿਨ ਅਥਵਾ 23 ਫਰਵਰੀ ਦੀ ਸਵੇਰ ਨੂੰ ਗਵਰਨਰ ਪੰਜਾਬ ਸਮੇਤ ਕਈ ਹੋਰ ਅੰਗਰੇਜ਼ ਅਫਸਰਾਂ ਅਤੇ ਕੌਂਸਲਰ ਸ੍ਰ. ਸੁੰਦਰ ਸਿੰਘ ਮਜੀਠੀਆ, ਲਾਲਾ ਹਰਿਕਿਸ਼ਨ ਲਾਲ ਅਤੇ ਸਰ ਫਜ਼ਲ ਹੁਸੈਨ ਸਮੇਤ ਨਨਕਾਣਾ ਸਾਹਿਬ ਪੁੱਜੇ। ਗਵਰਨਰ ਵੀ ਇਹ ਦ੍ਰਿਸ਼ ਦੇਖ ਕੇ ਦੁਖੀ ਹੋਇਆ।

ਫਿਰ ਸ਼ਹੀਦਾਂ ਦਾ ਅੰਗੀਠਾ (ਗੁਰਦੁਆਰੇ ਦੇ ਅਹਾਤੇ ਅੰਦਰ ਪ੍ਰਕਾਸ਼ ਅਸਥਾਨ ਦੇ ਸਾਹਮਣੇ, ਜਿਸ ਜਗ੍ਹਾ ਸ਼ਹੀਦ ਗੰਜ ਬਣਿਆ ਹੈ) ਤਿਆਰ ਕੀਤਾ ਗਿਆ। ਭਾਈ ਸਾਹਿਬ ਜੋਧ ਸਿੰਘ ਜੀ ਨੇ ਸ਼ਹੀਦਾਂ ਦੇ ਨਮਿਤ ਅਤਿ ਵੈਰਾਗਮਈ ਭਾਵ ਪੂਰਤ ਅਰਦਾਸਾ ਸੋਧਿਆ ਅਤੇ ਸ਼ਾਮ ਦੇ 7 ਵਜੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ।

ਅੱਜ ਸ਼ਹੀਦ ਗੰਜ ਵਾਲੇ ਸਥਾਨ 'ਤੇ ਸ਼ਹੀਦਾਂ ਦੀ ਯਾਦਗਾਰ ਹੈ। ਇਸ ਦੇ ਹੇਠ ਭੌਰੇ ਵਿੱਚ ਇੱਕ ਸ਼ੀਸ਼ੇ ਦੇ ਢਕਨੇ ਹੇਠ ਸ਼ਹੀਦਾਂ ਦੀ ਬਿਭੂਤੀ ਅਤੇ ਅਸਥੀਆਂ ਸੁਰੱਖਿਅਤ ਕੀਤੀਆਂ ਹੋਈਆਂ ਹਨ।

ਸਾਕੇ ਦੇ ਮੁਕੰਮਲ ਹਾਲਾਤ ਪੰਜਾਬੀ, ਅੰਗਰੇਜ਼ੀ, ਫਾਰਸੀ, ਉਰਦੂ, ਹਿੰਦੀ ਆਦਿ ਸਤ ਜ਼ਬਾਨਾਂ ਵਿੱਚ ਅੰਕਤ ਇਸ ਭੌਰੇ ਹੇਠ ਰੱਖੇ ਹਨ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਹੀ ਅੰਮ੍ਰਿਤਸਰ ਵਿੱਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਖੋਲਿਆ ਗਿਆ ਸੀ ਅਤੇ ਹਰ ਰੋਜ਼ ਹਰ ਗੁਰਸਿੱਖ ਅਰਦਾਸ ਵਿੱਚ ਇਹਨਾਂ ਸ਼ਹੀਦਾਂ ਦੀ ਯਾਦ ਤਾਜ਼ਾ ਕਰਦਾ ਹੈ।

❋❋❋

– ਪ੍ਰਾਪਤ



# ਪੰਜਾਬੀ ਰੰਗ ਵਿੱਚ ਡਾ. ਸਰ ਮੁਹੰਮਦ ਇਕਬਾਲ

ਡਾ. ਸਰ ਮੁਹੰਮਦ ਇਕਬਾਲ ਸਿਆਲਕੋਟ (ਪੰਜਾਬ) ਦਾ ਜੰਮਪਲ ਸੀ ਅਤੇ ਤਾਸੀਰ ਕਸ਼ਮੀਰੀ ਸੀ। ਸਰ, ਹਕੀਮ-ਉਲ-ਉਮਤ, ਸ਼ਾਇਰ ਮਸ਼ਰਕ, ਤਰਜਮਾਨੇ ਹਕੀਕਤ ਆਦਿ ਖਿਤਾਬਾਂ ਨਾਵਾਂ ਨਾਲ ਵੀ ਲੋਕੀਂ ਉਸ ਨੂੰ ਮੁਖ਼ਾਤਬ ਕਰਦੇ ਹਨ।ਪੰਜਾ ਆਬਾਦੀ ਧਰਤੀ ਤੇ ਪ੍ਰਵਾਨ ਚੜ੍ਹਿਆ ਅਤੇ ਉਸ ਦੀ ਕਵਿਤਾ ਨੇ ਇਸ ਧਰਤੀ ਦੇ ਪਾਉਣ ਪਾਣੀ ਵਿਚ ਵਿਕਾਸ ਦੀਆਂ ਸਿਖਰਾਂ ਪ੍ਰਾਪਤ ਕੀਤੀਆਂ।ਡਾ. ਇਕਬਾਲ ਦੇ ਆਲੋਚਕਾਂ ਨੇ ਭਾਵੇਂ ਉਸਦੀ ਇਸਲਾਮੀ ਕਵਿਤਾ ਬਾਰੇ ਕੋਈ ਚੰਗੀ ਰਾਏ ਕਾਇਮ ਨਹੀਂ ਕੀਤੀ, ਪਰ ਫਿਰ ਵੀ ਕੁਝ ਆਲੋਚਕ ਉਸਨੂੰ 'ਠੇਠ ਪੰਜਾਬੀ ਮੰਨਦੇ ਹਨ। ਡਾ. ਇਕਬਾਲ ਏਸ਼ੀਆ ਮਹਾਂਦੀਪ ਦਾ ਪ੍ਰਸਿੱਧ ਸ਼ਾਇਰ ਹੀ ਨਹੀਂ ਸੀ, ਸਗੋਂ ਪੂਰੇ ਸੰਸਾਰ ਵਿਚ ਉਸਦਾ ਨਾਂ ਬੜੇ ਸਤਿਕਾਰ ਤੇ ਮਾਣ ਨਾਲ ਲਿਆ ਜਾਂਦਾ ਹੈ।

ਮਹਾਨ ਆਲੋਚਕ ਤੇ ਨਾਵਲਕਾਰ ਈ.ਐਮ. ਫ਼ਾਰਸਟਰ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ-"ਇਕਬਾਲ ਨੇ ਉਰਦੂ ਤੇ ਫ਼ਾਰਸੀ ਤੋਂ ਇਲਾਵਾ ਪੰਜਾਬੀ ਵਿਚ ਵੀ ਕਵਿਤਾ ਲਿਖੀ ਹੈ।" ਡਾ. ਇਕਬਾਲ ਸਾਹਿਬ ਦੀ ਇਕ ਪੰਜਾਬੀ ਕਵਿਤਾ ਜੋ ਉਹਨਾਂ ਆਪਣੇ ਬੇਟੇ 'ਜਾਵੇਦ' ਦੇ ਨਾਂ ਲਿਖੀ ਸੀ ਪਾਕਿਸਤਾਨ ਦੇ ਰਸਾਲੇ 'ਸਿਆਰਾ ਡਾਈਜੈਸਟ' ਵਿਚੋਂ ਪ੍ਰਾਪਤ ਹੋਈ ਹੈ।

ਬੱਬਾ ਬੱਕਰੀ ਵਾਲਾ
ਇਕ ਸੀ ਬੱਬਾ ਬਕਰੀ ਵਾਲਾ ਹੱਥ ਵਿਚ ਰਖਦਾ ਡੰਡਾ,
ਨਾਨੀ ਜੋ ਉਹਨੂੰ ਫੜਨ ਲੱਗੀ ਨਸ਼ਿਆ ਮਾਰ ਪਛੰਡਾ,
ਭਾਬੀ, ਬੰਬਾ ਬਕਰੀ ਵਾਲਾ।
ਨਾਲ ਖਾਂਦਾ ਹਲਵਾ ਮੰਡਾ ਨਾਲ ਖਾਂਦਾ ਤੇਸ ਤੇ ਅੰਡਾ
ਭਾਬੀ, ਬੱਬਾ ਬਕਰੀ ਵਾਲਾ।

ਡਾ. ਇਕਬਾਲ ਦੇ ਵੱਡੇ ਭਰਾ ਦੇ ਦੋਹਤਰੇ ਪ੍ਰੋ. ਖਾਲਿਦ ਨਜ਼ੀਰ ਸੂਫ਼ੀ ਨੇ ਆਪਣੀ ਕਿਤਾਬ ਵਿਚ ਇਸ ਗੱਲ ਦਾ ਇੰਕਸ਼ਾਫ ਕੀਤਾ ਹੈ-"ਜਾਵੇਦ (ਇਕਬਾਲ ਸਾਹਿਬ ਦਾ ਬੇਟਾ) ਨੂੰ ਨਿੱਕੇ ਹੁੰਦਿਆਂ 'ਬੱਬਾ' ਆਖਿਆ ਜਾਂਦਾ ਸੀ। ਉਹਦੇ ਖੇਡਣ ਲਈ ਇਕ ਬਕਰੇਟਾ ਵੀ ਰੱਖਿਆ ਗਿਆ ਸੀ। ਦਿਨ ਦਿਹਾੜੇ ਜਾਵੇਦ ਬਕਰੇਟੇ ਨਾਲ ਖੇਡ ਰਿਹਾ ਸੀ। ਇਕਬਾਲ ਆ ਗਏ ਤੇ ਉਹਨੂੰ ਖੇਡਦੇ ਨੂੰ ਵੇਖਦੇ ਰਹੇ ਨਾਲ ਗੱਲਾਂ ਵੀ ਕਰਦੇ ਰਹੇ। ਜਾਵੇਦ ਦੀ ਮਾਂ ਨੂੰ ਖ਼ਬਰੇ ਕੀ ਖ਼ਿਆਲ ਆਇਆ ਕਿ ਉਹਨਾਂ ਆਪਣੇ ਪਤੀ ਇਕਬਾਲ ਸਾਹਿਬ ਨੂੰ ਕਿਹਾ-"ਤੁਸਾਂ ਅਨਗਿਣਤ ਸ਼ੇਅਰ ਕਹੇ, ਪਰ ਜਾਵੇਦ ਬਾਰੇ ਕੁਝ ਨਹੀਂ ਕਿਹਾ।" ਇਕਬਾਲ ਸਾਹਿਬ ਕਹਿਣ ਲੱਗੇ-"ਇਹ ਕਿਹੜੀ ਔਖੀ ਗੱਲ ਏ, ਹੁਣੇ ਲਓ।" ਤੇ ਫੇਰ ਉਸੇ ਵੇਲੇ ਉਹਨਾਂ 'ਬੱਬਾ ਬਕਰੀ ਵਾਲਾ ਕਵਿਤਾ ਲਿਖ ਦਿੱਤੀ। ਇਕ ਵਾਰੀ ਇਕਬਾਲ ਮੰਜ਼ਲ ਸਿਆਕੋਟ ਵਿਚ ਘਰ ਵਾਲਿਆਂ ਦੀ ਮਹਿਫ਼ਲ ਲੱਗੀ ਸੀ। ਗੱਲਾਂ ਗੱਲਾਂ ਵਿਚ ਇਕਬਾਲ ਨੇ ਪੰਜਾਬੀ ਬੁਝਾਰਤ ਪਾਈ ਜਿਹੜੀ ਕਿਸੇ ਕੋਲ ਵੀ ਨਾ ਬੋਝੀ ਗਈ, ਬੁਝਾਰਤ ਸੀ

ਏਸ ਗਭਰੂ ਦੇ ਕੰਮ ਕੁਵੱਲੋਂ ਰਹਿੰਦਾ ਰੰਨਾਂ ਦੇ ਦੁਵੱਲ
ਪੱਗ ਨਾ ਬੰਨ੍ਹਦਾ ਟੱਪੀ ਪਾਂਦਾ ਬਿਨ ਪੈਰਾਂ ਥੀਂ ਟੁਰਦਾ ਜਾਂਦਾ।

ਇਕਬਾਲ ਸਾਹਿਬ ਨੇ ਕਿਹਾ-'ਸਿਧਾ ਬੁਰਕਾ'। ਮੁਹੰਮਦ ਹਨੀਫ ਸ਼ਾਇਦ ਹੋਰਾਂ ਪ੍ਰੋ. ਸੂਫ਼ੀ ਦੀ ਪੁਸਤਕ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਇਕਬਾਲ ਸਾਹਿਬ ਦੀ ਪਤਨੀ ਨੇ ਦੱਸਿਆ-"ਜਾਵੇਦ ਨੂੰ ਨਿੱਕੇ ਹੁੰਦਿਆਂ ਕਹਾਣੀ ਸੁਣਨ ਦਾ ਬੜਾ ਸ਼ੌਕ ਸੀ। ਰਾਤੀਂ ਸੌਣ ਤੋਂ ਪਹਿਲਾਂ ਮੈਥੋਂ ਕਹਾਣੀ ਜ਼ਰੂਰ ਸੁਣਦਾ। ਇਕ ਦਿਹਾੜੇ ਦੁਪਹਿਰ ਵੇਲੇ ਚਾਚਾ ਜੀ (ਇਕਬਾਲ ਸਾਹਿਬ) ਰੋਟੀ ਖਾ ਕੇ ਪਲੰਘ ਉੱਤੇ ਲੇਟ ਗਏ। ਉਸ ਵੇਲੇ ਜਾਵੇਦ ਨੇ ਕਹਾਣੀ ਸੁਣਾਨ ਦੀ ਫ਼ਰਮਾਇਸ਼ ਕਰ ਦਿੱਤੀ। ਉਹਨਾਂ ਟਾਲਣ ਲਈ ਆਖਿਆ-"ਦਿਨ ਵੇਲੇ ਕਹਾਣੀ ਸੁਣਾਈਏ ਤਾਂ ਮੁਸਾਫ਼ਰ ਭੁਲੀਂ ਪੈ ਜਾਂਦੇ ਨੇ । ਜਾਵੇਦ ਕਿਥੋਂ ਟਲਣ ਵਾਲਾ ਸੀ। ਕਹਿਣ

ਲੱਗਾ ਫੇਰ ਬੁਝਾਰਤ ਹੀ ਸਹੀ। ਚਾਚਾ ਜੀ ਮੰਨ ਗਏ ਤੇ ਕੁਝ ਸੋਚ ਕੇ ਕਹਿਣ ਲੱਗੇ :

ਇਕ ਜਾਨਵਰ ਐਸਾ ਜਿਦੀ ਚੁੰਝ ਉਤੇ ਪੈਸਾ,
ਉਸਦੀਆਂ ਹੱਡੀਆਂ ਹਲਾਲ, ਉਹਦਾ ਸ਼ੋਰਾ ਹਰਾਮ

ਡਾ. ਇਕਬਾਲ ਸਾਹਿਬ ਦਾ ਇਕ ਪਰਮ-ਮਿੱਤਰ ਮੁਹੰਮਦ ਹੁਸੈਨ ਸੀ, ਜਿਸ ਨੇ ਆਪਣੇ ਇਕ ਮਿੱਤਰ ਨੂੰ ਦੱਸਿਆ ਸੀ ਕਿ ਇਕਬਾਲ ਸਾਹਿਬ ਪੰਜਾਬੀ ਸ਼ੇਅਰ ਪੜ੍ਹਨ ਸੁਣਨ ਦੇ ਬੜੇ ਸ਼ੌਕੀਨ ਸਨ। ਏਥੋਂ ਤੱਕ ਕਿ ਇਕ ਵਾਰੀ ਗੁਲਾਮ ਕਾਦਰ ਦੀਆਂ ਚਿੱਠੀਆਂ ਸੁਣਦਿਆਂ ਹੋਇਆਂ ਉਹਨਾਂ ਨੂੰ ਰੋਣ ਆ ਗਿਆ ਸੀ। ਦੀਵਾਨ ਅਲੀ, ਇਕਬਾਲ ਸਾਹਿਬ ਦਾ ਪੁਰਾਣਾ ਸੇਵਕ ਸੀ, ਜਿਸ ਕੋਲੋਂ ਇਕਬਾਲ ਸਾਹਿਬ ਬੁੱਲ੍ਹੇਸ਼ਾਹ ਦੀਆਂ ਕਾਫ਼ੀਆਂ ਆਮ ਤੌਰ ਤੇ ਸੁਣਦੇ ਰਹਿੰਦੇ ਸਨ।

ਡਾ. ਇਕਬਾਲ ਪੰਜਾਬ ਦਾ ਜੰਮਪਲ ਹੋਣ ਕਾਰਨ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਪੰਥ ਦੇ ਸੂਰਬੀਰਾਂ ਨੂੰ ਤੇਗ ਦੇ ਧਨੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਪੱਕ ਹੋਣ ਕਾਰਨ ਪੰਜਾਬੀ ਰੰਗ ਉਨ੍ਹਾਂ ਦੀ ਕਵਿਤਾ ਵਿਚ ਆਮ ਦਿਖਾਈ ਦਿੰਦਾ ਹੈ। ਅਨੇਕਾਂ ਹੀ ਉਹਨਾਂ ਦੀ ਕਵਿਤਾ ਦੇ ਨਮੂਨੇ ਪੇਸ਼ ਕੀਤੇ ਜਾ ਸਕਦੇ ਹਨ :

ਅਜ ਦਿਲਸ਼ ਤਾਬੇ ਤਬੇ ਸ਼ੀਮਾਥ ਰਫਤ
ਖ਼ੁਦ ਬਦਾਨੀ ਆਂਚਿ ਬਰ ਪੰਜਾਬ ਰਫਤ।
ਖਾਲਸਾ ਸ਼ਮਸ਼ੀਰ ਓ ਕੁਰਆ ਰਾ ਬਬੂਰਦ
ਅੰਦਰ ਆ ਕਿਸ਼ਵਰ ਮੁਸਲਮਾਨੀ ਬਮਰਦ.....
.....ਗਰਮਾਓ ਗ਼ੁਲਾਮ ਕਾ ਲਹੂ ਸੋਜ਼ੇ-ਯਕੀਂ ਸੇ
ਕੁੰਜਿਸ਼ਕ-ਫਿਰੋਮਾਇਆ ਕੋ ਸ਼ਾਹੀ ਸੇ ਲੜਾ ਦੋ।

ਪੰਜਾਬੀਆਂ ਦਾ ਖੁੱਲ੍ਹਾ ਸੁਭਾ, ਖ਼ੁਦਦਾਰੀ, ਆਜ਼ਾਦ ਸੁਭਾ, ਨਿਰਭੈਤਾ, ਸਪੱਸ਼ਟ ਬਿਆਨੀ ' ਤੇ ਕਿਆਸ਼ੀਲਤਾ ਦੇ ਝਲਕਾਰੇ ਉਸ ਦੀ ਕਵਿਤਾ ਵਿਚ ਆਮ ਦਿਖਾਈ ਦੇਂਦੇ ਹਨ। ਡਾ. ਇਕਬਾਲ ਸਾਹਿਬ ਹਮੇਸ਼ਾਂ ਸਿਆਲਕੋਟ ਦੀ ਪੰਜਾਬੀ ਬੋਲਦੇ ਸਨ ਅਤੇ ਉਨ੍ਹਾਂ ਦੀ ਪਤਨੀ ਲਾਹੌਰ ਦੇ ਹੋਣ ਕਾਰਨ ਲਾਹੌਰੀ ਬੋਲਦੇ ਸਨ। ਸਾਰੀ ਉਮਰ ਲਾਹੌਰ ਵਿਚ ਰਹਿ ਕੇ 'ਹੇਜੇ ਅਤੇ 'ਹੈਦੇ' ਹੀ ਬੋਲਦੇ ਰਹੇ, ਕਦੇ ਵੀ 'ਹੈਗੀ' ਜਾਂ 'ਹੈਗਾ' ਨਹੀਂ ਬੋਲਿਆ।

ਅਲਾਮਾ ਇਕਬਾਲ ਪੰਜਾਬੀ ਚੰਗੀ ਤਰ੍ਹਾਂ ਪੜ੍ਹ ਲਿਖ ਸਕਦੇ ਸਨ। ਭਾਈ ਸਾਹਿਬ ਸਰਦਾਰ ਕਪੂਰ ਸਿੰਘ ਆਪਣੀ ਪੁਸਤਕ ਵਿਚ ਲਿਖਦੇ ਹਨ-"ਪੰਜਾਂ ਕੁ ਮਿੰਟਾਂ ਪਿਛੋਂ ਮੈਂ ਉਨ੍ਹਾਂ ਦੇ ਰਚਿਤ ਇਕ ਫ਼ਾਰਸੀ ਬੰਦ ਦਾ ਪੰਜਾਬੀ ਕਵਿਤਾ ਵਿਚ ਉਲਥਾ ਕਰ ਕੇ ਭੋਜਨ ਵਿਸਤਾਰ ਪੱਤ੍ਰ (Dinner Menu) ਉੱਤੇ ਲਿਖ ਦਿੱਤਾ, ਜਿਸ ਉੱਤੇ ਉਨ੍ਹਾਂ ਨੇ ਹਸਤਾਖ਼ਰ ਪਾ ਦਿੱਤੇ।

ਕਈ ਵਾਰ ਕੁੱਖਾਂ ਨੇ ਪਰਦੇ ਅੱਖਾਂ ਅੱਗੇ ਤਾਣੇ।
ਕਈ ਵਾਰ ਮੈਂ ਇਕ ਨਜ਼ਰ ਵਿਚ ਸਭ ਬ੍ਰਹਮੰਡ ਪਛਾਣ।
ਪ੍ਰੇਮ ਦੇਸ ਦਾ ਪੈਂਡਾ ਲੰਬਾ ਦੂਰ ਦੁਰਾਡੇ ਦਿਸੇ।
ਕਈ ਵਾਰ ਪਰ ਇਕ ਹੌਕਾ ਲੈ ਜਾਏ ਤੋੜ ਨਿਸ਼ਾਨੇ।
ਤੁਰਿਆ ਚਲ ਹੌਂਸਲਾ ਕਰਕੇ, ਆਸ ਉਮੀਦ ਨਾ ਛੱਡੀਂ।
ਕਈ ਵਾਰ ਰਾਹਾਂ ਦੇ ਉੱਤੇ ਮਿਲਦੇ ਪਏ ਖ਼ਜ਼ਾਨੇ।

ਅਲਾਮਾ ਇਕਬਾਲ ਦੀਆਂ ਪੁਸਤਕਾਂ-ਜ਼ਰਬੇ-ਕਲੀਮ, ਬਾਂਗੇ ਦਰਾ ਆਦਿ ਵਿਚ ਪੰਜਾਬ, ਲਾਹੌਰ ਤੇ ਪੰਜਾਬੀ ਮੁਸਲਮਾਨਾਂ ਬਾਰੇ ਅਨੇਕ ਵੇਰ ਜ਼ਿਕਰ ਆਇਆ ਹੈ। ਪੰਜਾਬ ਦੀਆਂ ਮਹਾਨ ਸ਼ਖ਼ਸੀਅਤਾਂ-ਗੁਰੂ ਨਾਨਕ ਸਾਹਿਬ, ਸ਼ਾਹਦੀਨ, ਹੁਮਾਯੂੰ, ਸਰ ਅਬਦੁਲ ਕਾਦਿਰ, ਸੁਆਮੀ ਰਾਮ ਤੀਰਥ ਆਦਿ ਬਾਰੇ ਕਵਿਤਾਵਾਂ ਲਿਖੀਆਂ। ਪੰਜਾਬੀ ਹੋਣ ਦੇ ਨਾਤੇ ਅਲਾਮਾ ਸਾਹਿਬ ਦੀ ਫ਼ਾਰਸੀ ਤੇ ਉਰਦੂ ਕਵਿਤਾ ਵਿਚ ਪੰਜਾਬੀ ਸ਼ਬਦਾਂ ਦੇ ਬਿੰਬ ਆਪ ਮੁਹਾਰੇ ਆ ਜਾਂਦੇ ਸਨ। ਕਿਨਾਰੇ ਰਾਵੀ' ਨਾਮ ਦੀ ਕਵਿਤਾ ਨੂੰ ਕਾਅਬੇ ਦੀ ਧਰਤੀ ਵਾਂਗ ਪਵਿਤਰ ਆਖਿਆ।

ਜਹਾਂ ਤਮਾਮ ਸਵਾਦੇ-ਹਰਮ ਹੂਆ ਮੁਝ ਕੋ
(ਜਾਵੇਦ ਨਾਮਾ)

ਇਕਬਾਲ ਸਾਹਿਬ ਦੇ ਦਿਹਾਂਤ ਤੋਂ ਅੱਠ ਸਾਲ ਪਹਿਲਾਂ ਐਸ.ਐਲ. ਅਸ਼ਰ ਤੇ ਅਜੀਜ਼ ਮੈਸੂਰੀ ਨੇ ਉਨ੍ਹਾਂ ਨਾਲ ਲਾਹੌਰ ਵਿਚ ਇਕ ਮੁਲਾਕਾਤ ਕੀਤੀ, ਜਿਸ ਵਿਚ ਉਨ੍ਹਾਂ ਦੋਹਾਂ ਨੇ ਪੰਜਾਬੀ ਜ਼ਬਾਨ ਬਾਰੇ ਇਕਬਾਲ ਸਾਹਿਬ ਦੇ ਵਿਚਾਰ ਪ੍ਰਗਟ ਕਰਕੇ ਆਪਣੇ ਰਸਾਲੇ ਵਿਚ ਪ੍ਰਕਾਸ਼ਤ ਕੀਤੇ। ਪੰਜਾਬੀ ਜ਼ਬਾਨ ਬਾਰੇ ਇਕਬਾਲ ਸਾਹਿਬ ਨੇ ਕਿਹਾ-"ਪੰਜਾਬੀ ਬੋਲੀ ਏ ਵੇਲੇ (1930 ਈ.) ਇਲਮੀ ਜ਼ਬਾਨ ਨਹੀਂ। ਇਹਦੇ ਵਿਚ ਨਸਰ ਬਹੁਤ ਘੱਟ ਏ। ਪਰ ਕੋਈ ਵਜ੍ਹਾ ਨਹੀਂ ਕਿ ਨਸਰ ਲਿਖੇ ਜਾਣ ਦੇ ਨਾਲ ਇਹ ਇਲਮੀ ਜ਼ਬਾਨ ਨਾ ਬਣ ਸਕੇ। ਪੰਜਾਬੀ ਵਿਚ ਜਟਕਾਪਣ ਬੜਾ ਏ, ਪਰ ਇਹਦੀ ਵਜ੍ਹਾ ਇਹ ਰਹੀ ਏ ਕਿ ਆਮ ਤੌਰ ਉੱਤੇ ਘੱਟ ਵੱਧ ਅਧ-ਪੜ੍ਹ ਆਦਮੀਆਂ ਨੇ ਇਹਨੂੰ ਪੜ੍ਹਿਆ ਲਿਖਿਆ ਏ। ਇਹਦੇ ਵਿਚ ਲਤਾਫ਼ਤ ਤੇ ਨਜ਼ਾਕਤ ਪੜ੍ਹਿਆਂ ਲਿਖਿਆਂ ਦੀ ਹਿੰਮਤ ਨਾਲ ਲਿਆਈ ਜਾ ਸਕਦੀ ਹੈ। ਪੰਜਾਬੀ ਵਿਚ ਬਣਤਰ ਉੱਤੇ ਬਹੁਤ ਥੋੜਾ ਜ਼ੋਰ ਦਿੱਤਾ ਜਾਂਦਾ ਹੈ। ਨਤੀਜਾ ਇਹ ਵੀ ਕਿ ਬਹਿਰਾਂ ਦਾ ਲਿਹਾਜ਼ ਨਹੀਂ ਰਹਿੰਦਾ। ਬਹਾਵਲ ਪੁਰ ਦੇ ਅਹਿਮਦਯਾਰ ਨੇ ਥੋੜ੍ਹੀ ਬਹੁਤ ਹਿੰਮਤ ਕੀਤੀ ਏ। ਉਹਦਾ ਦਾਅਵਾ ਹੈ ਕਿ ਉਸ ਤੋਂ ਪਹਿਲਾਂ ਕਿਸੇ ਨੇ ਬਹਿਰ, ਕਾਫ਼ੀਏ ਤੇ

ਰਦੀਫ਼ ਦਾ ਏਨਾ ਧਿਆਨ ਨਹੀਂ ਰੱਖਿਆ। ਪੰਜਾਬੀ ਸ਼ਾਇਰੀ ਬੜੀ ਵਧੀਆ ਸ਼ਾਇਰੀ ਏ ਤੇ ਖ਼ਾਸ ਤੌਰ ਉੱਤੇ ਜਜ਼ਬਿਆਂ ਨਾਲ ਭਿਜੀ ਹੁੰਦੀ ਏ। ਬੋਲੀ ਸਿੱਧੀ ਸਾਦੀ, ਮਿੱਠੀ ਤੇ ਨਿਰੋਲ ਹੁੰਦੀ ਏ।ਭਾਵ ਸੱਚੇ ਹੁੰਦੇ ਨੇ ਤੇ ਖੁੱਲ੍ਹੀ ਤਰ੍ਹਾਂ ਦੱਸੇ ਜਾਂਦੇ ਨੇ। ਤਸ਼ਬੀਹਾਂ ਵਿਚ ਬਾਜ਼ ਵੇਲੇ ਮਜ਼ਾਕ ਵੀ ਹੁੰਦਾ ਏ।ਇਸ਼ਕ ਦੀਆਂ ਰਮਜ਼ਾਂ ਪੰਜਾਬੀ ਵਿਚ ਵਾਹ-ਵਾਹ ਕਹੀਆਂ ਜਾ ਸਕਦੀਆਂ ਨੇ। ਪਰ ਇਹਦਾ ਮਤਲਬ ਇਹ ਨਹੀਂ ਕਿ ਪੰਜਾਬੀ ਸ਼ਾਇਰੀ ਵਿਚ ਸਿਰਫ਼ ਇਸ਼ਕ ਮਜਾਜ਼ੀ ਹੀ ਹੁੰਦਾ ਏ, ਸਗੋਂ ਇਸ਼ਕ ਹਕੀਕੀ ਬਹੁਤਾ ਹੁੰਦਾ ਏ। ਪੰਜਾਬੀ ਸ਼ਾਇਰੀ ਤਸੱਵਫ਼ (ਸੂਫ਼ੀਵਾਦ) ਨਾਲ ਭਰੀ ਹੋਈ ਏ।ਬੜੀ ਵਾਰ ਤਾਂ ਇੰਝ ਜਾਪਦਾ ਹੈ, ਕਿ ਇਸ ਵਿਚ ਤਸੱਵਫ਼ ਤੋਂ ਵੱਖ ਕੁਝ ਹੋ ਹੀ ਨਹੀਂ ਸਕਦਾ। ਪੰਜਾਬੀ ਸ਼ਾਇਰੀ ਦੀ ਇਕ ਹੋਰ ਖ਼ਾਸੀਅਤ ਹੈ, ਇਹਦੇ ਵਿਚ ਦੇਸ਼ ਦੇ ਪਿਆਰ ਤੇ ਬੜਾ ਜੋਸ਼ ਦੁਆਣ ਵਾਲੇ ਗੀਤ ਨੇ ਫ਼ੌਜੀ ਗੀਤਾਂ ਦਾ ਵੀ ਘਾਟਾ ਨਹੀਂ।ਆਮ ਲੋਕਾਂ ਦੀਆਂ ਬੋਲੀਆਂ ਤੇ ਗੀਤਾਂ ਦਾ ਤੇ ਕੋਈ ਅੰਤ ਨਹੀਂ। ਉਰਦੂ ਸ਼ਾਇਰੀ ਵਿਚ ਤਸੱਵਫ਼ ਦੀ ਸ਼ਾਇਰੀ ਹੈ ਈ ਨਹੀਂ, ਸਿਵਾਏ ਮੀਰ ਦਰਦ ਦੇ ਕਲਾਮ ਦੇ, ਨਾ ਈ ਉਰਦੂ ਵਿਚ ਵਤਨ ਦੇ ਪਿਆਰ ਦੀ ਸ਼ਾਇਰੀ ਏ ਤੇ ਨਾ ਹੀ ਇਹਦੇ ਵਿਚ ਫੌਜੀ ਗੀਤ ਨੇ। ਇਹਦੀ ਇਸ਼ਕੀਆ ਸ਼ਾਇਰੀ ਵਿਚ ਬਨਾਵਟ ਜਿਆਦਾ, ਜਜ਼ਬਾਤ ਦਾ ਜ਼ੋਰ ਥੋੜ੍ਹਾ ਏ।ਆਮ ਲੋਕਾਂ ਦੇ ਗੀਤ ਤੇ ਬੋਲੀਆਂ ਬਿਲਕੁਲ ਕੋਈ ਨਹੀਂ। ਇਹਦੀ ਵਜ੍ਹਾ ਇਹ ਹੈ ਜੋ ਉਰਦੂ ਸ਼ਾਇਰੀ ਦਰਬਾਰਾਂ ਦੇ ਅਮੀਰਾਂ ਤੇ ਮੁਸਾਹਿਬਾਂ ਦੇ ਹੱਥ ਜੰਮੀ। ਉਹ ਲੋਕ ਜਾਂ ਤੇ ਈਰਾਨੀ ਸਨ ਜਾਂ ਫ਼ਾਰਸੀ ਮਜ਼ਾਕ ਦੇ ਪ੍ਰੇਮੀ ਸਨ। ਉਹਨਾਂ ਦਾ ਆਮ ਲੋਕਾਂ ਨਾਲ ਕੋਈ ਮੇਲ-ਜੋਲ ਨਹੀਂ ਸੀ। ਤੇ ਏਸ ਕਰਕੇ ਉਰਦੂ ਸ਼ਾਇਰੀ ਵਿਚ ਅਮੀਰਾਨਾ ਰੰਗਤ ਆ ਗਈ ਸੀ। ਉਹ ਸ਼ਿਅਰ ਕਹਿਣਾ ਇਕ ਫੈਸ਼ਨ ਸਮਝਦੇ ਸਨ। ਪਰ ਪੰਜਾਬੀ ਲਈ ਉਰਦੂ ਦੀਆਂ ਖੂਬੀਆਂ ਵੀ ਲੋੜੀਂਦੀਆਂ ਨੇ। ਪੰਜਾਬੀ ਸ਼ਾਇਰਾਂ ਨੂੰ ਉਰਦੂ ਸ਼ਾਇਰੀ ਦੀ ਬਣਤਰ ਤੇ ਤਾਕਤ ਸਿੱਖਣੀ ਚਾਹੀਦੀ ਏ।"

ਡਾ. ਸਾਹਿਬ ਨੇ ਉਰਦੂ ਸ਼ਾਇਰੀ ਨਾਲ ਪੰਜਾਬੀ ਸ਼ਾਇਰ ਦਾ ਮੁਕਾਬਲਾ ਕਰਕੇ ਦੋਹਾਂ ਜ਼ਬਾਨਾਂ ਦੀ ਸ਼ਾਇਰੀ ਦਾ ਸਾਰ ਦਸ ਦਿੱਤਾ-"ਪੰਜਾਬੀ ਸ਼ਾਇਰੀ ਦੀ ਨੀਂਹ ਆਮ ਲੋਕਾਂ ਦੀ ਜ਼ਿੰਦਗੀ ਵਿਚ ਤੇ ਉਰਦੂ ਸ਼ਾਇਰੀ ਦੀ ਅਮੀਰ ਮੁਸਾਹਿਬਾਂ ਦੀ ਜ਼ਿੰਦਗੀ ਵਿਚ। ਜਨਾਬ ਅਸ਼ਰ ਤੇ ਮੈਸੂਰੀ ਸਾਹਿਬ ਨੇ ਇਕਬਾਲ ਸਾਹਿਬ ਤੋਂ ਜਦੋਂ ਪੁੱਛਿਆ ਪੰਜਾਬੀ ਵਿੱਚ ਲਿਖਣ ਦਾ ਖਿਆਲ ਕਿਉਂ ਨਾ ਆਇਆ –" ਫ਼ਾਰਸੀ ਵਿਚ ਮੇਰੇ ਖਿਆਲ ਚੰਗੀ ਤਰ੍ਹਾਂ ਨਿਭ ਸਕਦੇ ਨੇ, ਦੂਜਾ ਫ਼ਾਰਸੀ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿਚ ਸਮਝੀ ਜਾਂਦੀ ਹੈ। ਸਾਹਿਬ ਆਸਮੀ ਵੀ ਆਪਣੀ ਪੁਸਤਕ ਵਿਚ ਲਿਖਦਾ ਹੈ-" ਇਕਬਾਲ ਉੱਤੇ ਚੁੰਕਿ ਆਰੰਭ ਤੋਂ ਹੀ ਆਲਮ ਇਕਬਾਲ ਦਾ ਹੀਰੋ ਬਨਣ ਦੀ ਧੁਨ ਸਵਾਰ ਸੀ। ਇਸ ਲਈ ਉਸ ਨੇ ਫ਼ਾਰਸੀ ਭਾਸ਼ਾ ਨੂੰ ਅਪਨਾਇਆ। ਉਹ ਅਰਬੀ ਵਿਚ ਵੀ ਸ਼ੇਅਰ ਕਹਿਣਾ ਚਾਹੁੰਦਾ ਸੀ । ਪਰੰਤੂ ਸਫ਼ਲ ਨਹੀਂ ਹੋਇਆ।"

ਪੰਜਾਬੀ ਜ਼ਬਾਨ ਬਾਰੇ ਅਨੇਕ ਪ੍ਰਸ਼ਨਾਂ ਦੇ ਉੱਤਰ ਵਿਚ ਉਨ੍ਹਾਂ ਅਸਰ ਤੇ ਮੈਸੂਰੀ ਸਾਹਿਬ ਨੂੰ ਆਖਿਆ ਸੀ, ਨਹੀਂ ਮੇਰੀ ਤਾਲੀਮ ਹੀ ਕੁਝ ਅਜਿਹੀ ਹੋਈ ਸੀ ਜੋ ਮੈਨੂੰ ਪੰਜਾਬੀ ਲਿਖਣ ਦਾ ਕਦੀ ਖ਼ਿਆਲ ਨਹੀਂ ਸੀ ਆਇਆ, ਤੇ ਨਾ ਈ ਮੈਂ ਹੁਣ ਲਿਖ ਸਕਦਾ ਹਾਂ। ਇਕ ਜ਼ਬਰਦਸਤ ਸ਼ਖ਼ਸ ਕੋਈ ਬੋਲੀ ਵੀ ਹੋਵੇ, ਉਸਨੂੰ ਬਣਾ ਸਕਦਾ ਹੈ, ਤੇ ਕੋਈ ਹੈਰਾਨੀ ਦੀ ਗੱਲ ਨਹੀਂ ਜੇ ਪੰਜਾਬੀ ਨੂੰ ਵੀ ਗੋਇਟੇ ਵਰਗਾ ਕੋਈ ਆਦਮੀ ਮਿਲ ਜਾਵੇ।ਮੈਂ ਆਪਣੇ ਹਿੰਦੂ ਤੇ ਸਿੱਖ ਦੋਸਤਾਂ ਨੂੰ ਕਹਿੰਦਾ ਹੁੰਦਾ ਹਾਂ ਕਿ ਤੁਸੀਂ ਮੁਸਲਮਾਨਾਂ ਦੇ ਹਾਦੀਆਂ, ਪੈਗੰਬਰਾਂ ਦੇ ਨਾਂ ਦੀ ਥਾਂ ਉੱਤੇ ਬੇਸ਼ਕ ਹਿੰਦੂ ਤੇ ਸਿੱਖ ਬਜ਼ੁਰਗਾਂ ਦੇ ਨਾਂ ਵਰਤ ਲਿਆ ਕਰੋ। ਮੁਸਲਮਾਨ ਬਜ਼ੁਰਗਾਂ ਦੇ ਨਾਂ ਜੇ ਮੈਂ ਲਿਖਦਾ ਹਾਂ ਤਾਂ ਇਸ ਲਈ ਕਿ ਮੈਂ ਮੁਸਲਮਾਨ ਘਰ ਵਿਚ ਜੰਮਿਆ ਪਲਿਆ ਹਾਂ। ਮੇਰੀ ਤਾਲੀਮ ਇਸਲਾਮ ਦੀ ਤਾਰੀਖ਼ ਤੇ ਮਜ਼੍ਹਬ ਵਿਚ ਹੋਈ ਹੈ ?

ਅਲਾਮਾ ਇਕਬਾਲ ਨੇ ਇਕ ਵੇਰ ਆਪਣੀ ਨੌਕਰ ਕੁੜੀ ਨੂੰ ਆਖਿਆ, ਜਾਹ ਅੰਦਰੋਂ ਜਾ ਕੁੜਤੀ ਲੈ ਆ।ਨੌਕਰ ਕੁੜੀ ਲਾਹੌਰ ਦੀ ਸੀ ਅਤੇ ਅੰਦਰੋਂ ਜਾ ਕੇ ਜ਼ਨਾਨਾ ਕਮੀਜ਼ ਲੈ ਆਈ (ਲਾਹੌਰ ਵਿਚ ਕੁੜਤੀ ਜ਼ਨਾਨਾ ਕਮੀਜ਼ ਨੂੰ ਹੀ ਆਖਦੇ ਹਨ)। ਇਕਬਾਲ ਸਾਹਿਬ ਨੂੰ ਹੈਰਾਨ ਵੇਖ ਕੇ ਉਨ੍ਹਾਂ ਦੀ ਪਤਨੀ ਕਹਿਣ ਲੱਗੀ, ਹੁਣ ਤੇ ਸਿਆਲਕੋਟੀ (ਪੰਜਾਬੀ) ਛੱਡ ਦਿਉ। ਅਲਾਮਾ ਇਕਬਾਲ ਕਹਿਣ ਲੱਗੇ, ਜੇ ਤੁਸੀਂ ਲਾਹੌਰੀ ਨਹੀਂ ਛੱਡ ਸਕਦੇ ਤਾਂ ਮੈਂ ਮਾਂ ਬੋਲੀ (ਸਿਆਲਕੋਟੀ ਪੰਜਾਬੀ) ਕਿਵੇਂ ਭੁੱਲ ਜਾਵਾ। ਅਲਾਮਾ ਅਮਾਦੀ ਮਰਹੂਮ ਦਾ ਸ਼ੇਅਰ ਅੱਜ ਵੀ ਬੜਾ ਵਜ਼ਨ ਰੱਖਦਾ ਹੈ-

ਤੁੱਝ ਪਰ ਐ ਪੰਜਾਬ ਨਾਜ਼ਲ ਹੋ ਖੁਦਾ ਕੀ-ਰਹਿਮਤੋਂ
ਐ ਕਿ ਤੂੰ ਇਕਬਾਲ ਕੀ ਦੌਲਤ ਸੇ ਮਾਲਾ ਮਾਲ ਹੈ।

***

– ਡਾਕਟਰ ਜਸਬੀਰ ਸਿੰਘ ਸਰਨਾ
ਫ਼ੋਨ : 09906566604

# ਗੁਰੂ ਨਾਨਕ ਦੇਵ ਦੀ ਪੂਰਬ ਏਸ਼ੀਆ ਦੀ ਯਾਤਰਾ

ਗੁਰੂ ਨਾਨਕ ਦੇਵ ਦੀਆਂ ਯਾਤਰਾਵਾਂ (ਉਦਾਸੀਆਂ) ਦਾ ਸਭ ਤੋਂ ਪਹਿਲਾਂ ਦਾ ਬਿਰਤਾਂਤ ਭਾਈ ਗੁਰਦਾਸ ਦੀ ਵਾਰ ਵਿੱਚ ਮਿਲਦਾ ਹੈ ।ਉਹ ਕਹਿੰਦੇ ਹਨ :*ਬਗਦਾਦ ਦੇ ਧਾਰਮਿਕ ਕੇਂਦਰ ਤੇ ਜਿੱਤ ਤੋਂ ਬਾਅਦ ਉਨ੍ਹਾਂ ਮੱਕਾ ਅਤੇ ਮਦੀਨਾ ਦੇ (ਧਾਰਮਿਕ ਕੇਂਦਰ) ਵੀ ਫਤਿਹ ਕਰ ਲਏ ।ਉਨ੍ਹਾਂ ਸਿੱਧਾਂ ਦੇ ਝੂਠੇ ਸਿਧਾਂਤਾਂ ਦੇ ਪਾਜ਼ ਖੋਲ੍ਹੇ ।.....ਉਨ੍ਹਾਂ ਧਰਤੀ ਦੇ ਨੌਂ ਖੰਡਾਂ ਦਾ ਮਨ ਜਿੱਤ ਲਿਆ ਅਤੇ ਸੱਚੇ ਵਾਹਿਗੁਰੂ ਦੇ ਨਾਮ ਦਾ ਆਪਣਾ ਸੰਦੇਸ਼ ਪ੍ਰਸਾਰਿਆ *। ਭਾਈ ਗੁਰਦਾਸ ਆਪਣੀ ਪਹਿਲੀ ਵਾਰ ਵਿੱਚ ਗੁਰੂ ਨਾਨਕ ਦੀਆਂ ਯਾਤਰਾਵਾਂ ਦਾ ਉਦੇਸ਼, ਉਨ੍ਹਾਂ ਵੱਲੋਂ ਚਹੁੰ ਦੇਸ਼ਾਂ ਅਤੇ ਨੌਂ ਖੰਡਾਂ ਦਾ ਉੱਧਾਰ ; ਅਤੇ ਸੱਚੇ ਰੱਬ ਦਾ ਸੰਦੇਸ਼ ਦੇਣਾ ਦੱਸਿਆ ਹੈ ।

ਡਾ. ਸੁਰਿੰਦਰ ਸਿੰਘ ਕੋਹਲੀ ਵੱਲੋਂ ਸੰਪਾਦਿਤ ਜਨਮਸ਼ਾਖੀ ਭਾਈ ਬਾਲਾ ਵਿੱਚ ਉਲੇਖ ਹੈ ਕਿ ਗੁਰੂ ਨਾਨਕ ਸਾਹਿਬ ਸੁਧਰ ਸੈਨ, ਮਧੁਰ ਬੈਨ ਅਤੇ ਕੰਵਲ ਨੈਨ ਰਾਜਿਆਂ ਨੂੰ ਮਿਲਣ ਗਏ। * ਇੰਦਰ ਸੈਨ ਦੀ ਸਲਾਹਨਾ ਤੇ ਸੁਧਰ ਸੈਨ ਨੂੰ ਗੁਰੂ ਨਾਨਕ ਨੇ ਤਿੰਨ ਮਹਾਂਦੀਪਾਂ ਵਿੱਚ ਸੌ ਟਾਪੂਆਂ ਦਾ ਰਾਜ ਬਖ਼ਸ਼ਿਆ ।ਇੰਨ੍ਹਾਂ ਟਾਪੂਆਂ ਦੇ ਅਠਾਰਾਂ ਰਾਜੇ ਸਨ ।( ਪੰਨਾ 176) ਪਹਿਲਾਂ ਇਸ ਸਲਤਨਤ ਤੇ ਸੁਰ ਸਿੱਧ ਮਿਸ਼ਰ ਦੇ ਪੁੱਤਰ ਕੰਵਲ ਨੈਨ, ਜੋ ਜਾਤ ਦਾ ਬ੍ਰਾਹਮਣ ਸੀ, ਦਾ ਰਾਜ ਸੀ।(ਪੰਨਾ 198) ਕੰਵਲ ਨੈਨ ਦੇ ਰਾਜ ਦੀ ਰਾਜਧਾਨੀ ਸਵਰਨਪੁਰ, ਜੋ ਸਮੁੰਦਰ ਤੋਂ ਚਾਰ ਕੋਹਾਂ ਦੀ ਵਿੱਥ ਤੋਂ ਨਜ਼ਰ ਆਉਂਦੀ ਸੀ, ਨੂੰ ਜਾਂਦੇ ਹੋਏ ਗੁਰੂ ਨਾਨਕ ਨੇ ਸੱਤ ਮਹੀਨੇ ਅਤੇ ਤੇਰਾਂ ਦਿਨ ਸਫ਼ਰ ਕੀਤਾ । ਕੰਵਲ ਨੈਨ ਦੀ ਸਲਤਨਤ 7700 ਯੋਜਨ (100100 ਵਰਗ ਕਿਲੋਮੀਟਰ) ਵਿੱਚ ਫੈਲੀ ਹੋਈ ਸੀ। ਤਿੰਨ ਮਹਾਂਦੀਪਾਂ'ਚ ਉਸ ਅਧੀਨ ਅਠਾਰਾਂ ਰਿਆਸਤਾਂ ਤੇ ਸਤਾਰਾਂ ਰਾਜੇ ਰਾਜ ਕਰਦੇ ਸਨ। ਇਹ ਰਾਜੇ ਸਨ :

(1) ਮਧੁਰ ਬੈਨ (2) ਸੁਧਰ ਸੈਨ (3) ਨਾਗਾ ਪਰਸ ਰਾਮ (4)ਸੁਖ ਸਾਗਰ (5) ਰਾਜਾ ਅਟਿਕਾ ਘਟਿਕਾ (6) ਸੁਖ ਚੈਨ (7)ਬੁੱਧ ਵਿਵੇਕ ਬਾਲਕਾ (8)ਅਸਰਾਪਨਾਹ (9) ਸੁਧ ਸ਼ੋਭਾਲਕਾ (10) ਸਾਗਰ ਸੈਨ (11) ਰਾਜਾ ਨੈਨ ਜੋਤ (12) ਬੀਰ ਬੈਨ(13)ਰਾਜਾ ਬਾਲ ਸੰਘਾਰ (14) ਲਾਲ ਚੈਨ (15) ਰਾਜਾ ਤੁਰਤਰੰਗ (16)ਰਾਏ ਆਇਨ (17) ਰਾਜਾ ਮਗਨ ਰਾਏ ਅਤੇ (18) ਕੰਵਲ ਨੈਨ ।( ਜਨਮਸ਼ਾਖੀ ਭਾਈ ਬਾਲਾ ਪੰਨੇ 192---198)

ਜਨਮਸ਼ਾਖੀ ਭਾਈ ਬਾਲਾ ਵਿੱਚ ਦਿੱਤੇ ਸੌ ਟਾਪੂਆਂ ਦੇ ਨਾਵਾਂ ਦਾ ਖੁਰਾ ਖੋਜ ਅਸਾਨੀ ਨਾਲ ਨਹੀਂ ਲੱਭਦਾ।ਨਾਗਰਾਕਿਰਤਾਗਾਮਾ (ਦੇਸਾਵਰਨਾਨਾ)( ਮਾਰਟੀਨਸ,1962) ਨੇ ਦਾਅਵਾ ਕੀਤਾ ਕਿ ਮਾਜਾਪਾਹਿਤ ਸਲਤਨਤ ਦੇ ਅਧੀਨ ਅਠੰਨਵੇਂ ਸਾਮੰਤ ਸਨ ਜੋ ਸੁਮਾਟਰਾ ਤੋਂ ਨਿਊ ਗੁਨੀਆ ਤੱਕ ਫੈਲੇ ਹੋਏ ਸਨ -------- ਮਾਜਾਪਾਹਿਤ ਸਲਤਨਤ ਦੇ ਬੇੜੇ ਦੀਪ ਸਮੂਹ ਦੇ ਕਾਫੀ ਹਿੱਸਿਆਂ ਵਿੱਚ ਅਧੀਨਗੀ ਕਬੂਲ ਕਰਵਾਉਣ ਲਈ ਜਾਂਦੇ ਰਹਿੰਦੇ ਜਾਂ ਫਿਰ ਮਾਜਾਪਾਹਿਤ ਦਰਬਾਰ ਨੇ ਕਈ ਖੇਤਰੀ ਰਾਜਿਆਂ ਨੂੰ ਉਂਝ ਹੀ ਨਜ਼ਰਾਨਾ ਭੇਜਣ ਲਈ ਸਮਝਿਆ ਜਿਵੇਂ ਉਹ ਚੀਨ ਨੂੰ ਭੇਜਦੇ ਸਨ -- ਪਰ ਪੂਰਬੀ ਜਾਵਾ ਦੇ ਹੁਕਮਾਂ ਅਧੀਨ ਹੋਣ ਦਾ ਕੋਈ ਇਰਾਦਾ ਨਹੀਂ ਰਖਦੇ ਸਨ ।ਮਾਜਾਪਾਹਿਤ ਦੀ ਵਪਾਰਕ ਸ਼ਕਤੀ ਗੁਸਤਾਖ ਰਾਜਿਆਂ ਵਿਰੁੱਧ ਚੰਗੀ ਤਾਕਤ ਪ੍ਰਦਾਨ ਕਰਦੀ ਸੀ।

ਪੂਰਬੀ ਜਾਵਾ ਰਾਜ ਨੇ ਸੁਮਾਟਰਾ ਵਿੱਚ ਮਿਰਚਾਂ ਅਤੇ ਪੂਰਬੀ ਇੰਡੋਨੇਸ਼ੀਆ ਦੇ ਦੂਸਰੇ ਹਿੱਸਿਆਂ ਚੋਂ ਮਸਾਲੇ ਮੁਹੱਈਆ ਕਰਵਾਉਣ ਵਾਲਿਆਂ ਨਾਲ ਚੰਗੇ ਵਪਾਰਕ ਸਬੰਧ ਸਥਾਪਤ ਕਰ ਲਏ ।ਮਾਜਾਪਾਹਿਤ ਸਲਤਨਤ ਦੇ ਇਸ ਦਾਅਵੇ , ਕਿ ਉਸ ਕੋਲ ਅਸਲ ਸ਼ਕਤੀ ਸੀ, ਦਾ ਮੁਲਾਂਕਣ ਸ਼ਾਇਦ ਇਹ ਮੰਨ ਕੇ ਕਰਨਾ ਬੇਹਤਰ ਹੋਵੇਗਾ ਕਿ ਅਜਿਹੀ ਤਾਕਤ ਨੇ ਮਾਜਾਪਾਹਿਤ ਨੂੰ ਜਾਵਾ , ਬਾਲੀ ਅਤੇ ਮਾਦੂਰਾ ਤੋਂ ਬਾਹਰ ਕੋਈ ਖਾਸ ਮਹੱਤਵਪੂਰਨ ਪ੍ਰਬੰਧਕੀ ਸ਼ਕਤੀ ਨਹੀ ਦਿੱਤੀ ।(Hall, 1981)

ਮਾਜਾਪਾਹਿਤ 1293 ਤੋਂ 1527 ਦੇ ਇਰਦ -ਗਿਰਦ

ਪੂਰਬੀ ਜਾਵਾ 'ਚ ਹਿੰਦੂ ਪ੍ਰਭਾਵੀ ਰਾਜ ਸੀ।ਇਸ ਦੇ ਰਾਜ ਦੀ ਸਿਖਰ, 1350 ਤੋਂ 1389 , ਹਿਆਮ ਵੂਰੁਕ ਨਾਂ ਦੇ ਰਾਜੇ ਵੇਲੇ ਸੀ ਜਦ ਇਸ ਦਾ ਦੱਖਣੀ ਮਲਾਏ ਪਰਾਇਦੀਪ , ਬੋਰਨੀਓ, ਸੁਮਾਟਰਾ, ਬਾਲੀ, ਕਲੀਮਾਂਤਨ ਅਤੇ ਪੂਰਬੀ ਇੰਡੋਨੇਸ਼ੀਆ ਅਤੇ ਫਿਲਪਾਈਨਜ਼ ਦੇ ਦੂਸਰੇ ਰਾਜਾਂ ਤੇ ਦਬਦਬਾ ਸੀ। (Martinus 1962) ਮਾਜਾਪਾਹਿਤ ਸਲਤਨਤ ਮਲਾਇ ਉੱਪ- ਮਹਾਂਦੀਪ ਦੀਆਂ ਵੱਡੀਆਂ ਹਿੰਦੂ- ਸਲਤਨਤਾਂ ਚੋਂ ਅੰਤਲਾ ਸੀ ਅਤੇ ਇੰਡੋਨੇਸ਼ੀਆ ਦੇ ਇਤਿਹਾਸ ਵਿਚ ਇੱਕ ਮਹਾਨ ਰਾਜ ਵੱਜੋਂ ਜਾਣਿਆ ਜਾਂਦਾ ਹੈ ।ਮਾਜਾਪਾਹਿਤ ਸਮਾਜ ਨੇ ਦੋਵੇਂ ਸਮਾਜਿਕ ਅਤੇ ਕਲਾ ਦੇ ਦਾਇਰਿਆਂ ਵਿੱਚ ਉੱਚ ਕੋਟੀ ਦੀ ਨਫਾਸਤ ਵਿਕਸਤ ਕਰ ਲਈ ਸੀ।ਇਸ ਦੀ ਰਾਜਧਾਨੀ ਵਿਸ਼ਵ- ਵਿਆਪੀ ਜਨ- ਸੰਖਿਆ ਸੀ ਜਿੰਨ੍ਹਾਂ ਵਿੱਚ ਸਾਹਿਤ ਅਤੇ ਕਲਾ ਪ੍ਰਫੁੱਲਤ ਹੋਏ ।ਚੌਲਾਂ ਦੀ ਖੇਤੀ ਅਤੇ ਵਪਾਰ ਅਧਾਰਤ ਇਸ ਦੀ ਨਕਦ- ਆਰਥਿਕਤਾ ਸਮਰਿਧ ਸੀ, ਜੋ ਵੱਖਰੇ ਵੱਖਰੇ ਕਿੱਤਿਆਂ ਅਤੇ ਉਦਯੋਗਾਂ ਵਿੱਚ ਸਹਾਈ ਹੁੰਦੀ ਸੀ । 1527 ਦੇ ਆਸ ਪਾਸ ਇਹ ਦੀਮਾਕ ਸਲਤਨਤ ਅੱਗੇ ਝੁਕ ਗਈ । (Rockclefs,1993, ਪ.19)

ਜਨਮਸ਼ਾਖੀ ਭਾਈ ਬਾਲਾ ਦੇ ਮੁਤਾਬਕ:' ਰਾਜਾ ਨਹੀਂ ਚਹੁੰਦਾ ਸੀ ਕਿ ਉਸ ਦੀ ਪਰਜਾ ਉਸ ਦੇ ਅੱਗੇ ਝੁਕੇ, ਭਾਵੇਂ ਸਤਾਰਾਂ ਰਾਜੇ ਉਸ ਅੱਗੇ ਝੁਕ ਕੇ ਉਸ ਦੀ ਪ੍ਰਭੁਸੱਤਾ ਮੰਨਦੇ ਸਨ ; ਪਰੰਤੂ ਉਹ ਆਪਣੇ ਆਪ ਕਿਸੇ ਕੋਲ ਨਹੀਂ ਜਾਂਦਾ ਸੀ। ਉਹ ਜੋ ਕਹਿੰਦਾ ਸੀ ਕਰ ਦਿੱਤਾ ਜਾਂਦਾ ਸੀ। ਗੁਰੂ ਨਾਨਕ ਨੇ ਕਿਹਾ *ਇਹ ਸਮਾਂ ਸਭ ਦਾ ਹੈ । ਸਭ ਰੱਬ ਦੀ ਪੈਦਾਇਸ਼ ਹਨ।ਜਿਵੇਂ ਮੈਂ ਹਾਂ ਉਹ ਵੀ ਰੱਬ ਦੀ ਉਤਪਤੀ ਹਨ ।ਅਸੀ ਉਸ ਦੀ ਛਤਰ ਛਾਇਆ ਹੇਠ ਸੋਵਾਂਗੇ ਨਹੀ ਬਲਕਿ ਜਰੂਰ ਉਸ ਦੇ ਦਰਸ਼ਨ ਕਰਾਂਗੇ। ਰਾਜਾ ਜਿਸ ਤੇ ਘੁਮੰਡ ਨੇ ਕਾਬੂ ਪਾ ਲਿਆ ਹੈ, ਮੈਂ ਉਸ ਦੇ ਉੱਤੇ ਸੁਧਰ ਸੈਨ ਨੂੰ ਬਿਠਾ ਦਿੱਤਾ ਹੈ । ਦੇਖਦੇ ਹਾਂ ਹੁਣ ਰੱਬ ਕੀ ਕਰਦਾ ਹੈ ।* (ਜਨਮਸ਼ਾਖੀ ਭਾਈ ਬਾਲਾ ਪੰਨਾ 196) ਹੋਰ ਜਨਮਸ਼ਾਖੀਆਂ ਵਿੱਚ ਵੀ ਗੁਰੂ ਨਾਨਕ ਦੀ ' ਬ੍ਰਹਮਪੁਰ', ਸਿਲਮਿਲ ਦੀਪ ਅਤੇ ਕਈ ਹੋਰ ਟਾਪੂਆਂ ਦੀ ਯਾਤਰਾ ਦੇ ਉਲੇਖ ਮਿਲਦੇ ਹਨ।(ਕਿਰਪਾਲ ਸਿੰਘ ਸੰਪਾਦਿਤ ਜਨਮਸ਼ਾਖੀ ਪ੍ਰੰਪਰਾ) ਉਨ੍ਹਾਂ ਦੀ ਸਮੁੰਦਰੀ ਯਾਤਰਾ ਦਾ ਵਖਿਆਨ ਡਾ ਕੋਹਲੀ ( 1969)ਨੇ ਬੜੀ ਚੰਗੀ ਤਰਾਂ ਕੀਤਾ ਹੈ, ਜਿਸ ਤੋਂ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਗੁਰੂ ਨਾਨਕ ਸਾਹਿਬ ਨੇ ਤਿੰਨ ਮਹਾਂਦੀਪਾਂ ਦੇ ਟਾਪੂਆਂ ਦੀ ਯਾਤਰਾ ਕੀਤੀ ।

ਭਾਈ ਬਾਲਾ ਜਨਮਸ਼ਾਖੀ ਵਿੱਚ ਮਾਜਾਪਾਹਿਤ ਸਲਤਨਤ ਦੀ ਵਿਆਖਿਆ, ਮਾਜਾਪਾਹਿਤ ਸਲਤਨਤ ਨਾਲ ਮੇਲ ਖਾਂਦੀ ਹੈ। ਇਹ ਇਉਂ ਹੈ:

ਸ਼ਕਤੀਸ਼ਾਲੀ ਹਿੰਦੂ ਰਾਜ, ਮਾਜਾਪਾਹਿਤ, ਤੇਰਵੀਂ ਸਦੀ 'ਚ ਉੱਭਰਿਆ ਅਤੇ ਅਜੋਕੇ ਇੰਡੋਨੇਸ਼ੀਆ ਦੇ ਬਹੁਤੇ ਹਿੱਸੇ ਨੂੰ ਇਕੱਠਾ ਕੀਤਾ ।ਮਾਜਾਪਾਹਿਤ ਸਲਤਨਤ ਪੂਰਬੀ ਜਾਵਾ ਵਿੱਚ ਸਥਾਪਿਤ ਸੀ ਅਤੇ ਦੱਖਣੀ ਮਾਲਾਏ,ਬੋਰਨੀਓ, ਸੁਮਾਟਰਾ ਅਤੇ ਬਾਲੀ ਦੇ ਬਹੁਤੇ ਹਿੱਸੇ ਤੇ ਰਾਜ ਦੇ ਨਾਲ ਨਾਲ 1293 ਤੋਂ 1527 ਦੇ ਲੱਗ ਭੱਗ ਸੁਲਾਵੇਸੀ, ਮਾਲੂਕੂ, ਸੂਮਬਾਵਾ, ਲੌਮਬੌਕ ਅਤੇ ਤਿਮੋਰ, ਬਰਮਾ , ਸੁੰਦਾ ਅਤੇ ਮਲਾਏ - ਟਾਪੂਆਂ ਦੇ ਵੱਡੇ ਹਿੱਸੇ ਦੀਆਂ ਮਹੱਤਵਪੂਰਨ ਰਿਆਸਤਾਂ ਨੂੰ ਕੰਟਰੋਲ ਕਰਦਾ ਸੀ ।

ਭਾਵੇਂ ਮਾਜਾਪਾਹਿਤ ਰਾਜਿਆਂ ਨੇ ਆਪਣੀ ਤਾਕਤ ਹੋਰ ਟਾਪੂਆਂ ਤੱਕ ਵੀ ਵਧਾਈ ਅਤੇ ਗੁਆਂਢੀ ਰਾਜਾਂ ਨੂੰ ਵੀ ਕਾਬੂ ਕੀਤਾ , ਉਨ੍ਹਾਂ ਦਾ ਧਿਆਨ ਦੀਪ- ਸਮੂਹ ਰਾਹੀਂ ਵਪਾਰ ਦੇ ਬਹੁਤੇ ਹਿੱਸੇ ਨੂੰ ਕਾਬੂ ਕਰਨ ਤੇ ਕੇਂਦਰਿਤ ਹੁੰਦਾ ਹੋਇਆ ਨਜ਼ਰ ਆਉਂਦਾ ਹੈ ।ਹੇਆਮ ਵੂਰਕ (1350-1389)ਦੇ ਰਾਜ ਦੌਰਾਨ ਮਾਜਾਪਾਹਿਤ ਸਲਤਨਤ ਦੇ ਬਾਰਾਂ ਸੂਬਿਆਂ ਦਾ ਰਾਜ ਪ੍ਰਬੰਧ ਉਸ ਦੇ ਨਜ਼ਦੀਕੀ ਰਿਸ਼ਤੇਦਾਰਾਂ ਕੋਲ ਸੀ।ਗਾਜਾਹ ਮਾਦਾ ਦੇ ਰਾਜ ਦੌਰਾਨ ਜਦ ਮਾਜਾਪਾਹਿਤ ਸਲਤਨਤ ਸ਼ਹਿਨਸ਼ਾਹੀ ਦੌਰ 'ਚ ਦਾਖਲ ਹੋਈ ,ਸਮੁੰਦਰੋਂ ਪਾਰ ਕਈ ਸਾਮੰਤ ਰਿਆਸਤਾਂ ਨੂੰ ਮਾਜਾਪਾਹਿਤ ਦੇ ਪ੍ਰਭਾਵ ਹੇਠ ਕਰ ਲਿਆ, ਨਤੀਜੇ ਵੱਜੋਂ ਇੱਕ ਨਵੇਂ ਵੱਡੇ ਵਪਾਰਕ ਖੇਤਰ ਦੇ ਸੰਕਲਪ ਨੂੰ ਪ੍ਰੀਭਾਸ਼ਤ ਕੀਤਾ ਗਿਆ ।

ਜਨਮਸ਼ਾਖੀ ਭਾਈ ਬਾਲਾ ਦੇ ਮੁਤਾਬਕ ਕੰਵਲ ਨੈਨ ਦੇ ਰਾਜ ਵਿੱਚ ਵੱਖ ਵੱਖ ਖੇਤਰਾਂ ਨੂੰ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਦੇ ਵੇਰਵੇ ਇਸ ਪਕਾਰ ਹਨ।ਕੰਵਲ ਨੈਨ ਨੇ ਇਹ ਖੇਤਰ ਸੁਧਰ ਸੈਨ ਨੂੰ ਸੌਂਪ ਦਿੱਤੇ ।

1. ਪੰਦਰਾਂ ਦਿਨ ਪੰਦਰਾਂ ਰਾਤ ਸਫਰ ਕਰਕੇ ਸਮੁੰਦਰ ਕੰਢੇ ਬਿਸ਼ਿਅਰ ਦੇਸ਼ ਪਹੁੰਚੇ ਅਤੇ ਉੱਥੇ ਝੰਡਾ ਬਧੀ, ਸੁਧਰ ਸੈਨ ਅਤੇ ਇੰਦਰ ਸੈਨ ਨਾਲ ਮੁਲਾਕਾਤ ਕੀਤੀ। (ਜਨਮਸ਼ਾਖੀ ਭਾਈ ਬਾਲਾ (ਪੰਨਾ 156--158, 164-165-166-168-176-177)
2. ਅਸਰਾਪਨਾਹ, ਬਿਸ਼ਿਅਰ ਦੇਸ਼ ਤੋਂ ਸਿਲਮਿਲਾ ਦੀਪ ਜਾਂਦੇ ਹੋਏ ਛੇ ਮਹੀਨੇ ਕਿਸ਼ਤੀ/ ਪਾਣੀ ਵਾਲੇ ਜਹਾਜ਼

ਰਾਹੀਂ ਸਫਰ ਕਰਦੇ ਹੋਏ ਬਰਾਹਮਪੁਰ ਵਿਖੇ ਮਧੁਰ ਬੈਨ ਦੇ ਰਾਜ ਦੀ ਯਾਤਰਾ ਕੀਤੀ ।

3. ਸਤਾਈ ਦਿਨ ਸਤਾਈ ਰਾਤ ਕਿਸ਼ਤੀ/ ਪਾਣੀ ਵਾਲੇ ਜਹਾਜ਼ ਰਾਹੀਂ ਸਫਰ ਕਰਕੇ ਜੰਬੂ ਦੀਪ ਪਹੁੰਚ ਕੇ ਦੇਵਲੂਤ ਅਤੇ ਦੇਵਦੂਤ ਦਾ ਮਨ ਜਿੱਤਿਆ । ਉਹ ਦਿਓਰੀਧਰ ਵਿਖੇ ਉਨ੍ਹਾਂ ਨਾਲ ਨੌਂ ਮਹੀਨੇ ਠਹਿਰੇ। (ਪੰਨਾ 180--183)
4. ਜੰਬੂ ਮਹਾਂਦੀਪ ਤੋਂ ਤਿੰਨ ਮਹੀਨੇ ਦੀ ਯਾਤਰਾ ਕਰਦੇ ਹੋਏ ਪਾਰਸਨਾਮਾ ਪਹੁੰਚ ਕੇ ਰਾਜਾ ਤੀਖਤੇਨ ਅਤੇ ਬਾਂਦਰ ਦੀ ਸ਼ਕਲ ਦੇ ਮਨੁੱਖਾਂ ਨੂੰ ਮਿਲੇ।(ਪੰਨਾ 183-184)
5. ਸੱਤ ਮਹੀਨੇ ਤੇਰਾਂ ਦਿਨ ਦੀ ਯਾਤਰਾ ਕਰਕੇ ਜਾਤ ਦੇ ਬ੍ਰਾਹਮਣ, ਕੰਵਲ ਨੈਨ ਪੁੱਤਰ ਸੁਰਸੀ ਮਿਸ਼ਰ ਦੇ ਰਾਜ ਦੀ ਰਾਜਧਾਨੀ ਚਾਰ ਕੋਸ ( 13 ਕਿਮੀ)ਤੋਂ ਦਿਸਦੇ ਸੁਵਰਨਪੁਰ ਪਹੁੰਚੇ ।ਰਾਜ 7700 ਯੋਜਨ ਹੈ ।

ਸ਼ਮਸ਼ੇਰ ਸਿੰਘ ਅਸ਼ੋਕ ਸੰਪਾਦਿਤ ਪੁਰਾਤਨ ਜਨਮਸ਼ਾਖੀ ਵਿੱਚ ਬਿਸ਼ਿਅਰ ਦੇਸ਼ ਦੀ ਯਾਤਰਾ ਦੌਰਾਨ ਗੁਰੂ ਨਾਨਕ ਸਾਹਿਬ ਦਾ ਝੰਡਾ ਬਧੀ ਨੂੰ ਮਿਲਣ ਦਾ ਉਲੇਖ ਹੈ ।( ਪੁਰਾਤਨ ਜਨਮਸ਼ਾਖੀ ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 66 ; ਬਧੀ ਨੂੰ ਅਸ਼ੀਰਵਾਦ ਪੰਨਾ 87)

ਜਨਮਸ਼ਾਖੀਆਂ ਵਿੱਚ ਦਿੱਤੇ ਨਾਵਾਂ ਦੇ ਹਵਾਲਿਆਂ ਬਾਰੇ ਵੱਖ ਵੱਖ ਖੋਜਕਾਰਾਂ ਨੇ ਹੇਠ ਲਿਖੀ ਟਿੱਪਣੀ ਕੀਤੀ ਹੈ ।

(1) ਡਾ. ਤਰਲੋਚਨ ਸਿੰਘ ਅਤੇ ਡਾ. ਸੁਰਿੰਦਰ ਸਿੰਘ ਕੋਹਲੀ ਦੋਵੇਂ ਸਹਿਮਤ ਹਨ ਕਿ ਬਰਮਾ ਨੂੰ ਬਰਾਹਮਪੁਰ ਰਿਕਾਰਡ ਕੀਤਾ ਗਿਆ ਹੈ । ਸੁਵਰਨਪੁਰ ਅਸਲ ਵਿਚ ਸੋਨਦੀਪ ਸੀ ਅਤੇ ਬਰਮਾ ਦਾ ਹਿੱਸਾ ਸੀ। ਪਰੰਤੂ ਪੁਰਾਤਨ ਬਿਰਤਾਂਤ ਸੁਵਰਨਪੁਰ ਨੂੰ ਸੁਮਾਟਰਾ ਅਤੇ ਥਾਈਲੈਂਡ ਵੱਜੋਂ ਰਿਕਾਰਡ ਕਰਦੇ ਹਨ ।

(2) ਅਟਕ- ਘਟਕ ਚਿੱਟਾਗਾਓਂ/ ਚਿਟਗਾਂਗ ਦਾ ਸੋਧਿਆ ਨਾਉਂ ਹੈ ਜਿਹੜਾ ਮੂਲ -ਰੂਪ 'ਚ ਚਿੱਟਾ ਚਕੋਤਾ ਕਰਕੇ ਜਾਣਿਆ ਜਾਂਦਾ ਸੀ ( ਕੋਹਲੀ, 1969 ਪੰਨਾ 54)।ਸਹਿਰ ਦੇ ਚੱਕ- ਬਜਾਰ ਵਿੱਚ ਗੁਰਦੁਆਰਾ ਉਸਾਰਿਆ ਗਿਆ ਜਿਸ ਨੂੰ ਗੁਰਦੁਆਰਾ ਸਿੱਖ ਮੰਦਰ ਕਹਿੰਦੇ ਹਨ। ਪਟਨਾ ਸਹਿਬ ਦੇ ਗਰੀਬ ਖੱਤਰੀ ਭਾਈ ਮੋਹਨ ਸਿੰਘ ਨੇ ਗੁਰਦੁਆਰੇ ਨੂੰ ਕੁਝ ਜਾਇਦਾਦ ਦਾਨ ਦਿੱਤੀ ਜੋ ਮਹੰਤਾਂ ਦੇ ਕਬਜ਼ੇ ਵਿਚ ਰਹੀ ।ਬਾਅਦ ਵਿਚ ਜਿਲਾ- ਜੱਜ ਦੇ ਹੁਕਮਾਂ ਤੇ ਪ੍ਰਬੰਧਕੀ ਕਮੇਟੀ ਬਣਾਈ ਗਈ। ਭਾਈ ਮੋਹਨ ਸਿੰਘ 1740 ਤੋਂ 1756 ਤੱਕ ਬੰਗਾਲ ਦੇ ਦੀਵਾਨ ( ਮਾਲੀਆ ਮੰਤਰੀ) ਦੇ ਅਹੁਦੇ ਤੱਕ ਪਹੁੰਚੇ ।1972 ਵਿਚ ਜਦ ਕੈਪਟਨ ਭਾਗ ਸਿੰਘ ਨੇ ਇੱਕ ਵਫਦ ਨਾਲ ਗੁਰਦੁਆਰੇ ਦਾ ਦੌਰਾ ਕੀਤਾ ਉਸ ਵੇਲੇ ਸ਼੍ਰੀ ਸਤੀਸ਼ ਚੰਦਰ ਰਾਅਏ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਤੇ ਸ਼੍ਰੀ ਐਸ ਕੇ ਬਰਮਨ ਸਕੱਤਰ ਸਨ।(ਗੁਰਬਖਸ਼ ਸਿੰਘ ਪੰਨਾ77)

(3) ਸਿਲਮਿਲਾ ਉਪ- ਮਹਾਂਦੀਪ ਦੀ ਨਿਸ਼ਾਨਦੇਹੀ ਮਲਾਇਆ ਉੱਪ-ਮਹਾਂਦੀਪ ਕਰਕੇ ਕੀਤੀ ਗਈ ਹੈ ਅਤੇ ਸਿਆਮ, ਅਨਾਮ, ਕੰਬੋਡੀਆ ,ਜਾਵਾ , ਸੁਮਾਟਰਾ, ਬਾਲੀ ਅਤੇ ਬੋਰਨੀਓ ਇਸ ਵਿਚ ਸ਼ਾਮਲ ਸਨ।( ਕੋਹਲੀ 1969, ਪੰਨਾ 55-56)

(4) ਸੁਧਾਰ ਸੈਨ ' ਚਿਟਾਗਾਓਂ ਅਤੇ ਸੋਨਦਵੀਪ ' ਦਾ ਰਾਜਾ ਐਲਾਨਿਆ ਗਿਆ ਹੈ ।( ਤ੍ਰਿਲੋਚਨ ਸਿੰਘ, 1969 ਪੰਨਾ 166)

(5) ਡਾਕਟਰ ਕੋਹਲੀ (1969) ਉਲੇਖ ਕਰਦੇ ਹਨ; *ਕਿਹਾ ਜਾਂਦਾ ਹੈ ਕਿ ਬੈਂਗਕਾਕ ( ਸਿਆਮ, ਥਾਈਲੈਂਡ) ਦੇ ਮੰਦਿਰ Vat Sakate ਵਿੱਚ ਗੁਰੂ ਦੇ ਪਵਿੱਤਰ ਪੈਰ ਦਾ ਨਿਸ਼ਾਨ ਸੀ -- * ਚਰਨ ਪਦਕਾ* । ਸਮਝਿਆ ਜਾਂਦਾ ਹੈ ਕਿ ਉਨ੍ਹਾਂ ਇਸ ਜਗ੍ਹਾ ਤੇ ਵਾਲ ਧੋਤੇ ਸਨ। ਉਹ ਮਹਾਨ ਬੁੱਧ ਦੀ ਤਰ੍ਹਾਂ ਡੂੰਘੇ ਵਿਸਮਾਦ ਵਿਚ ਨਹਾਏ, ਇਸ ਲਈ ਕੱਤਕ ਦੀ ਪੂਰਨਮਾਸ਼ੀ ਨੂੰ ਮੰਦਰ ਵਿੱਚ ਸਲਾਨਾ ਮੇਲਾ ਲਗਦਾ ਹੈ ।ਮੰਨਿਆ ਜਾਂਦਾ ਹੈ ਕਿ ਬੈਂਗਕਾਕ ਵਿੱਚ ਇੱਕ ਹੋਰ ਮੰਦਰ, Trei Mitter (ਤਿੰਨ ਦੋਸਤਾਂ ਦਾ ਮੰਦਰ) ਗੁਰੂ ਸਹਿਬ ਅਤੇ ਉਨ੍ਹਾਂ ਦੇ ਦੋ ਸਾਥੀਆਂ , ਬਾਲਾ ਅਤੇ ਮਰਦਾਨਾ, ਦੀ ਯਾਦ 'ਚ ਬਣਾਇਆ ਗਿਆ ਹੈ , ਭਾਵੇਂ ਅਯੁੱਧਿਆ- ਬਿਰਤਾਂਤ ਵਿਚ ਗੁਰੂ ਨਾਨਕ ਦੇਵ ਜੀ ਦੀ ਥਾਈਲੈਂਡ ਯਾਤਰਾ ਦਾ ਕੋਈ ਜ਼ਿਕਰ ਨਹੀ ਹੈ ।(ਪੰਨਾ 56-57)

(6) ਉਹ ਅੱਗੇ ਉਲੇਖ ਕਰਦੇ ਹਨ, * ਜੇ ਗੁਰੂ ਨੇ ਇਸ ਸਮੁੰਦਰੀ ਯਾਤਰਾ ਰਾਹੀਂ ਚੀਨ ਅਤੇ ਜਪਾਨ ਛੋਹਿਆ, ਅਸੀਂ ਫਰਜ ਕਰ ਸਕਦੇ ਹਾਂ ਕਿ ਇਸ ਸਮੇਂ ਗੁਰੂ ਪੀਕਿੰਗ ਅਤੇ ਨਾਨਕਿੰਗ ਗਏ ।ਚੀਨ ਦੇ ਰਾਜੇ ਨੇ ਉਨ੍ਹਾਂ ਦਾ ਮਾਣ ਇਜੱਤ ਨਾਲ ਉਨ੍ਹਾਂ ਦਾ ਸਵਾਗਤ ਕੀਤਾ ।ਰਾਜਾ ਅਤੇ ਚੀਨੀ ਲੋਕ ਗੁਰੂ ਜੀ ਤੋਂ ਇਤਨੇ ਪ੍ਰਭਾਵਿਤ ਹੋਏ ਕਿ

ਸਹਿਰ ਦਾ ਨਾਂ ਉਨ੍ਹਾਂ ਦੇ ਸਤਿਕਾਰ ਵਿਚ ਨਾਨਕਿੰਗ ਰੱਖ ਦਿੱਤਾ ।(ਕੋਹਲੀ,1969 ਪੰਨਾ 57)

(7) ਗਿਆਨੀ ਲਾਲ ਸਿੰਘ (1940) ਸੰਗਰੂਰ ਆਪਣੇ ਬਿਰਤਾਂਤ ਵਿਚ ਰਿਕਾਰਡ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ; ਅਸਾਮ, ਕਮਾਖਿਆ (ਕਾਮਰੂਪ 'ਚ), ਕਚਹਾਰ, ਖ਼ਾਸੀ ਪਹਾੜੀਆਂ , ਮਨੀਪੁਰ, ਬਰਮਾ ਦੇ ਲੁਸਾਈ ਖਿੱਤੇ, ਸਿਲਹਤ, ਅਜਮੇਰੀ ਗੰਜ, ਕਰੀਮਗੰਜ ਅਤੇ ਘਾਰਗਾਓਂ (ਹੁਣ ਬੰਗਲਾਦੇਸ਼) ; ਬਰਮਾ ਵਿੱਚ ਰੰਗੂਨ ਅਤੇ ਮਾਂਡਲੇ, ਸਲਮਾਲਾ ਦਵੀਪ, ਪਲਪਾਸਰੇ, ਬ੍ਰਹਮਪੁਰ, ਚੰਦਪੁਰ, ਸਵਰਨਪੁਰ, ਰਤਨਾਖਲੀ, ਫਰੀਦਪੁਰ , ਕਾਸਾਬਪੁਰ, ਨਾਨਕਿੰਗ ਅਤੇ ਪੀਕਿੰਗ ਦੀ ਯਾਤਰਾ ਕੀਤੀ । ਉਹ ਇਹ ਵੀ ਰਿਕਾਰਡ ਕਰਦੇ ਹਨ ਕਿ ' ਹੁਣ ਵੀ ਚੀਨ ਵਿਚ ਬਹੁਤ ਥਾਵਾਂ ਤੇ ਗੁਰੂ ਨਾਨਕ ਦੀ ਮੂਰਤੀ ਪੂਜੀ ਜਾਂਦੀ ਹੈ ਅਤੇ ਉਨ੍ਹਾਂ ਨੂੰ Baba Bhusa (ਫੂਸਾਂਗ) ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ।ਧਰਮ ਪ੍ਰਚਾਰਕਾਂ ਦੀ ਕਮੀ ਹੋਣ ਕਰਕੇ ਗੁਰੂ ਨਾਨਕ ਨਾਲ ਜੁੜੇ ਸਥਾਨਾਂ ਨੂੰ ਸਾਂਭਿਆ ਨਹੀਂ ਜਾ ਸਕਿਆ ।ਚੀਨ ਵਿੱਚ ਲਾਮਾ -ਗੁਰੂਆਂ ਨਾਲ ਵਿਚਾਰ ਵਟਾਂਦਰੇ ਉਪਰੰਤ ਉਨ੍ਹਾਂ ਨੂੰ ਸੱਚੇ ਨਾਮ ਦੀ ਬਖਸ਼ਿਸ਼ ਕੀਤੀ ।ਬਹੁਤ ਸਾਰੇ ਜੈਨ ਅਤੇ ਬੋਧੀ ਸਿੱਖ ਧਰਮ ਦੇ ਪੈਰੋਕਾਰ ਬਣ ਗਏ। (ਪੰਨਾ 71-72)

(8) ਸਿੰਗਾਪੁਰ ਵਿੱਚ ਖੜ੍ਹੇ ਸਮਾਰਕਾਂ ਤੇ ਗੁਰੂ ਨਾਨਕ ਦੀ ਸਿੰਗਾਪੁਰ ਯਾਤਰਾ ਦਾ ਉਲੇਖ ਹੈ । (Sahi, ਪੰਨਾ 137)

(9) ਤਵਾਰੀਖ ਗੁਰੂ ਖਾਲਸਾ, ਗੁਰੂ ਪਹਿਲਾ, ਭਾਗ-1 ਵਿਚ ਗਿਆਨੀ ਗਿਆਨ ਸਿੰਘ, ਅਸਾਮ 'ਚ ਤੀਖਤੇਨ ਦੇ ਸਹਿਰ ਪਾਰਸਨਾਮਾ , ਝੰਡਾ ਬਧੀ ਅਤੇ ਕਚਹਾਰ-ਮਨੀਪੁਰ ਦੇ ਰਾਜਾ ਸੁਧਰ ਸੈਨ ਦੀ ਰਾਜਧਾਨੀ ਅਸੀਮਫਾਲ ਦਾ ਜਿਕਰ ਕਰਦਾ ਹੈ ।ਕਚਾਹਾਰ ਮਨੀਪੁਰ ਤੋਂ ਉਹ ਸਾਲਮਾਲਾ ਉੱਪ- ਮਹਾਂਦੀਪ ਨੂੰ ਗਏ ਅਤੇ ਬ੍ਰਹਮਪੁਰ ਵਿੱਚ ਰਾਜਾ ਮਧੁਰ ਬੈਨ ਕੋਲ ਰੁਕੇ ।ਫਿਰ ਸੁਵਰਨਪੁਰ ਵਿੱਚ ਕੰਵਲ ਨੈਨ ਦੇ ਮਹੱਲ ਨੂੰ ਨਿਵਾਜਿਆ। (ਗਿਆਨੀ ਗਿਆਨ ਸਿੰਘ, 1892, ਪੰਨਾ 119--123)

ਕਿਉਂਕਿ ਮਾਜਾਪਾਹਿਤ ਅਤੇ ਇਸਦੇ ਅਠੱਨਵੇਂ ਟਾਪੂ ਗੁਰੂ ਨਾਨਕ ਦੀ ਯਾਤਰਾ ਦੇ ਮੁੱਖ ਬਿੰਦੂ ਬਣ ਕੇ ਉੱਭਰਦੇ ਹਨ, ਉਨ੍ਹਾਂ ਦੇ ਸਫਰ ਦਾ ਆਮ ਰਸਤਾ ਇਨ੍ਹਾਂ ਟਾਪੂਆਂ ਵਿੱਚ ਹੇਠ ਦੱਸਿਆ ਹੋ ਸਕਦਾ ਹੈ :

ਬੰਗਾਲ ਤੋਂ ਸੁਰੂ ਕਰਕੇ ਉਹ ਚਿਟਾਗੌਂਗ ਜਾਂ ਸੋਨਦੀਪ ਵਿੱਚ ਸੁਧਾਰ ਸੈਨ ਨੂੰ ਮਿਲੇ, ਮਲਾਇ ਮਹਾਂਦੀਪ ਨੂੰ ਜਾਂਦੇ ਜਾਂਦੇ ਬਰਮਾ ਦੇ ਇਲਾਕੇ ਵਿੱਚ ਦੇਵਲੂਤ ਨਾਲ ਮੁਲਾਕਾਤ,ਮਲਾਇ ਮਹਾਂਦੀਪ 'ਚ ਮਧੁਰ ਬੈਨ ਨਾਲ ਵਾਰਤਾਲਾਪ, ਥਾਈਲੈਂਡ ਵਿੱਚ ਸੁਵਰਨਪੁਰ ਵਿਖੇ ਕੰਵਲ ਨੈਨ ਨਾਲ ਮੁਲਾਕਾਤ ਅਤੇ ਅਸਟ੍ਰੇਲੀਆ ਜਾਂ ਅਮਰੀਕਨ ਮਹਾਂਦੀਪ ਦੇ ਦੂਰ ਦੇ ਟਾਪੂ ਤੇ ਤੀਖਤੇਨ ਨਾਲ ਮੁਲਾਕਾਤ ਕਰਦੇ ਹੋਏ ਗੁਰੂ ਨਾਨਕ ਅੱਗੇ ਜਾਣ ਲਈ ਬੰਗਾਲ ਪਰਤ ਆਏ ।

ਜਨਮਸ਼ਾਖੀ ਭਾਈ ਬਾਲਾ ਉੱਪਰ ਵਿਆਖਤ ਇਲਾਕੇ ਬਾਰੇ ਉਲੇਖ ਕਰਦੇ ਹਨ : * ਜਦ ਗੁਰੂ ਦੇ ਸਾਥੀ ਮਰਦਾਨਾ ਨੇ ਸਾਰੇ ਸੱਤ ਦੀਪ ਦੇਖਣ ਦੀ ਇੱਛਾ ਜਾਹਰ ਕੀਤੀ ਤਾਂ ਗੁਰੂ ਨੇ ਕਿਹਾ, * ਮਹਾਨ ਜੰਬੂ ਮਹਾਂਦੀਪ ਇੱਕ ਲੱਖ ਯੋਜਨ (13 ਲੱਖ ਵਰਗ ਕਿਲੋਮੀਟਰ) ਵਿੱਚ ਫੈਲਿਆ ਹੋਇਆ ਹੈ ਅਤੇ ਦੂਸਰੇ ਮਹਾਂਦੀਪਾਂ ਦੇ ਵਿਚਕਾਰ ਸਥਿਤ ਹੈ । ਮਹਾਨ ਸੁਮੇਰ ਪਰਬਤ (ਕੈਲਾਸ਼) ਇਸ ਦੇ ਵਿੱਚ ਹੈ। ਤੁਸੀਂ ਇਸ ਮਹਾਂਦੀਪ ਦੇ ਨੌਂ ਖੰਡ ਪਹਿਲਾਂ ਹੀ ਦੇਖ ਚੁੱਕੇ ਹੋ ਅਤੇ ਇਨ੍ਹਾਂ ਵਿੱਚ ਇਕ ਖੰਡ ਭਾਰਤਵਰਸ਼ ਹੈ ।ਮੈਂ ਤੁਹਾਨੂੰ ਦੂਜੇ ਖੰਡ ਦਿਖਾਉਣ ਤੋਂ ਮਨਾ ਨਹੀਂ ਕਰ ਸਕਦਾ , ਇਸ ਲਈ ਚਲੋ ਚੱਲੀਏ ।ਬੜੇ ਥੋੜੇ ਸਮੇਂ ਵਿਚ ਇੱਕ ਲੱਖ ਯੋਜਨ ( 13 ਹਜਾਰ ਵਰਗ ਕਿਲੋਮੀਟਰ ਦੇ ਲੱਗ ਭੱਗ) ਦਾ ਸਮੁੰਦਰ ਪਾਰ ਕਰ ਲਿਆ । ਆਪਣੇ ਸਾਥੀਆਂ ਨਾਲ ਗੁਰੂ ਪਲਾਕਸ਼ਾ ਪਰਾਇਦੀਪ ਪਹੁੰਚ ਗਏ।ਇਸ ਪਰਾਇਦੀਪ ਦਾ ਨਾਂ ਇੱਥੇ ਬਹੁਤਾਤ ਵਿਚ ਉੱਗਦੇ ਚਿੱਟੇ ਪਲਾਕਸ਼ਾ (ਜਾਂ ਪਾਖਰ) ਦਰਖਤ ਦੇ ਨਾਂ ਤੇ ਪਿਆ ਹੈ ।ਸੰਸਕ੍ਰਿਤ ਵਿਚ ਪਲਾਕਸ਼ਾ ਸਬਦ ਦਾ ਅਰਥ ਸਫ਼ੈਦ ਹੈ ।ਇਸ ਖੰਡ ਦੇ ਲੋਕ ਸਫ਼ੈਦ ਅਤੇ ਕਾਮੀ, ਦੇਵਤਿਆਂ ਵਰਗਾ ਜੀਵਨ ਬਸ਼ਰ ਕਰਦੇ ਸਨ।ਉਹ ਇੱਕ ਹਜਾਰ ਸਾਲ ਤੱਕ ਜਿਉਂਦੇ ਸਨ।ਇਹ ਪਰਾਇਦੀਪ ਸੱਤ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ ਅਤੇ ਸੱਤ ਦਰਿਆਵਾਂ ਵਾਲਾ ਸੀ।

ਪਰਾਇਦੀਪ ਦੇ ਵੱਖ ਵੱਖ ਭਾਂਤ ਦੇ ਲੋਕ ਇਹ ਸੋਚ ਕੇ ਗੁਰੂ ਨਾਨਕ ਦੁਆਲੇ ਇਕੱਠੇ ਹੋ ਗਏ ਕਿ ਉਹ ਦੂਸਰੇ ਪਰਾਇਦੀਪ ਦਾ ਪਵਿੱਤ੍ਰ ਮਨੁੱਖ ਹੈ ਅਤੇ ਆਪਣੇ ਇਲਾਕੇ ਦੇ ਫਲ ਭੇਟ ਕੀਤੇ ।ਗੁਰੂ ਨੇ ਉਨ੍ਹਾਂ ਦੇ ਪਰਾਇਦੀਪ ਵਿੱਚ ਜਿੰਦਗੀ ਦੇ ਆਮ ਹਾਲਾਤ ਬਾਰੇ ਜਾਣਕਾਰੀ ਲਈ ।ਉਨ੍ਹਾਂ ਕਿਹਾ,* ਸਾਡੇ ਕੋਲ ਜਿੰਦਗੀ ਦਾ ਸਭ ਸੁੱਖ ਹੈ ਪਰੰਤੂ ਸਾਡੇ ਕੁਝ ਭੈੜ ਹਨ ਜੋ

ਮੁਸ਼ਕਲਾਂ ਪੈਦਾ ਕਰਦੇ ਹਨ ।ਆਪਣੇ ਤੋਂ ਉੱਚੇ ਨੂੰ ਦੇਖ ਕੇ ਈਰਖਾ ਪੈਦਾ ਹੋ ਜਾਂਦੀ ਹੈ; ਨੀਵਿਆਂ ਨੂੰ ਦੇਖ ਕੇ ਅਹੰਕਾਰ ਅਤੇ ਬਰਾਬਰ ਨੂੰ ਦੇਖ ਕੇ ਦੁਸ਼ਮਣੀ ਪੈਦਾ ਹੋ ਜਾਂਦੀ ਹੈ ।ਕਿਰਪਾ ਕਰਕੇ ਇਨ੍ਹਾਂ ਬਿਮਾਰੀਆਂ ਦਾ ਕੋਈ ਇਲਾਜ ਦੱਸੋ।* ਗੁਰੂ ਸਹਿਬ ਨੇ ਕਿਹਾ,* ਰੱਬ ਦਾ ਨੂਰ ਹਰ ਇੱਕ ਵਿੱਚ ਹੈ ਅਤੇ ਕੋਈ ਵੀ ਰੱਬ ਤੋਂ ਵਾਂਝਾ ਨਹੀਂ ਹੈ । ਜੇ ਤੁਸੀਂ ਇਸ ਤਰ੍ਹਾਂ ਸੋਚੋਗੇ, ਨਾ ਬਰਾਬਰੀ ਖਤਮ ਹੋ ਜਾਵੇਗੀ । ਕੋਈ ਤਕਲੀਫ਼ ਨਹੀਂ ਹੋਵੇਗੀ ।ਪਰਮਾਤਮਾ ਦਾ ਨਾਮ ਯਾਦ ਰੱਖੋ। ਪਵਿੱਤ੍ਰ ਸਾਧ ਸੰਗਤ ਵਿੱਚ ਵਰਾਵਾਂ ਵਾਂਗ ਆਓ ਅਤੇ ਪ੍ਰਾਰਥਨਾ ਕਰੋ । ਪਰਾਇਦੀਪ ਦੇ ਲੋਕ ਉਨ੍ਹਾਂ ਦੇ ਪੈਰੋਕਾਰ ਬਣ ਗਏ ।

ਉੱਥੇ ਕਈ ਦਿਨ ਠਹਿਰਣ ਤੋਂ ਬਾਅਦ ਗੁਰੂ ਨਾਨਕ ਸਾਹਿਬ, ਪਲਾਕਸ਼ਾ ਪਰਾਇਦੀਪ ਜੋ ਦੋ ਲੱਖ ਯੋਜਨ (26 ਲੱਖ ਵਰਗ ਕਿਲੋਮੀਟਰ) ਵਿੱਚ ਫੈਲਿਆ ਹੋਇਆ ਸੀ, ਪਾਰ ਕਰਕੇ ਦੂਸਰੇ ਪਰਾਇਦੀਪ ਵੱਲ ਤੁਰ ਪਏ। ਗੰਨੇਂ ਦੀ ਖੇਤੀ ਦਾ ਅਥਾਹ ਸਮੁੰਦਰ, ਜੋ ਇੱਕ ਲੱਖ ਯੋਜਨ (13 ਲੱਖ ਵਰਗ ਕਿਲੋਮੀਟਰ) ਵਿੱਚ ਫੈਲਿਆ ਹੋਇਆ ਸੀ ਪਾਰ ਕਰਕੇ ਉਹ ਅਗਲੇ ਪਰਾਇਦੀਪ ਸਲਮਾਲਾ ਵਿੱਚ ਦਾਖਲ ਹੋ ਗਏ।ਇਸ ਦਾ ਨਾਂ ਸਲਮਾਲੀ ਜਾਂ ਰੇਸ਼ਮੀ ਕਪਾਹ ਦੇ ਪੌਦੇ ਤੇ ਰੱਖਿਆ ਹੋਇਆ ਹੈ ।ਗੁਰੂ ਸਾਹਿਬ ਨੇ ਇਸ ਪਰਾਇਦੀਪ ਦੇ ਸਹਿਰ ਦੀ ਯਾਤਰਾ ਕੀਤੀ । ਲੋਕਾਂ ਅਤੇ ਰਾਜੇ ਨੇਂ ਮਾਣ ਸਤਿਕਾਰ ਨਾਲ ਜੀ ਆਇਆਂ ਕਿਹਾ ।ਗੁਰੂ ਸਾਹਿਬ ਨੇ ਰਾਜੇ ਨੂੰ ਸੱਚੇ ਰੱਬ ਦੇ ਨਾਮ ਦੀ ਪੂਜਾ ਲਈ ਪ੍ਰੇਰਿਤ ਕੀਤਾ।ਲੋਕਾਂ ਨੂੰ ਆਪਣੇ ਦੱਸੇ ਨੇਮ ਪਾਲਣ ਲਈ ਉਤਸ਼ਾਹਿਤ ਕੀਤਾ ।(ਜਨਮਸ਼ਾਖੀ ਭਾਈ ਬਾਲਾ) ਹੋਰ ਵਿਸਤਾਰ ਜਿਵੇਂ ਜਨਮਸ਼ਾਖੀ ਭਾਈ ਬਾਲਾ ਵਿੱਚ ਉਲੇਖਿਤ ਹੈ ਹੇਠ ਲਿਖਿਆ ਹੈ ।

* ਅਸਰਾਪਨ ਨਾਉਂ ਦੇ ਵਿਦੇਸ਼ੀ ਮੁਲਕ 'ਚ ਰਾਜੇ ਦਾ ਰਾਜ ਹੈ।ਗੁਰੂ ਨਾਨਕ ਨੇ ਇਸ ਦੀ ਯਾਤਰਾ ਸੁਰੂ ਕੀਤੀ ।ਉੱਥੇ ਝੰਡਾ ਬਧੀ ਦਾ ਅਸਥਾਨ ਹੈ ।ਉਹ ਬਿਸ਼ਿਅਰ ਦੇਸ਼, ਜੋ ਸਮੁੰਦਰ ਵਿੱਚ ਟਾਪੂ ਤੇ ਹੈ, ਪਹੁੰਚ ਗਏ--------- ਅੱਗੇ ਚਲਦੇ ਗਏ ---- ਇਹ ਪੰਦਰਾਂ ਦਿਨ ਅਤੇ ਰਾਤ ਦਾ ਸਫਰ ਸੀ। ਉਹ ਸਾਰੇ ਹਵਾ ਦੇ ਆਸਰੇ ਜਿਉਂਦੇ ਰਹੇ ।ਇਸ ਤੋਂ ਬਾਅਦ ਉਹ ਬਿਸ਼ਿਅਰ ਦੇਸ਼ ਪਹੁੰਚ ਗਏ ਜਿਸ ਦਾ ਰਾਜਾ ਸੁਧਰ ਸੈਨ ਸੀ ।ਬਿਸ਼ਿਅਰ ਦੇਸ਼ ਵਿੱਚ ਗੁਰੂ ਨਾਨਕ ਨੇ ਝੰਡਾ ਬਧੀ ਅਤੇ ਇੰਦਰ ਸੈਨ ਨੂੰ ਆਸ਼ੀਰਵਾਦ ਦਿੱਤਾ ।ਝੰਡਾ ਬਧੀ ਤਰਖਾਣ ਵਪਾਰੀ ਸੀ, ਜਿਸ ਨੂੰ ਇਲਾਕੇ ਦਾ ਪ੍ਰਚਾਰਕ ਸਥਾਪਿਤ ਕੀਤਾ। ਰਾਜੇ ਦੇ ਭਤੀਜੇ ਇੰਦਰ ਸੈਨ ਨੇ ਗੁਰੂ ਸਾਹਿਬ ਨਾਲ ਚੰਗਾ ਰਾਬਤਾ ਕਾਇਮ ਕਰ ਲਿਆ ।ਰਾਜਾ ਸੁਧਰ ਸੈਨ ਗੁਰੂ ਸਾਹਿਬ ਦੀ ਸਿੱਖਿਆ ਨਾਲ ਪ੍ਰਕਾਸ਼ਮਾਨ ਹੋਏ ਅਤੇ ਜੀਵਨ ਭਰ ਲਈ ਚੇਲੇ ਬਣ ਗਏ ।* ਜਨਮਸ਼ਾਖੀ ਹੋਰ ਉਲੇਖ ਕਰਦੀ ਹੈ:---

ਫਿਰ ਰਾਜਾ ਸੁਧਰ ਸੈਨ ਨੂੰ ਗੁਰੂ ਨਾਨਕ ਦੇ ਪਹੁੰਚਣ ਦੀ ਖਬਰ ਲੱਗੀ ।ਉਸ ਨੇ ਆਪਣੇ ਦਰਬਾਰੀਆਂ ਨੂੰ ਕਿਹਾ, ' ਮੇਰੇ ਸਹਿਰ ਵਿੱਚ ਸੰਤ ਆਏ ਹਨ ਜਿਸ ਨੂੰ ਝੰਡਾ ਬਧੀ ਨੇ ਗੁਰੂ ਮੰਨ ਲਿਆ ਹੈ ।ਕਿਰਪਾ ਕਰਕੇ ਉਸ ਨੂੰ ਮੇਰੇ ਕੋਲ ਲੈਕੇ ਆਓ।* ਇੰਦਰ ਸੈਨ ਗੁਰੂ ਨਾਨਕ ਵੱਲ ਗਏ ਅਤੇ ਉਨ੍ਹਾਂ ਅੱਗੇ ਝੁਕ ਕੇ ਉਹ ਸਭ ਭੇਟ ਕੀਤਾ ਜੋ ਲੈਕੇ ਆਏ ਸਨ।ਉਸ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ, ' ਸ਼੍ਰੀ ਮਾਨ ਜੀ , ਰਾਜਾ ਬੇਸਬਰੀ ਨਾਲ ਤੁਹਾਡੀ ਉਡੀਕ ਕਰ ਰਿਹਾ ਹੈ ।ਤੁਹਾਨੂੰ ਉਸ ਨੂੰ ਆਸ਼ੀਰਵਾਦ ਦੇਣਾ ਚਾਹੀਦਾ ਹੈ ।* ਗੁਰੂ ਨਾਨਕ ਨੇ ਫਿਰ ਸੁਧਰ ਸੈਨ ਨੂੰ ਆਸ਼ੀਰਵਾਦ ਦਿੱਤਾ ਅਤੇ ਸੌ ਟਾਪੂਆਂ ਦਾ ਰਾਜ ਬਖ਼ਸ਼ਿਆ।

ਰਾਜਾ ਸੁਧਰ ਸੈਨ ਨੇ ਫਿਰ ਸੌ ਟਾਪੂਆਂ ਤੇ ਸੌ ਸਾਲ ਰਾਜ ਕੀਤਾ ।ਅਠਾਰਾਂ ਹੋਰ ਰਾਜਿਆਂ ਤੇ ਵੀ ਉਸ ਨੇ ਰਾਜ ਕੀਤਾ। ਉਸ ਗੁਰੂ ਨਾਨਕ ਦੇ ਨਾਂ ਤੇ ਤਿੰਨ ਪਰਾਇਦੀਪਾਂ ਤੇ ਰਾਜ ਕੀਤਾ ਅਤੇ ਮਹਾਨ ਮਨੁੱਖ ਬਣਿਆ-------ਗੁਰੂ ਨਾਨਕ ਇੰਦਰ ਸੈਨ ਦੀ ਬੇਨਤੀ ਤੇ ਰਾਜਾ ਸੁਧਰ ਸੈਨ ਅਤੇ ਝੰਡਾ ਬਧੀ ਕੋਲ ਇੱਕ ਮਹੀਨਾ ਠਹਿਰੇ ।*

ਸਮੁੰਦਰ ਰਾਹੀਂ ਸੈਂਤੀ ਦਿਨ ਅਤੇ ਰਾਤ ਸਫ਼ਰ ਕਰਦੇ ਹੋਇਆਂ ਉਨ੍ਹਾਂ ਦਿਓਗੰਧਾਰ ਨਾਉਂ ਦਾ ਸਹਿਰ ਦੇਖਿਆ।ਇਸ ਦਾ ਰਾਜਾ ਦੇਵਲੂਤ ਸਤਾਰਾਂ ਲੱਖ ਰਾਜਿਆਂ ਤੇ ਰਾਜ ਕਰਦਾ ਸੀ।ਉਹ ਮਨੁੱਖੀ ਮਾਸ ਖਾਂਦਾ ਸੀ। ਜਿਉਂ ਹੀ ਉਸ ਨੂੰ ਤਿੰਨਾਂ ਦਾ ਸਹਿਰ ਦੇ ਬਾਹਰ ਬੈਠਿਆਂ ਦਾ ਪਤਾ ਲੱਗਿਆ, ਉਸ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਉਨ੍ਹਾਂ ਨੂੰ ਉਸ ਦੇ ਭੋਜਨ ਲਈ ਲੈਕੇ ਆਉਣ। ਜਦ ਸਿਪਾਹੀ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਆਏ ਤਾਂ ਉਹ ਗੁਰੂ ਅਤੇ ਸਾਥੀਆਂ ਨੂੰ ਦੇਖ ਨਾ ਸਕੇ।ਉਸ ਦੇ ਇੱਕ ਮੰਤਰੀ ਦੇਵਦੂਤ ਨੇ ਦੇਵਲੂਤ ਨੂੰ ਦੱਸਿਆ,*ਸੰਤ ਮਹਾਨ ਰੂਹਾਨੀ ਵਾਲਾ ਬੰਦਾ ਦਿਸਦਾ ਹੈ।ਮੈਨੂੰ ਬਿਨਾਂ ਕਿਸੇ ਬੁਰੀ ਭਾਵਨਾ ਦੇ ਜਾਣ ਦਿਓ ਅਤੇ ਦੇਖਦੇ ਹਾਂ ਕੀ ਹੁੰਦਾ ਹੈ ।ਜੇ ਮੈਂ ਵੀ ਉਸ ਨੂੰ ਨਾ ਦੇਖ ਸਕਿਆ ਤੁਸੀਂ ਮੇਰੇ ਨਾਲ ਜੋ ਚਾਹੋ ਕਰ ਸਕਦੇ ਹੋ।* ਰਾਜਾ ਦੇਵਲੂਤ ਸਹਿਮਤ ਹੋ ਗਿਆ ।ਜਿਉਂ ਹੀ ਦੇਵਦੂਤ ਸ਼ੁੱਧ ਹਿਰਦੇ ਨਾਲ ਗਿਆ, ਉਹ ਗੁਰੂ ਨਾਨਕ ਅਤੇ ਉਸ ਦੇ ਸਾਥੀਆਂ ਨੂੰ ਦੇਖ

ਸਕਦਾ ਸੀ। ਉਸ ਨੇ ਗੁਰੂ ਨਾਨਕ ਤੋਂ ਉਨ੍ਹਾਂ ਦਾ ਨਾਂ ਅਤੇ ਕਿੱਥੋਂ ਆਏ ਹਨ ਪੁੱਛਿਆ। ਗੁਰੂ ਨਾਨਕ ਨੇ ਉਸ ਨੂੰ ਅਮਰ ਨਗਰ ਆਪਣਾ ਨਿਵਾਸ ਸਥਾਨ ਅਤੇ ਨਾਨਕ ਨਿਰੰਕਾਰੀ ਆਪਣਾ ਨਾਂ ਦੱਸਿਆ ।ਮੰਤਰੀ ਨੇ ਉਨ੍ਹਾਂ ਨੂੰ ਉਸ ਦੇ ਨਾਲ ਸਹਿਰ ਆਉਣ ਲਈ ਬੇਨਤੀ ਕੀਤੀ ਜੋ ਗੁਰੂ ਨਾਨਕ ਨੇ ਇਹ ਕਹਿੰਦੇ ਹੋਏ ਠੁਕਰਾ ਦਿੱਤੀ ਕਿ ਉਹ ਫਕੀਰ ਹੈ ਅਤੇ ਜਿੱਥੇ ਵੀ ਹੈ ਉੱਥੇ ਹੀ ਖੁਸ਼ ਹੈ-----। ਮੰਤਰੀ ਨੇ ਸਾਰਾ ਵੇਰਵਾ ਰਾਜੇ ਦੇਵਲੂਤ ਨੂੰ ਦੱਸਿਆ, ਪਰੰਤੂ ਰਾਜਾ ਗੁਰੂ ਦੇ ਸਿਕਾਰ ਲਈ ਬਜ਼ਿੱਦ ਰਿਹਾ ਅਤੇ ਕਿਹਾ, * ਆਓ ਸਾਰੇ ਚੱਲੀਏ। ਜੇ ਮੈਂ ਉਸ ਨੂੰ ਫੜਨ 'ਚ ਕਾਮਯਾਬ ਹੋਇਆ, ਤੁਸੀਂ ਸਾਰੇ ਸਜ਼ਾ ਦੇ ਹੱਕਦਾਰ ਹੋਵੋਗੇ ।ਜਿਉਂ ਹੀ ਉਹ ਸਾਰੇ ਪਹੁੰਚੇ ਸਿਰਫ ਮੰਤਰੀ ਤੋਂ ਬਿਨਾਂ ਕੋਈ ਵੀ ਗੁਰੂ ਸਾਹਿਬ ਨੂੰ ਦੇਖ ਨਾ ਸਕਿਆ ।ਰਾਜਾ ਦੇਵਲੂਤ ਆਪਣੀ ਕਰਤੂਤ ਤੇ ਪਛਤਾਵਾ ਕਰਨ ਲੱਗਾ ।ਉਸ ਨੇ ਗੁਰੂ ਨਾਨਕ ਤੋਂ ਖਿਮਾਂ ਦੀ ਭੀਖ ਮੰਗੀ ।

ਇਸ ਉਪਰੰਤ ਗੁਰੂ ਨਾਨਕ ਨੇ ਕਿਹਾ, ਅੱਖਾਂ ਖੋਲੋ ।ਜਦ ਰਾਜੇ ਨੇ ਅੱਖਾਂ ਖੋਲ੍ਹੀਆਂ ਤਾਂ ਗੁਰੂ ਨਾਨਕ ਨੂੰ ਸਾਹਮਣੇ ਦੇਖ ਕੇ ਹੱਕਾ ਬੱਕਾ ਰਹਿ ਗਿਆ । ਗੁਰੂ ਨਾਨਕ ਨੇ ਫਿਰ ਉਸਨੂੰ ਆਪਣੇ ਖਾਣ ਪੀਣ ਦੀਆਂ ਆਦਤਾਂ ਬਦਲਣ ਲਈ ਕਿਹਾ , ਮਨੁੱਖੀ ਮਾਸ ਖਾਣ ਤੋਂ ਵਰਜਿਆ ਅਤੇ ਸਾਰੇ ਮਨੁੱਖਾਂ ਨੂੰ ਬਰਾਬਰ ਮੰਨਣ ਲਈ ਕਿਹਾ ।ਉਨ੍ਹਾਂ ਨੇ ਉਸ ਨੂੰ ਰਾਜਾ ਸੁਧਰ ਸੈਨ ਦੇ ਵਿਚਾਰਾਂ ਤੇ ਚੱਲਣ ਲਈ ਕਿਹਾ ।ਅਸਲੀਅਤ ਇਹ ਹੋ ਸਕਦੀ ਹੈ ਕਿ ਗੁਰੂ ਨਾਨਕ ਨੇ ਰਾਜੇ ਨੂੰ ਅਹਿਸਾਸ ਕਰਵਾਇਆ ਹੋਵੇਗਾ ਕਿ ਮਨੁੱਖੀ ਮਾਸ ਖਾਣਾ ਮਨੁੱਖਤਾ ਵਿਰੋਧੀ ਕਰਮ ਹੈ ਇਸ ਲਈ ਇਸ ਤੋਂ ਜਰੂਰ ਹੀ ਪਰਹੇਜ਼ ਕਰਨਾ ਚਾਹੀਦਾ ਹੈ , ਕਿਉਂਕਿ ਪਰਮਾਤਮਾ ਨੇ ਸਭ ਨੂੰ ਬਰਾਬਰ ਦੇ ਪੈਦਾ ਕੀਤਾ ਹੈ।ਸਭ ਉਸ ਨੂੰ ਬਰਾਬਰ ਦੇ ਪਿਆਰੇ ਹਨ।ਉਸ ਦੇ ਕਿਸੇ ਵੀ ਜੀਵ ਨੂੰ ਨੁਕਸਾਨ ਪਹੁੰਚਾਉਣਾ ਉਸ ਨੂੰ ਨਰਾਜ ਕਰਦਾ ਹੈ ।ਮਨੁੱਖ ਨੂੰ ਸਭ ਨਾਲ ਪਿਆਰ ਕਰਨਾ ਚਾਹੀਦਾ ਹੈ ।

ਦੇਵਲੂਤ ਦਾ ਇਹ ਇਲਾਕਾ ਸ਼ਾਇਦ ਰੇਖ਼ਾਈਨ (ਅਰਾਕਾਨ) ਸੀ।ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ਼ਬਦ ਰੇਖਾਈਨ ਪਾਲੀ ਭਾਸ਼ਾ ਦੇ ਸ਼ਬਦ ਰਾਕਖਾਪੁਰਾ (ਸੰਸਕ੍ਰਿਤ - ਰਾਕਸ਼ਪੁਰਾ) ਜਿਸ ਦਾ ਮਤਲਬ ' ਰਾਖਸ਼ਾਂ ਦੀ ਧਰਤੀ' ਤੋਂ ਨਿਕਲਿਆ ਹੈ । ਜਾਂ ' ਖਰਮਸਤੀਆਂ ਦੀ ਧਰਤੀ'

ਅਰਾਕੀਨੀਆਂ ਦੇ ਰੋਜਨਾਮਚੇ 'ਰੇਖਾਈਨ ਰਜਾਵਿਨ ਥਿਤ ' (Sandamala Linkara ਭੋਲ 2 , 1931) ਮੁਤਾਬਕ ਰੇਖਾਈਨ ਦਾ ਰਾਜ 1431 ਤੋਂ 1785 ਤੱਕ ਸੀ। ਸੰਨ 1431 ਵਿਚ Mrauk-u ਨੂੰ ਅਰਾਕਾਨੀ ਰਾਜ ਦੀ ਰਾਜਧਾਨੀ ਘੋਸ਼ਿਤ ਕੀਤਾ ਗਿਆ ।ਗੁਰੂ ਨਾਨਕ ਦੀ ਫੇਰੀ ਵੇਲੇ ਸਾਲਿੰਗਥੁ (ਜੁਲਾਈ 1494 ਤੋਂ ਫਰਵਰੀ 1502) ਰਾਜ ਕਰ ਰਿਹਾ ਸੀ।ਬਾਅਦ 'ਚ ਉਸ ਦੇ ਪੁੱਤਰ ਰਜ਼ਾ ਨੇ ਨਵੰਬਰ 1513 ਤੱਕ ਰਾਜ ਕੀਤਾ ।ਅੰਗਰੇਜ਼ ਬਸਤੀਵਾਦ ਵੇਲੇ ਇਸ ਖੇਤਰ ਲਈ ਅਰਾਕਾਨ ਨਾਂ ਵਰਤਿਆ ਗਿਆ ।ਇਹ ਸਮਝਿਆ ਜਾਂਦਾ ਹੈ ਕਿ Rakhine ਪੁਰਤਗੇਜਾਂ ਵੱਲੋਂ ਅਰਓਕਓਨ ਵਿਚ ਬਦਲ ਦਿੱਤਾ ਗਿਆ ਸੀ। ਅੰਗਰੇਜ਼ੀਭਾਸ਼ਾ ਵਿਚ Rakhine ਹੁਣ ਵੀ ਆਮ ਵਰਤਿਆ ਜਾ ਰਿਹਾ ਹੈ ।ਆਪਣੀ ਸਿਖਰ ਵੇਲੇ ਮਰਾਕਯੂ (Mrakuk-u) ਦਾ ਅੱਧੇ ਬੰਗਲਾਦੇਸ਼, ਅਜੋਕੀ ਰੇਖਾਈਨ ਸਟੇਟ(ਅਰਾਕਾਨ) ਅਤੇ ਹੇਠਲੇ ਬਰਮਾ ਦੇ ਦੱਖਣੀ ਭਾਗ ਤੇ ਕਬਜ਼ਾ ਸੀ।ਨਾਸਤਿਕਾਂ ਦੇ ਰਾਜ ਤੋਂ ਬਾਅਦ ਅਰਾਕਾਨ ਹੀ ਇੱਕ ਅਜਿਹਾ ਰਾਜ ਸੀ ਜਿਸ ਤੇ ਬਰਮਾ ਦਾ ਤੌਂਗੂ ਵੰਸ਼ ਕਬਜ਼ਾ ਨਹੀਂ ਸੀ ਕਰ ਸਕਿਆ ।

ਮਾਰਾਕ-ਯੂ ਤੋਂ ਗੁਰੂ ਅਤੇ ਉਨ੍ਹਾਂ ਦੇ ਸਾਥੀ ਮਲਾਏ ਪਰਾਇਦੀਪ ( ਸਿਲਮਿਲਾ) ਵੱਲ ਚੱਲ ਪਏ। ਉੱਥੇ ਪਹੁੰਚਣ ਲਈ ਛੇ ਮਹੀਨੇ ਲੱਗੇ । ਜਦ ਉਹ ਸਿਲਮਿਲਾ ਦੀਪ ਪਹੁੰਚੇ ਗੁਰੂ ਨਾਨਕ ਦਾ ਨਾਂ ਪਹਿਲਾਂ ਹੀ ਮਸ਼ਹੂਰ ਸੀ। ਹਰ ਇੱਕ ਨੇ ਬਿਆਨ ਕੀਤਾ ਕਿ ਕਿਵੇਂ ਉਨ੍ਹਾਂ ਸੁਧਰਸੈਨ ਨੂੰ ਤਿੰਨ ਮਹਾਂਦੀਪਾਂ ਦੇ ਟਾਪੂਆਂ ਦਾ ਰਾਜ ਬਖ਼ਸ਼ਿਸ ਅਤੇ ਝੰਡਾ ਬਧੀ ਨੂੰ ਮਹਾਨ ਸੰਤ ਬਣਾਇਆ ।

ਤਿੰਨੋਂ ਸਹਿਰ ਦੇ ਬਾਗ ਵਿੱਚ ਰੁਕੇ।ਮਰਦਾਨੇ ਨੇ ਸਹਿਰ ਜਾਣ ਦੀ ਇੱਛਾ ਜਤਾਈ ।ਦਰਅਸਲ ਉਹ ਭੁੱਖਾ ਸੀ ਅਤੇ ਸਹਿਰ ਜਾ ਕੇ ਕੁੱਝ ਖਾਣਾ ਚਹੁੰਦਾ ਸੀ ।ਗੁਰੂ ਨਾਨਕ ਨੇ ਕਿਹਾ,* ਇਸ ਸਹਿਰ ਦਾ ਨਾਂ ਬ੍ਰਹਮਪੁਰ ਹੈ ਅਤੇ ਮਧੁਰ ਬੈਨ ਇਸ ਦਾ ਰਾਜਾ ਹੈ।* ਉਹ ਚਰਚਾ ਕਰ ਹੀ ਰਹੇ ਸਨ ਕਿ ਰਾਜਾ ਮਧੁਰ ਬੈਨ ਸਿਕਾਰ ਖੇਡਦੇ ਖੇਡਦੇ ਉੱਥੇ ਪਹੁੰਚ ਗਏ।ਉਸ ਨੇ ਉਨ੍ਹਾਂ ਤੋਂ ਪੁੱਛ ਗਿੱਛ ਕੀਤੀ ਜਦ ਉਸ ਨੂੰ ਪਤਾ ਲੱਗਿਆ ਕਿ ਉਨ੍ਹਾਂ ਵਿੱਚ ਉਹ ਸੰਤ ਵੀ ਹੈ ਜਿਸ ਨੇ ਸੁਧਰ ਸੈਨ ਨੂੰ ਬਿਸ਼ਿਅਰ ਦੇਸ਼ ਦੀ ਯਾਤਰਾ ਦੌਰਾਨ ਰਾਜ ਬਖ਼ਸ਼ਿਆ ਹੈ, ਉਹ ਬੜਾ ਖੁਸ਼ ਹੋਇਆ। ਉਸ ਨੇ ਆਪਣੇ ਰਾਜ ਅਤੇ ਆਲੇ ਦੁਆਲੇ ਦਾ ਵੇਰਵਾ ਦਿੱਤਾ। ਉਸ ਨੇ ਬਿਆਨਿਆ, ਮੈਂ ਮਧੁਰ ਬੈਨ , ਜਾਤ ਦਾ ਬ੍ਰਾਹਮਣ ਅਤੇ ਇਸ ਇਲਾਕੇ ਦਾ ਰਾਜਾ ਹਾਂ। ਇਸ ਸਹਿਰ ਦਾ ਨਾਂ ਬ੍ਰਹਮਪੁਰ ਹੈ------- ਇਹਨਾਂ ਤਿੰਨ ਪਰਾਇਦੀਪਾਂ ਵਿੱਚ ਅਠਾਰਾਂ ਰਾਜੇ ਹਨ। ਬਾਲਾ ਨੇ ਉਸ ਨੂੰ ਦੱਸਿਆ, * ਗੁਰੂ ਨਾਨਕ ਜੀ ਨੇ ਸੁਧਰ

ਸੈਨ ਨੂੰ ਤੁਹਾਡੇ ਸਾਰਿਆਂ ਤੇ ਰਾਜ ਕਰਨ ਦਾ ਅਸ਼ੀਰਵਾਦ ਦਿੱਤਾ ਹੈ ।ਰਾਜਾ ਮਧੁਰ ਬੈਨ ਨੇ ਗੁਰੂ ਨਾਨਕ ਜੀ ਨੂੰ ਸਹਿਰ ਆਉਣ ਦਾ ਸੱਦਾ ਦਿੱਤਾ ।ਰਾਜਾ ਮਧੁਰ ਬੈਨ ਗੁਰੂ ਨਾਨਕ ਦਾ ਪੈਰੋਕਾਰ ਬਣ ਗਿਆ ।ਗੁਰੂ ਨਾਨਕ ਨੇ ਫਿਰ ਉਸਨੂੰ ਸੁਧਰ ਸ਼ੈਨ ਦੀ ਸੇਵਾ ਲਈ ਕਿਹਾ । ਜਾਣ ਤੋਂ ਪਹਿਲਾਂ ਤਿੰਨੋਂ ਮਧੁਰ ਬੈਨ ਕੋਲ ਇਕ ਮਹੀਨਾ ਠਹਿਰੇ ।

ਗੁਰੂ ਨਾਨਕ ਦੀ ਅਗਲੀ ਯਾਤਰਾ ਸੱਤ ਮਹੀਨੇ ਅਤੇ ਤੇਰਾਂ ਦਿਨ ਦੀ ਮਾਜਾਪਾਹਿਤ ਦੀ ਰਾਜਧਾਨੀ ਨੂੰ ਸੀ।ਸੁਵਰਨਪੁਰ (ਥਾਈਲੈਂਡ) ਪਹੁੰਚ ਕੇ ਗੁਰੂ ਨਾਨਕ ਅਤੇ ਬਾਲਾ ਸਹਿਰ ਦੀ ਹੱਦ ਤੋਂ ਬਾਹਰ ਬੈਠ ਗਏ ।ਮਰਦਾਨਾ ਸਹਿਰ ਵਿੱਚ ਚਲਾ ਗਿਆ। ਮਰਦਾਨੇ ਨੂੰ ਇਹ ਧਰਤੀ ਸੋਨੇ ਵਰਗੀ ਜਾਪੀ ਕਿਉਂਕਿ ਸਾਰੇ ਸ਼ਿਵਾਲੇ (ਦੇਵਾਲੇ) ਸੁਨਹਿਰੀ ਰੰਗ'ਚ ਬਣੇ ਸਨ। ਉਸ ਦੇ ਪੁੱਛਣ ਤੇ ਪਤਾ ਲੱਗਿਆ ਕਿ ਸਹਿਰ ਦਾ ਨਾਂ ਸੁਵਰਨਪੁਰ ਹੈ ਜਿਸ ਤੇ ਰਾਜਾ ਕੌਲ ਨੈਨ ਪੁੱਤਰ ਸੂਰਤ ਸਿੰਘ ਦਾ ਰਾਜ ਹੈ।ਹਰ ਕੋਈ ਜੋ ਚਾਹੇ ਖਾ ਸਕਦਾ ਸੀ--ਕਿਸੇ ਕਿਸਮ ਦੀ ਪਾਬੰਦੀ ਨਹੀਂ ਸੀ।ਰਾਜੇ ਦਾ ਹੁਕਮ ਸੀ ਕਿ ਹਰ ਆਉਣ ਵਾਲੇ ਨੂੰ ਉਸ ਦੀ ਪਸੰਦ ਦਾ ਖਾਣਾ ਮੁਫਤ ਖਵਾਇਆ ਜਾਵੇਗਾ । ਹਰ ਚੀਜ ਸਣੇ ਤੱਕੜੀ ਵੱਟਿਆਂ ਦੇ ਸੋਨੇ ਦੇ ਸਨ।ਧਰਮ ਸਿੰਘ ਕਰਕੇ ਜਾਣੇ ਜਾਂਦੇ ਵਿਅਕਤੀ ਨੇ ਮਰਦਾਨੇ ਨੂੰ ਉਸ ਦੀ ਇੱਛਾ ਮੁਤਾਬਕ ਸਭ ਦਿੱਤਾ ਅਤੇ ਆਪਣੇ ਸਾਥੀਆਂ ਲਈ ਕੁਝ ਮਠਿਆਈ ਲੈਕੇ ਜਾਣ ਲਈ ਕਿਹਾ ।ਪਰ ਮਰਦਾਨਾ ਕੁਝ ਵੀ ਨਾਲ ਲੈਕੇ ਨਾ ਗਿਆ ।ਵਾਪਸ ਪਹੁੰਚ ਕੇ ਸਹਿਰ ਬਾਰੇ ਸਾਰਾ ਬਿਰਤਾਂਤ ਗੁਰੂ ਨਾਨਕ ਨੂੰ ਸੁਣਾਇਆ ।ਗੁਰੂ ਖੁਸ਼ ਸੀ ਕਿ ਮਰਦਾਨਾ ਕੁਝ ਵੀ ਨਾਲ ਲੈਕੇ ਨਹੀਂ ਆਇਆ ਸੀ।ਉਸ ਨੇ ਮਰਦਾਨੇ ਨੂੰ ਕਿਹਾ, * ਇਹ ਧਰਮ ਦਾ ਸਹਿਰ ਹੈ। ਇਸ ਲਈ ਕੋਈ ਬੁਰਾ ਕੰਮ ਨਹੀਂ ਕਰਦਾ ।ਹਰ ਇਕ ਸੰਤੁਸ਼ਟ ਹੈ ।ਇਸ ਰਾਜ ਵਿੱਚ ਕੱਬੇ ਮਨੁੱਖ ਨਹੀਂ ਹਨ।ਉਹ ਖੁਰਾਫਾਤੀਆਂ ਅਤੇ ਮੂਰਤੀ ਪੂਜਾ ਕਰਨ ਵਾਲਿਆਂ ਨੂੰ ਜਾਣਦੇ ਤੱਕ ਨਹੀਂ ।* ਗੁਰੂ ਨਾਨਕ ਨੇ ਉਸ ਨੂੰ ਰਾਜ ਦੀਆਂ ਹੱਦਾਂ ਨੌਂ ਹਜਾਰ ਸੱਤ ਸੌ ਯੋਜਨ (1,26 100 ਵਰਗ ਕਿਲੋਮੀਟਰ) ਦੱਸੀਆਂ ।ਦੁਨੀਆਂ ਵਿਚ ਕਿਸੇ ਹੋਰ ਰਾਜੇ ਕੋਲ ਇਤਨਾ ਵਿਸ਼ਾਲ ਰਾਜ ਖੇਤਰ ਨਹੀਂ ਹੈ ।

ਮਰਦਾਨਾ ਅਗਲੇ ਸੱਤ ਦਿਨ ਸਹਿਰ ਜਾਂਦਾ ਰਿਹਾ । ਅੱਠਵੇਂ ਦਿਨ ਧਰਮ ਸਿੰਘ ਨੇ ਉਸ ਨੂੰ ਪੁੱਛਿਆ ਕਿ ਉਸ ਦੇ ਸਾਥੀ ਕਿਉਂ ਨਹੀਂ ਆਏ।ਮਰਦਾਨੇ ਕਿਹਾ, * ਉਹ ਸੰਤੁਸ਼ਟ ਹਨ। ਉਹ ਹਵਾ ਤੇ ਜਿਉਂਦੇ ਹਨ।* ਧਰਮ ਸਿੰਘ ਨੇ ਮਰਦਾਨੇ ਨੂੰ ਢਾਈ ਸੇਰ(ਤਕਰੀਬਨ 2 ਕਿਲੋ ) , ਗੁਰੂ ਨਾਨਕ ਅਤੇ ਬਾਲਾ ਲਈ 5 ਸੇਰ (ਤਕਰੀਬਨ 4 ਕਿਲੋ) ਮਠਿਆਈ ਲੈਕੇ ਮਰਦਾਨੇ ਨਾਲ ਉਸ ਜਗ੍ਹਾ ਪਹੁੰਚ ਗਿਆ ਜਿੱਥੇ ਉਹ ਠਹਿਰੇ ਹੋਏ ਸਨ।

ਰਾਮ ਰਾਮ ਬੋਲ ਕੇ ਧਰਮ ਸਿੰਘ ਨੇ ਮਠਿਆਈ ਹਾਜਰ ਕੀਤੀ। ਗੁਰੂ ਨਾਨਕ ਨੇ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਕਿ, * ਤੁਹਾਡਾ ਰਾਜਾ ਕੁੱਝ ਗਲਤ ਕਰ ਰਿਹਾ ਹੈ ਅਤੇ ਉਸ ਨੂੰ ਇਸ ਬਾਰੇ ਜਾਨਣਾ ਚਾਹੀਦਾ ਹੈ ਕਿ ਇਹ ਕੀ ਹੈ ।* ਧਰਮ ਸਿੰਘ ਵਿਆਕੁਲ ਹੋ ਗਿਆ ।ਉਹ ਜਾਨਣਾ ਚਹੁੰਦਾ ਸੀ ਕਿ ਉਸ ਦੇ ਰਾਜੇ ਨੇ ਕੀ ਗਲਤ ਕੀਤਾ ਹੈ ਪਰ ਗੁਰੂ ਨਾਨਕ ਨੇ ਦੱਸਣ ਤੋਂ ਮਨਾ ਕਰ ਦਿੱਤਾ । ਧਰਮ ਸਿੰਘ ਰਾਜੇ ਕੋਲ ਗਿਆ ਅਤੇ ਜੋ ਹੋਇਆ ਦੱਸ ਦਿੱਤਾ । ਰਾਜੇ ਨੇ ਆਪਣੇ ਭੂਤ ਕਾਲ ਤੇ ਝਾਤ ਮਾਰੀ ਅਤੇ ਕੁਝ ਵੀ ਗਲਤ ਨਾ ਲੱਗਣ ਤੇ ਉਹ ਸਪੱਸ਼ਟਤਾ ਲਈ ਗੁਰੂ ਨਾਨਕ ਕੋਲ ਪੁੱਜਾ ।ਗੁਰੂ ਨਾਨਕ ਨੇ ਉਸ ਨੂੰ ਜੀ ਆਇਆਂ ਕਿਹਾ ਅਤੇ ਉਸ ਨੂੰ ਉਸ ਦੇ ਪਹਿਲੇ ਅਤੇ ਮੌਜੂਦਾ ਜਨਮ ਦਾ ਬਿਰਤਾਂਤ ਸੁਣਾਇਆ ।ਸਪੱਸ਼ਟ ਸੰਕੇਤ ਦਿੱਤਾ ਕਿ ਉਹ ਆਪਣੀ ਪੂਜਾ ਨਾ ਕਰਵਾਏ ਕਿਉਂਕਿ ਉਹ ਪਰਮਾਤਮਾ ਨਹੀਂ ਹੈ । ਰਾਜਾ ਗੁਰੂ ਨਾਨਕ ਦੇ ਪੈਰਾਂ ਤੇ ਢਹਿ ਪਿਆ ਅਤੇ ਮੁਆਫ਼ੀ ਮੰਗਣ ਲੱਗਾ। ਗੁਰੂ ਨਾਨਕ ਨੇ ਉਸ ਨੂੰ ਸੁਧਾਰ ਸੈਨ ਦੀ ਸੇਵਾ ਕਰਨ ਲਈ ਕਿਹਾ ।ਆਪਣੇ ਇਲਾਕੇ ਤੇ ਧਰਮਰਾਜ ਦੀ ਤਰ੍ਹਾਂ, ਜਿਵੇਂ ਉਹ ਪਹਿਲਾਂ ਕਰਦਾ ਸੀ, ਰਾਜ ਕਰਨ ਲਈ ਕਿਹਾ ।

ਮਲਾਇ ਪਰਾਇਦੀਪ ਤੋਂ ਗੁਰੂ ਨਾਨਕ ਦੀ ਅਗਲੀ ਯਾਤਰਾ; ਕੰਵਲ ਨੈਨ ਦੀ ਰਾਜਧਾਨੀ, ਜੋ ਸੁਮਾਟਰਾ ਵਿੱਚ ਸੀ ਅਤੇ ਇਹ ਵੀ ਸੁਵਰਨਪੁਰ ਕਰਕੇ ਜਾਣੀ ਜਾਂਦੀ ਸੀ ; ਵੱਲ ਸੀ।ਪੁਰਾਤਨ ਸਮਿਆਂ ਦੌਰਾਨ ਸੁਮਾਟਰਾ ਵਿੱਚ ਸੋਨੇ ਦੀਆਂ ਖਾਨਾਂ ਹੋਣ ਕਰਕੇ ਇਹ ਸੰਸਕ੍ਰਿਤ ਨਾਂ ਸੁਵਰਨਦੀਪਾ (ਸੋਨੇ ਦਾ ਟਾਪੂ ਜਾਂ ਸਵਰਨਭੂਮੀ ਜਾਂ ਸੋਨੇ ਦੀ ਧਰਤੀ) ਨਾਲ ਜਾਣਿਆ ਜਾਂਦਾ ਸੀ । (Drakard 1997) ਸੁਮਾਟਰਾ ਸਬਦ ਦਾ ਪਹਿਲਾ ਉਲੇਖ ( ਸੁਮਾਟਰਾ ਧਰਤੀ ਦੇ ਰਾਜਾ) ਦੇ ਨਾਂ * ਸ਼ਿਰੀਵਿਜਿਅਨ(ਰਾਜਾ) ਸੁਮਾਟਰਾ ਭੂਮੀ * ਵਿੱਚ ਮਿਲਦਾ ਹੈ,(ਨੋਜ਼, 1995, ਪ 175) ਜਿਸ ਨੇ 1017 ਵਿਚ ਆਪਣਾ ਰਾਜਦੂਤ ਚੀਨ ਭੇਜਿਆ ।ਪੁਰਾਤਨ ਰਾਜਾਂ ਚੋਂ ਇਕ ਕਨਤੋਲੀ ਰਾਜ ਸੀ ਜੋ ਦੱਖਣੀ ਸੁਮਾਟਰਾ ਵਿੱਚ ਪੰਜਵੀਂ ਸਦੀ'ਚ ਪ੍ਰਫ਼ੁੱਲਤ ਹੋਇਆ ।ਸ਼ਿਰੀਵਿਜਿਆਨ ਦੀ ਸਲਤਨਤ ਨੇ ਕਨਤੋਲੀ ਮੱਲ ਲਿਆ ਅਤੇ ਬਾਅਦ 'ਚ ਸੁਮਾਟਰਾ ਦੇ ਰਾਜੇ ਨੇ ਹਥਿਆ ਲਿਆ । ਕੌਡਾ ਰਾਖਸ਼ ਦੀ ਕਹਾਣੀ ਇਸ ਜਗ੍ਹਾ ਨਾਲ ਸਬੰਧਿਤ

ਹੈ ।

ਉਸ ਦੀ ਅਗਲੀ ਯਾਤਰਾ ਪਾਰਸਨਾਮਾ ਸਹਿਰ ਦੀ ਸੀ।ਇਹ ਤਿੰਨ ਮਹੀਨਿਆਂ ਦਾ ਸਫਰ ਸੀ।ਇਹ ਇਲਾਕਾ ਤੀਖਤੇਨ ਰਾਜੇ ਦਾ ਸੀ ਜਿੱਥੇ ਬਾਂਦਰ ਦੀ ਸ਼ਕਲ ਦੇ ਮਨੁੱਖ ਜੰਗਲੀ ਜੀਵਨ ਬਤੀਤ ਕਰਦੇ ਸਨ। ਇਹ ਲੋਕ ਜੰਗਲੀ ਜਾਨਵਰਾਂ ਦਾ ਸ਼ਿਕਾਰ ਅਤੇ ਜੰਗਲੀ ਖਾਣੇ ਤੇ ਬਸ਼ਰ ਕਰਦੇ ਸਨ।ਗੁਰੂ ਨਾਨਕ ਅਤੇ ਸਾਥੀਆਂ ਨੂੰ ਦੇਖ ਕੇ ਇੱਕ ਤੋਂ ਬਿਨਾਂ ਸਭ ਦੌੜ ਗਏ।ਰੁਕੇ ਹੋਏ ਨੇ ਸਵਾਦੀ ਫਲ ਭੇਂਟ ਕੀਤਾ ਜਿਸ ਦਾ ਉਨ੍ਹਾਂ ਆਨੰਦ ਮਾਣਿਆ ।ਬਹੁਤ ਜਿਆਦਾ ਸੰਭਾਵਨਾ ਹੈ ਕਿ ਇਹ ਦੱਖਣੀ ਉੱਤਰੀ ਏਸ਼ੀਆ ਤੋਂ ਪਰੇ ਸੀ--ਹੋ ਸਕਦਾ ਹੈ ਕਿ ਬੋਰਨੀਓ ਦੇ ਇਰਦ ਗਿਰਦ ਹੋਵੇ । ਡਾ ਕੋਹਲੀ ਅਤੇ ਗਿਆਨੀ ਲਾਲ ਸਿੰਘ ਨੇ ਤਾਂ ਇਹ ਭੀ ਉਲੇਖ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਜਪਾਨ ਅਤੇ ਅਸਟ੍ਰੇਲੀਆ ਦੀ ਯਾਤਰਾ ਵੀ ਕੀਤੀ । ਇਸ ਉੱਤੇ ਹੋਰ ਖੋਜ ਦੀ ਜਰੂਰਤ ਹੈ ।

❋❋❋

– ਕਰਨਲ ਡਾਕਟਰ ਦਲਵਿੰਦਰ ਸਿੰਘ ਗਰੇਵਾਲ

ਮੋਬਾਇਲ : 9815366726

**ਹਵਾਲੇ :**

1. ਭਾਈ ਗੁਰਦਾਸ, ਵਾਰਾਂ, ਸ਼੍ਰੀ ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ।
2. ਗਿਆਨੀ ਗਿਆਨ ਸਿੰਘ, 1892--1970 , ਤਵਾਰੀਖ ਗੁਰੂ ਖਾਲਸਾ ਭਾਗ -1 ਪਟਿਆਲਾ ਭਾਸ਼ਾ ਵਿਭਾਗ ਪੰਨਾ 119-123
3. ਗਿਆਨੀ ਲਾਲ ਸਿੰਘ ਸੰਗਰੂਰ,1940, ਗੁਰੂ ਖਾਲਸਾ ਤਵਾਰੀਖ, ਲੁਧਿਆਣਾ, ਲਹੌਰ ਬੁੱਕ ਸ਼ਾਪ , 1955, ਤੀਜਾ ਅਡੀਸ਼ਨ ਪੰਨਾ 71-72
4. ਗੁਰਮੁਖ ਸਿੰਘ (ਮੇਜਰ) : ਇਤਿਹਾਸਕ ਸਿੱਖ ਗੁਰਦੁਆਰੇ, ਸ਼੍ਰੀ ਅੰਮ੍ਰਿਤਸਰ, ਸਿੰਘ ਬਰਦਰਜ ,ਪੰਨਾ 77।
5. ਕਿਰਪਾਲ ਸਿੰਘ,1969,ਜਨਮਸ਼ਾਖੀ ਪ੍ਰੰਪਰਾ, ਪਟਿਆਲਾ, ਪੰਜਾਬੀ ਯੂਨੀਵਰਸਿਟੀ , ਪੰਨਾ 271
6. ਸਮਸ਼ੇਰ ਸਿੰਘ ਅਸ਼ੋਕ, ਨਵੰਬਰ 1969, ਪੁਰਾਤਨ ਜਨਮਸ਼ਾਖੀ, ਸ਼੍ਰੀ ਅੰਮ੍ਰਿਤਸਰ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ।
7. ਸੁਰਿੰਦਰ ਸਿੰਘ ਕੋਹਲੀ (ਡਾ) ਇਦ 1955 , ਜਨਮਸ਼ਾਖੀ ਭਾਈ ਬਾਲਾ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 2ਨਦ ਇਦ
8. ਸੁਰਿੰਦਰ ਸਿੰਘ ਕੋਹਲੀ (ਡਾ) 1978, ਟਰੈਵਲਜ ਆਫ ਗੁਰੂ ਨਾਨਕ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਦੂਜਾ ਅਡੀਸ਼ਨ ।
9. ਤਰਲੋਚਨ ਸਿੰਘ (ਡਾ), ਗੁਰੂ ਨਾਨਕ ਦੇਵ,ਦਿੱਲੀ ਗੁਰਦੁਆਰਾ ਪ੍ਰਬੰਧਕ ਬੋਰਡ ਪੰਨਾ 166
10. Hall , D.G.E , 1960,Burma (3rd ed) , Hutchinson University Library ,ISBN978-4067-3053-1.
11. Hall ,D.G.E, 1981, A History of South -East Asia. New York : St. Martin' s Press, 4th edn
12. Harvey, G.E. 1925, History of Burma: From the Earliest Times to 10th March 1824 , London : Frank Cass and Co London.
13. Hatin Aung , Muang ,1967 , A History of Burma, New York and London : Cambridge University Press.
14. Joginder Singh Sahi , ' Sikh Shrines in India and Abroad, Faridabad, Common World , p137
15. Martinus Nijhoff , 1962 Rakawi Parpantja , Java in the 14th Century , A Study in Cultural History : The Negara - Kertagama by Parakanca of Majapahit , 1365 CE , The Hague
16. Munoz,Paul Michel , 2006, Early Kingdoms of the Indonesian archipelago and the Malay Peninsula, Singapore: Editions Didier Millet.
17. Pigeaud , Theodore G .Th .1962 , Java in the 14th century : a study in Cultural History, The Hague Nijhoff, 5 Vols
18. Ricklefs , Merle Calvin, 1993, A History of Modern Indonesia since c 1300 ( 2nd ed) , Stanford University Press/Macmillans , ISBN 9780804721950, P.19
19. Sneddon , James N. 2003 ,The Indonesian Language: Its history and role in the modern society .UNSW Press .p65 ISBN 9780868405988.
20. Drakard , Jane 1999, A Kingdom of Words : Language and Powers in Sumatra.Oxford University Press. ISBN 983- 56- 0053- X.

**: ਚੰਦੇ ਦਾ ਵੇਰਵਾ :**

| | |
|---|---|
| ਭੇਟਾ ਇੱਕ ਕਾਪੀ | 5/- ਰੁਪਏ |
| ਸਾਲਾਨਾ ਚੰਦਾ ਦੇਸ਼ | 50/- ਰੁਪਏ |
| ਲਾਈਫ਼ ਮੈਂਬਰ ਦੇਸ਼ | 500/- ਰੁਪਏ |
| ਸਾਲਾਨਾ ਚੰਦਾ ਵਿਦੇਸ਼ | 500/- ਰੁਪਏ |
| ਲਾਈਫ਼ ਮੈਂਬਰ ਵਿਦੇਸ਼ | 5000/- ਰੁਪਏ |

**: ਚੰਦੇ ਭੇਜਣ ਦਾ ਪਤਾ :**

**ਜਨਰਲ ਮੈਨੇਜਰ**
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001.

ਨੋਟ : ਚੈਕ ‘Delhi Sikh Gurdwara Management Committee’ ਦੇ ਨਾਮ ’ਤੇ ਬਣਾਏ ਜਾਣ।

# ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਮਹਾਨ ਸ਼ਹੀਦ

16 ਜੂਨ ਸੰਨ 1716 ਈਸਵੀ ਨੂੰ ਦਿੱਲੀ ਵਿਖੇ, ਬਾਬਾ ਬੰਦਾ ਸਿੰਘ ਬਹਾਦੁਰ, ਉਨ੍ਹਾਂ ਦੇ ਤਿੰਨ ਸਾਲ ਉਮਰ ਦੇ ਸਪੁੱਤਰ ਬਾਬਾ ਅਜੈ ਸਿੰਘ ਅਤੇ ਪਤਨੀ ਰਾਜਕੁਮਾਰੀ ਰਤਨਾ ਅਤੇ 18 ਬਹਾਦੁਰ ਸਿੰਘਾਂ ("ਇਬਰਾਹੀਨਦੀਨ ਖ਼ਾਨ ਮੀਰ-ਇ-ਆਤਿਸ਼ ਅਤੇ ਸਰਬਰਾਹਖ਼ਾਨ ਕੋਤਵਾਲ ਨੇ ਬਦਬਖ਼ਤ ਗੁਰੂ (ਬੰਦਾ ਸਿੰਘ) ਨੂੰ ਸਣੇ ਪੁੱਤਰ ਅਤੇ ਅਠਾਰਾਂ ਸਾਥੀਆਂ ਨੂੰ ਹਜਰਤ ਬਾਦਸ਼ਾਹ ਦੇ ਹੁਕਮ ਅਨੁਸਾਰ, ਖ਼ੁਆਜਾ ਕੁਤੁਬ ਦੀ ਦਰਗਾਹ ਵੱਲ ਖ਼ੋਜਾ ਫ਼ੱਤੂ ਦੀ ਪਾਣੀ ਦੀ ਸਬੀਲ ਦੇ ਲਾਗੇ, ਲਿਜਾ ਕੇ ਪਹਿਲਾਂ ਉਸ ਦੇ ਪੁੱਤਰ ਨੂੰ ਕਤਲ ਕਰ ਕੇ, ਉਸ ਦੇ ਬਦਬਖ਼ਤ ਦੇ ਸਾਹਮਣੇ ਰੱਖ ਦਿੱਤਾ। ਉਸ ਤੋਂ ਬਾਅਦ, ਉਸ ਬਦਬਖ਼ਤ ਨੂੰ ਅਨੰਤ ਤਸੀਹੇ ਦੇ ਕੇ, ਕਤਲ ਕਰ ਕੇ, ਉਸ ਦੇ ਅੰਗ ਅੰਗ ਜੁਦਾ ਕਰ ਦਿੱਤੇ ਅਤੇ ਉਸ ਦੇ ਸਾਥੀਆਂ ਨੂੰ ਭੀ ਕਤਲ ਕਰ ਦਿੱਤਾ।" ਉਪ੍ਰੋਕਤ ਸਾਰੇ ਬਿਰਤਾਂਤ ਨੂੰ ਸਰਕਾਰੀ ਨਾਮਾ-ਨਿਗਾਰ ਨੇ ਅੱਖੀ ਵੇਖ ਕੇ ਸਰਕਾਰੀ ਰਿਕਾਰਡ ਵਿਚ ਦਰਜ ਕੀਤਾ (ਸਰੋਤ ਲੇਖ ਤੇਗ-ਏ-ਆਤਿਸ਼ਬਾਰ ਬੰਦਾ ਸਿੰਘ ਬਹਾਦੁਰ ਲੇਖਕ ਡਾ ਜਸਬੀਰ ਸਿੰਘ ਸਰਨਾ-ਮਾਸਿਕ ਸੀਸਗੰਜ ਜੂਨ 2022 ਈਸਵੀ)।

ਬਾਬਾ ਬੰਦਾ ਸਿੰਘ ਅਤੇ ਸਾਥੀਆਂ ਦੀਆਂ ਅੰਗ ਅੰਗ ਕਟਵਾ ਕੇ ਸ਼ਹਾਦਤਾਂ ਤੋਂ ਬਾਅਦ, ਦਿੱਲੀ ਦੀ ਮੁਗਲ ਸਰਕਾਰ ਦੇ ਹੁਕਮ ਨਾਲ ਸਿੰਘਾਂ ਤੇ ਪੰਜਾਬ ਵਿਚ ਸਖ਼ਤੀ ਦਾ ਇਕ ਦੌਰ ਫਿਰ ਤੋਂ ਆਰੰਭ ਹੋ ਗਿਆ ਸੀ। ਸਿੱਖਾਂ ਦਿਆਂ ਸਿਰਾਂ ਦੇ ਮੁੱਲ ਪਾ ਦਿੱਤੇ ਗਏ। ਗੁਰੂ ਦੇ ਸਿੰਘ ਆਪਣੇ ਘਰ-ਘਾਟ ਤਿਆਗ ਕੇ ਪਹਾੜਾਂ, ਜੂਹਾਂ ਅਤੇ ਜੰਗਲਾਂ ਵਿੱਚ ਸ਼ਰਣ ਲੈਣ ਨੂੰ ਮਜਬੂਰ ਹੋ ਗਏ। ਅਜਿਹੇ ਨਾਜ਼ੁਕ ਤੇ ਸੰਕਟ ਦੇ ਸਮਿਆਂ ਵਿਚ ਸਿੰਘ, ਆਪਣੇ ਪਵਿੱਤਰ ਗੁਰੂ ਧਾਮਾਂ ਦਾ ਪ੍ਰਬੰਧ ਸੁਚੱਜੇ ਢੰਘ ਨਾਲ ਚਲਾ ਸਕਣ ਵਿਚ ਅਸਮਰੱਥਾ ਮਹਿਸੂਸ ਕਰਨ ਲੱਗੇ ਸਨ। ਸਿੱਖ ਗੁਰੂ ਸਾਹਿਬ ਵਿਚ ਜ਼ਾਹਿਰਾ ਵਿਸ਼ਵਾਸ ਕਾਰਨ, ਗੁਰੂ ਧਾਮਾਂ ਦੀ ਸੇਵਾ ਲਈ ਕੁੱਝ ਨਿਰਮਲੇ ਤੇ ਕੁਝ ਉਦਾਸੀ ਸੰਤ ਸਾਹਮਣੇ ਆਏ ਅਤੇ ਗੁਰੂ ਘਰਾਂ ਦੀ ਸੇਵਾ ਸੰਭਾਲ ਲਈ।

ਵਕਤ ਦੀ ਕਰਵੱਟ ਨਾਲ, 18ਵੀਂ ਸਦੀ ਦੇ ਅਖੀਰ ਤਕ, ਸਿੱਖ ਪੰਥ ਦੀ ਤਾਕਤ, ਪੰਜਾਬ ਵਿਚ ਜ਼ੋਰ ਪਕੜ ਚੁੱਕੀ ਸੀ। ਸਿੱਖ ਮਿਸਲਾਂ ਦੇ ਸਰਦਾਰ, ਛੋਟੀਆਂ ਛੋਟੀਆਂ ਰਿਆਸਤਾਂ ਦੇ ਰੂਪ ਵਿਚ, ਰਾਜ ਕਾਇਮ ਕਰਨ ਵਿਚ ਸਫਲ ਹੋ ਚੁੱਕੇ ਸਨ। ਮਿਸਲ ਸਰਦਾਰਾਂ ਨੇ, ਗੁਰੂ ਨੂੰ ਸ਼ੁਕਰਾਨੇ ਵਜੋਂ, ਆਉਣ ਵਾਲੇ ਸਮਿਆਂ ਵਿਚ ਗੁਰੂ ਘਰਾਂ ਦੀ ਸੁਚੱਜੀ ਦੇਖ-ਭਾਲ ਕਰਨ ਦੀ ਸੋਚ ਕਾਰਨ, ਗੁਰੂ ਘਰਾਂ ਦੇ ਨਾਲ ਜਾਗੀਰਾਂ ਲਗਵਾਣੀਆਂ ਆਰੰਭ ਕਰ ਦਿੱਤੀਆ। ਫਿਰ, ਮਹਾਰਾਜਾ ਰਣਜੀਤ ਸਿੰਘ ਦੁਆਰਾ ਸ਼ਕਤੀਸ਼ਾਲੀ ਖਾਲਸਾ ਰਾਜ ਕਾਇਮ ਕਰਨ ਤੋਂ ਬਾਅਦ, ਰਣਜੀਤ ਸਿੰਘ ਨੇ ਵੀ ਗੁਰੂ ਘਰਾਂ ਦੀ ਦਿੱਖ ਸੁਧਾਰਨ ਦੇ ਨਾਲ ਅਨੇਕਾਂ ਇਤਿਹਾਸਕ ਗੁਰੂ ਸਥਾਨਾਂ ਦੇ ਨਾਮ ਜਾਗੀਰਾਂ ਲਵਾ ਦਿੱਤੀਆਂ। ਆਪਣੇ ਆਪਣੇ ਇਲਾਕੇ ਵਧਾਉਣ ਵਾਲੇ ਮਿਸਲ ਸਰਦਾਰਾਂ ਸਮੇਤ ਮਹਾਰਾਜਾ ਰਣਜੀਤ ਸਿੰਘ ਚੋਂ ਕਿਸੇ ਨੇ ਵੀ ਇਤਿਹਾਸਕ ਗੁਰੂ ਘਰਾਂ ਦਾ ਪ੍ਰਬੰਧ ਮਹੰਤਾਂ ਪਾਸੋਂ ਵਾਪਿਸ ਲੈਣ ਬਾਰੇ ਵਿਚਾਰ ਹੀ ਨਾ ਕੀਤੀ। ਨਤੀਜੇ ਵੱਜੋਂ ਵੀਹਵੀਂ ਸਦੀ ਦੇ ਸ਼ੁਰੂ ਹੋਣ ਤਕ, (ਅਣ-ਵੰਡੇ) ਪੰਜਾਬ ਦੇ ਸਾਰੇ ਇਤਿਹਾਸਕ ਗੁਰਦਵਾਰਿਆਂ ਤੇ ਮਹੰਤਾਂ ਦਾ ਕਬਜ਼ਾ ਰਿਹਾ।

ਸ਼ੁਰੂ ਸ਼ੁਰੂ ਵਿੱਚ ਤਾਂ, ਨਿਰਮਲੇ ਅਤੇ ਉਦਾਸੀ ਸੰਤਾਂ ਨੇ, ਗੁਰੂ ਘਰਾਂ ਦੀ ਚੰਗੀ ਸੰਭਾਲ ਕੀਤੀ ਪਰ, ਵਕਤ ਬੀਤਣ ਨਾਲ, ਚੜ੍ਹਾਵੇ ਦੀਆਂ ਰਕਮਾਂ ਨੂੰ ਨਿੱਜੀ ਕਮਾਈ ਦਾ ਸਾਧਨ ਜਾਣ ਕੇ ਪੁਜਾਰੀ ਅਤੇ ਮਹੰਤ ਤਬਕਾ ਸਿੱਖੀ ਮਰਿਆਦਾ ਤੋਂ ਆਕੀ, ਅਪਭ੍ਰਸ਼ਟ ਅਤੇ ਬਦਕਾਰ ਬਣਦਾ ਗਿਆ। ਹਿੰਦੁਸਤਾਨ ਵਿਚ ਵਪਾਰੀ ਬਣ ਕੇ ਆਈ ਅੰਗ੍ਰੇਜ਼ ਕੌਮ ਹੋਲੀ ਹੌਲੀ ਪੰਜਾਬ ਸਮੇਤ ਸਾਰੇ ਹਿੰਦੁਸਤਾਨ ਤੇ ਕਾਬਿਜ਼ ਹੋਣ ਵਿਚ ਸਫਲ ਹੋ ਚੁੱਕੀ ਸੀ। ਸਿੱਖਾਂ ਵਿਰੁੱਧ ਅੰਗ੍ਰੇਜ਼ ਹਾਕਮਾਂ ਦੀ ਸ਼ੈਹ ਅਤੇ ਲਾਲਚ ਅਧੀਨ, ਸੰਤ ਤੋਂ ਮਹੰਤ ਬਣ ਚੁੱਕੀ ਜਮਾਤ, ਹੁਣ ਨਿਸ਼ਠਾਵਾਨ ਨਾ ਰਹਿ ਕੇ, ਧਰਮ ਸਥਾਨਾਂ ਨੂੰ ਆਪਣੀ ਜੱਦੀ ਜਾਇਦਾਦ ਸਮਝਣ ਲਗ ਪਈ ਸੀ

ਸਿੱਖਾਂ ਦੀ ਗੁਰੂ ਘਰਾਂ ਵਿਚ ਆਸਥਾ ਦਾ ਫਾਇਦਾ ਉਠਾਉਂਦਿਆਂ ਹੋਏ, ਬਿਨਾਂ ਮਿਹਨਤ ਕੀਤੇ ਪੈਸਾ ਮਿਲਦੇ ਰਹਿਣ ਕਾਰਨ, ਸਿੱਖ ਧਾਰਮਕ ਸਥਾਨ ਜੀਵਨ ਜਾਚ ਸਿਖਾਉਣ ਵਾਲੇ ਕੇਂਦਰ ਨਾ ਰਹਿ ਕੇ, ਵਿਭਚਾਰ, ਲੁੱਟ ਅਤੇ ਗੁਰਮਤ ਵਿਰੁੱਧ ਕੁਰੀਤੀਆਂ ਦੇ ਅੱਡਿਆਂ ਵਿਚ ਤਬਦੀਲ ਹੁੰਦੇ ਗਏ। ਗੱਲ ਇੱਥੋਂ ਤਕ ਵੱਧ ਗਈ ਕਿ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਅਨੇਕਾਂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦਿਖਾਈ

ਦੇਣ ਲਗੀਆਂ। ਨੇਮੀ ਸਿੱਖ ਇਹ ਸਭ ਕੁਝ ਦੇਖ ਕੇ ਕੁੜ੍ਹਦੇ ਰਹਿੰਦੇ ਪਰ ਕੁਝ ਕਰ ਨਹੀਂ ਸਕਦੇ ਸਨ। ਆਪਣੀ ਚਾਲੇ ਚਲਣ ਵਾਲੇ ਸਮੇਂ ਦੇ ਗੇੜ ਨਾਲ ਸਾਰੇ ਦੇਸ਼ ਵਿਚ ਜਾਗ੍ਰਤੀ ਆਉਣ ਲੱਗੀ। ਕਈ ਧਰਮਾਂ ਦੇ ਬੁੱਧੀਜੀਵੀਆਂ ਨੇ ਧਰਮ ਅਤੇ ਸਮਾਜ ਦੇ ਸੁਧਾਰ ਵਾਸਤੇ ਜੱਥੇਬੰਦੀਆਂ ਕਾਇਮ ਕਰਨ ਵੱਲ ਕਦਮ ਉਠਾਏ। ਇੱਕ ਹਲੂਣੇ ਨਾਲ, ਸਿੱਖ ਧਰਮ ਨੇ ਵੀ ਪਾਸਾ ਪਲਟਿਆ, ਆਪਣੇ ਵਿਰਸੇ ਦੀ ਸੰਭਾਲ ਕਰਨ ਖਾਤਰ, ਸਿੱਖ ਬੁੱਧੀਜੀਵੀ ਅਤੇ ਸੰਗਤਾਂ ਸਾਵਧਾਨ ਹੋ ਕੇ ਗੁਰਦਵਾਰਿਆਂ ਨੂੰ ਮਹੰਤਾਂ ਦੇ ਕਬਜ਼ੇ ਚੋਂ ਆਜ਼ਾਦ ਕਰਾਉਣ ਬਾਰੇ ਸੋਚਨ ਲੱਗ ਪਈਆਂ।

ਗੁਰੂ ਨਾਨਕ ਸਾਹਿਬ ਦੇ ਪਵਿੱਤਰ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨਾਮ, ਚੌਧਰੀ ਰਾਏ ਬੁਲਾਰ ਦੁਆਰਾ 18750 ਏਕੜ ਉਪਜਾਊ ਜ਼ਮੀਨ ਸੀ, ਜਿਸ ਜ਼ਮੀਨ ਤੋਂ ਉਪਜ ਦੀ ਆਮਦਨ ਦੇ ਨਾਲ ਦੇਸ਼ਾਂ-ਵਿਦੇਸ਼ਾਂ ਤੋਂ ਆਣ ਵਾਲੇ ਯਾਤਰੂਆਂ ਦੇ ਚੜ੍ਹਾਵੇ ਦੀ ਰਕਮ ਨੇ ਮਹੰਤ ਨਾਰਾਇਨ ਦਾਸ ਨੂੰ ਬਦਕਾਰ ਬਣਾ ਦਿੱਤਾ ਸੀ। ਗੁਰੂ ਘਰ ਦੀ ਆਮਦਨ ਨਾਲ ਨਾਰਾਇਨ ਦਾਸ ਨੇ ਗੁੰਡਿਆਂ ਦੀ ਇੱਕ ਫ਼ੌਜ ਖੜੀ ਕਰ ਲਈ ਸੀ ਜੋ ਉਸ ਦੇ ਇਸ਼ਾਰੇ ਤੇ ਪੁਲਿਸ ਦੇ ਝੋਲੀ-ਚੁੱਕ ਅਤੇ ਮੁਖ਼ਬਰ ਬਣੇ, ਮਰਨ-ਮਾਰਨ ਤੇ ਉਤਾਰੂ ਹੋ ਜਾਂਦੇ। ਬਦਕਾਰ ਨਾਰਾਇਨ ਦਾਸ ਦੀਆਂ ਕਾਲੀਆਂ ਕਰਤੂਤਾਂ ਦਾ ਜ਼ਿਕਰ ਪੰਜਾਬ ਦੇ ਤਕਰੀਬਨ ਹਰ ਸਿੱਖ ਘਰ ਵਿਚ ਹੀ ਹੋਣ ਲੱਗਾ।

ਕੁਝ ਸਿੱਖ ਲੀਡਰਾਂ ਦੁਆਰਾ ਆਚਰਨਹੀਨ ਮਹੰਤ ਨਾਰਾਇਨ ਦਾਸ ਨੂੰ ਸਮਝਾ-ਬੁਝਾ ਕੇ ਰਾਹ ਤੇ ਲਿਆਉਣ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ। ਜਦੋਂ ਇਸ ਅਹਿਮ ਮਸਲੇ ਨੂੰ ਗੱਲ-ਬਾਤ ਨਾਲ ਨਾ ਸੁਝਾਇਆ ਜਾ ਸਕਿਆ, ਤਾਂ ਸਿੱਖਾਂ ਨੂੰ ਜੱਦੋਜਹਿਦ ਆਰੰਭ ਕਰਨ ਤੇ ਉਤਾਰੂ ਹੋਣਾ ਪੈ ਗਿਆ। ਉਨ੍ਹਾਂ ਸਮਿਆਂ ਦੇ ਦਲੇਰ ਅਤੇ ਸਰਗਰਮ ਪ੍ਰਚਾਰਕ ਜੱਥੇਦਾਰ ਕਰਤਾਰ ਸਿੰਘ ਝੱਬਰ ਨੇ ਗੁਰੂ ਨਾਨਕ ਸਾਹਿਬ ਦੇ ਪਾਵਨ ਜਨਮ ਅਸਥਾਨ ਅਤੇ ਹੋਰ ਗੁਰੂ ਧਾਮਾਂ ਨੂੰ ਮਹੰਤਾਂ ਦੇ ਚੁੰਗਲ ਚੋਂ ਛੁੜਾਉਣ ਲਈ ਗੁਰਦਵਾਰਾ ਸੁਧਾਰ ਦੀ ਪੰਥਕ ਲਹਿਰ ਦੀ ਮੁਹਿੰਮ ਆਰੰਭ ਕਰਨ ਦੀ ਵਿਉਂਤ ਬਣਾਣ ਬਾਰੇ ਸੋਚਨਾ ਆਰੰਭ ਕਰ ਦਿੱਤਾ।

ਕੂਟਨੀਤੀ ਅਤੇ ਧੋਖੇ ਦੀਆਂ ਚਾਲਾਂ ਨਾਲ ਅੰਗ੍ਰੇਜ਼ 29 ਮਾਰਚ, ਸੰਨ 1849 ਈਸਵੀ ਨੂੰ ਪੰਜਾਬ ਦੀ ਧਰਤੀ ਤੋਂ ਸਿੱਖ ਰਾਜ ਨੂੰ ਖ਼ਤਮ ਕਰ ਕੇ ਪੰਜਾਬ ਤੇ ਵੀ ਕਾਬਜ਼ ਹੋਣ ਵਿਚ ਸਫਲ ਹੋ ਗਿਆ। ਅੰਗ੍ਰੇਜ਼ ਆਪਣੇ ਦਸਤੂਰ ਅਨੁਸਾਰ, ਪਰਾਈ ਧਰਤੀ ਤੇ ਕਬਜ਼ਾ ਕਰਨ ਦੇ ਨਾਲ ਹੀ ਈਸਾਈ ਧਰਮ ਦਾ ਪਰਚਾਰ ਤੇ ਪਾਸਾਰ ਕਰਨਾ ਆਰੰਭ ਕਰਦੇ ਆਏ ਸਨ। ਪੰਜਾਬ ’ਤੇ ਕਬਜ਼ੇ ਦੇ ਨਾਲ ਹੀ, ਅੰਗ੍ਰੇਜ਼ਾਂ ਨੇ ਮਿਸ਼ਨਰੀ ਅੱਡੇ ਕਾਇਮ ਕਰਨੇ ਆਰੰਭ ਕਰ ਦਿੱਤੇ। ਪੰਜਾਬ ਤੇ ਕਬਜ਼ੇ ਦੇ ਸਮੇਂ, ਸੰਨ 1849 ਈਸਵੀ ਵਿਚ ਪੰਜਾਬ ਵਿਚ ਕਿਤੇ ਕਿਤੇ ਦਿੱਸਣ ਵਾਲੇ ਈਸਾਈ ਦੀ ਸੰਨ 1880 ਈਸਵੀ ਵਿਚ ਹਜ਼ਾਰਾਂ ਵਿਚ ਗਿਣਤੀ ਹੋ ਚੁੱਕੀ ਸੀ। ਅੰਗ੍ਰੇਜ਼ ਇਹ ਜਾਣ ਚੁੱਕੇ ਸਨ ਕਿ ਸਿੱਖਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਸਿੱਖ ਧਾਰਮਿਕ ਸਥਾਨ ਹਨ। ਸਿੱਖਾਂ ਨੂੰ ਉਲਝਾਏ ਰੱਖਣ ਅਤੇ ਰਾਜ ਦਾ ਸੁਫਨਾ ਦੇਖਣ ਤੋਂ ਦੂਰ ਰਖੱਣ ਲਈ, ਸਿੱਖਾਂ ਨੂੰ ਗੁਰਦਵਾਰਿਆਂ ਅਤੇ ਧਾਰਮਿਕ ਮਾਮਲਿਆਂ ਵਿਚ ਉਲਝਾਈ ਰਖਣਾ ਜ਼ਰੂਰੀ ਹੈ। ਸਿੱਖ ਰਾਜ ਨੂੰ ਖ਼ਤਮ ਕਰਨ ਤੋਂ ਬਾਅਦ, ਆਪਣੇ ਮੰਤਵ ਨੂੰ ਪਾਉਣ ਲਈ, ਸਿੱਖ ਧਰਮ ਨੂੰ ਖ਼ਤਮ ਕਰਨ ਲਈ ਅੰਗ੍ਰੇਜ਼ ਨੇ ਪੰਜਾਬ ਦੀ ਧਰਤੀ ’ਤੇ ਇਸਾਈ ਮਤ ਦਾ ਪ੍ਰਚਾਰ ਕਰਨ ਅਤੇ ਸਿੱਖ ਨੌਜਵਾਨਾਂ ਨੂੰ ਈਸਾਈ ਮੱਤ ਵੱਲ ਪ੍ਰੇਰਤ ਕਰਨ ਲਈ, ਵਿਦਿਆ ਫੈਲਾਉਣ ਦਾ ਬਹਾਨਾ ਸੋਚਿਆ। ਅੰਗਰੇਜ਼ ਨੇ, ਪੰਜਾਬ ਵਿਚ ਮਿਸ਼ਨਰੀ ਸਕੂਲ ਖੋਲ੍ਹ ਕੇ ਸਕੂਲਾਂ ਵਿਚ ਈਸਾਈ ਪ੍ਰਚਾਰਕਾਂ ਨੂੰ ਸਰਗਰਮ ਕਰ ਦਿੱਤਾ। ‘ਅੰਜੀਲ’ ਹਰ ਸਕੂਲ ਵਿਚ ਪੜ੍ਹਾਈ ਜਾਣ ਲੱਗੀ।

ਅਜਿਹੇ ਵਕਤਾਂ ਵਿਚ, ਤਿੰਨ ਪ੍ਰਮੁੱਖ ਲਹਿਰਾਂ ਦੇ ਜਨਮ ਹੋਏ। ਬਾਬਾ ਦਿਆਲ ਸਿੰਘ ਜੀ ਨੇ ਸੰਨ 1850 ਈਸਵੀ ਵਿਚ ਨਿਰੰਕਾਰੀ ਲਹਿਰ ਨੂੰ ਜਨਮ ਦਿੱਤਾ। ਬਾਬਾ ਜੀ ਨੇ, ਰਾਵਲਪਿੰਡੀ ਵਿਖੇ, ਇਕ ਗੁਰਦਵਾਰਾ ਵੀ ਸਥਾਪਤ ਕੀਤਾ, ਜੋ ਪਿਸ਼ੌਰੀਆਂ ਦੇ ਗੁਰਦਵਾਰੇ ਦੇ ਨਾਮ ਨਾਲ ਜਾਣਿਆ ਗਿਆ। ਇਸੇ ਤਰ੍ਹਾਂ, ਸੰਨ 1857 ਈਸਵੀ ਵਿਚ, ਨਾਮਧਾਰੀ ਲਹਿਰ ਅਤੇ ਸੰਨ 1870 ਈਸਵੀ ਵਿਚ ਸਿੰਘ ਸਭਾ ਲਹਿਰ ਦੇ ਜਨਮ ਹੋਏ। ਇਨ੍ਹਾਂ ਲਹਿਰਾਂ ਦੇ ਸਦਕੇ 1 ਅਕਤੂਬਰ, ਸੰਨ 1873 ਈਸਵੀ ਨੂੰ ਦੁਸਹਿਰੇ ਵਾਲੇ ਦਿਨ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਪਹਿਲੀ ਸਿੰਘ ਸਭਾ ਕਾਇਮ ਕੀਤੀ ਗਈ।

ਇਨ੍ਹਾਂ ਲਹਿਰਾਂ ਦੇ ਸਦਕੇ, ਅੰਗ੍ਰੇਜ਼ਾਂ ਅਤੇ ਵਿਰੋਧੀਆਂ ਦੀ ਸਿੱਖੀ ਨੂੰ ਖ਼ਤਮ ਕਰਨ ਵਾਲੀ ਸੋਚ ਨੂੰ ਧੱਕਾ ਲਗਿਆ। ਜਿਉਂ ਸਿੱਖਾਂ ਵਿਚ ਗੁਰਮੱਤ ਦਾ ਗਿਆਨ ਸੁਰਜੀਤ ਹੁੰਦਾ ਗਿਆ, ਗੁਰਦਵਾਰਿਆਂ ਪ੍ਰਤੀ ਸ਼ਰਧਾ ਵਧਦੀ ਗਈ, ਪਰ ਧਾਰਮਿਕ ਸਥਾਨਾਂ ਦੀ ਦੇਖ-ਭਾਲ ਵਿਚ ਸੁਧਾਰ ਨਹੀਂ ਆਇਆ। ਕਾਰਨ, ਇਨ੍ਹਾਂ ਲਹਿਰਾਂ ਦੇ ਚਾਲਕਾਂ ਨੇ ਗੁਰਦਵਾਰਿਆਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਵਲ ਜ਼ਿਆਦਾ ਧਿਆਨ ਹੀ ਨਹੀਂ ਦਿੱਤਾ। ਸਿੰਘ ਸਭਾ ਲਹਿਰ ਦੇ ਸਦਕੇ, ਸੰਨ 1877 ਈਸਵੀ ਵਿਚ, ਭਾਈ ਗੁਰਮੁੱਖ ਸਿੰਘ ਜੀ, ਲਾਹੌਰ ਦੇ ਓਰੀਐਂਟਲ ਕਾਲਜ ਵਿਚ

ਪਹਿਲੀ ਵਾਰ ਪੰਜਾਬੀ ਭਾਸ਼ਾ ਦੀ ਪੜ੍ਹਾਈ ਆਰੰਭ ਕਰਾਉਣ ਵਿਚ ਸਫਲ ਹੋਏ। ਇਸੇ ਲਹਿਰ ਨਾਲ ਜੁੜੇ ਬਾਬਾ ਖੇਮ ਸਿੰਘ ਬੇਦੀ ਜੀ ਨੇ ਗੁਰਮੁੱਖੀ ਸਕੂਲਾਂ ਦੀ ਸਥਾਪਨਾ ਆਰੰਭ ਕੀਤੀ। ਇਸ ਲਹਿਰ ਦੇ ਉਦੱਮ ਸਦਕੇ ਹੀ ਸੰਨ 1892 ਈਸਵੀ ਵਿਚ, ਅੰਮ੍ਰਿਤਸਰ ਸਾਹਿਬ ਵਿਖੇ, ਖਾਲਸਾ ਕਾਲਜ ਦੀ ਸਥਾਪਨਾ ਮੁਮਕਿਨ ਹੋਈ।

ਅੰਗ੍ਰੇਜ਼ ਜਾਣ ਚੁੱਕੇ ਸਨ ਕਿ ਸਿੱਖਾਂ ਨੂੰ ਰਾਜ ਦਾ ਸੁਫਨਾ ਦੇਖਣ ਤੋਂ ਦੂਰ ਰੱਖਣ ਲਈ, ਸਿੱਖਾਂ ਨੂੰ ਗੁਰਦਵਾਰਿਆਂ ਵਿਚ ਉਲਝਾਈ ਰੱਖਣਾ ਜ਼ਰੂਰੀ ਹੈ। ਅੰਗ੍ਰੇਜ਼ ਨਹੀਂ ਚਾਹੁੰਦੇ ਸੀ ਕਿ ਗੁਰਦਵਾਰੇ ਸਿੱਖਾਂ ਦੇ ਕਬਜ਼ੇ ਵਿਚ ਆ ਜਾਣ। ਇਸ ਮਹਾਨ ਕੰਮ ਵਾਸਤੇ ਸਿੱਖ ਕੌਮ ਨੂੰ ਤਿੰਨ ਵਿਕਲਪ ਦਿਸ ਰਹੇ ਸਨ। ਪਹਿਲਾ ਗੁਰਦਵਾਰਿਆਂ/ ਮਹੰਤਾਂ ਦਾ ਬਾਈਕਾਟ( ਪੜ੍ਹਿਆ ਲਿਖਿਆ ਸਿੱਖ ਜਾਣਦਾ ਸੀ ਕਿ, ਗੁਰੂ ਘਰਾਂ ਦੇ ਨਾਮ ਲੱਗੀਆਂ ਜਾਗੀਰਾਂ ਦੀ ਆਮਦਨ ਕਾਰਨ, ਮਹੰਤਾਂ ਨੂੰ ਬਾਈਕਾਟ ਦਾ ਭੋਰਾ ਅਸਰ ਨਹੀਂ ਪੈਣਾ) ਦੂਜਾ ਲੋਕ ਰਾਏ ਕਾਇਮ ਕਰ ਕੇ ਦਬਾਅ ਪਾਣਾ ( ਕੋਈ ਸਿੱਖ ਜੱਥੇਬੰਦੀ ਅਜੇ ਤਕ ਇਤਨੀ ਮਕਬੂਲ ਨਹੀਂ ਹੋਈ ਸੀ, ਜਿਸ ਦੀ ਆਵਾਜ਼ ਸਾਰੇ ਸਿੱਖ ਜਗਤ ਨੂੰ ਹਲੂਣਾ ਦੇ ਸਕੇ)ਅਤੇ ਤੀਜਾ ਮੁਕੱਦਮੇ ਕਰ ਕੇ ਕਬਜ਼ਾ ਲੈਣਾ । ਅੰਗ੍ਰੇਜ਼ ਰਾਜ ਵਿਚ ਇਨਸਾਫ ਮੁਲ ਖਰੀਦੇ ਜਾਣ ਵਾਲੀ ਵਸਤ ਅਤੇ ਲੰਮੀ ਖੇਚਲ ਅਤੇ ਭਾਰੀ ਖਰਚੇ ਵਾਲਾ ਕੰਮ ਸੀ। ਮਹੰਤਾਂ ਪਾਸ ਪੈਸਾ ਅਤੇ ਵਕਤ ਦੋਵੇਂ ਸਨ। ਅੰਗ੍ਰੇਜ਼ ਜਾਣਦਾ ਸੀ ਕਿ ਗੁਰਦਵਾਰਿਆਂ ਤੇ ਕਬਜ਼ੇ ਨਾਲ, ਸਿੱਖਾਂ ਦੀ ਤਾਕਤ ਫਿਰ ਵਧਣੀ ਆਰੰਭ ਹੋ ਸਕਦੀ ਹੈ। ਸਿੱਖਾਂ ਨੂੰ ਗੁਰਦਵਾਰਿਆਂ ਵਿਚ ਉਲਝਾਈ ਰੱਖਣ ਦੇ ਆਸ਼ੇ ਨਾਲ, ਅੰਗ੍ਰੇਜ਼ ਨੇ ਪੁਜਾਰੀ ਸ਼੍ਰੇਣੀ ਦੀ ਪਿੱਠ ਠੋਕਣੀ ਆਰੰਭ ਕਰ ਦਿੱਤੀ।

ਮੁਸਲਮਾਨ ਹਾਕਮਾਂ ਵਾਂਗ, ਅੰਗ੍ਰੇਜ਼ ਹਾਕਮ ਵੀ ਸਿੱਖੀ ਨੂੰ, ਅਜਾਇਬ ਘਰਾਂ ਅਤੇ ਲਾਇਬ੍ਰੇਰੀਆਂ ਵਿਚ ਰੱਖੀਆਂ ਕਿਤਾਬਾਂ ਵਾਂਗ ਹੀ ਦਿਖਾਈ ਦੇਣ ਵਾਲੀ ਕੌਮ ਦੇਖਣ ਦੇ ਹਾਮੀ ਬਣ ਗਏ। ਗੁਰਦਵਾਰਿਆਂ ਵਿਚ ਮਨਮੱਤ ਦਾ ਬੋਲਬਾਲਾ ਕਰਨ ਲਈ, ਇਹ ਗੱਲ ਆਮ ਚਰਚਾ ਦਾ ਵਿਸ਼ਾ ਬਣਾ ਦਿਤਾ ਗਿਆ ਕਿ ਉਹ ਦਿਨ ਦੂਰ ਨਹੀਂ ਜਦੋਂ, ਗੁਰਦਵਾਰਿਆਂ ਦੇ ਸਥਾਨ ਤੇ ਚਰਚ ਬਣਨੇ ਆਰੰਭ ਹੋ ਜਾਣਗੇ। ਇਹ ਅਜਿਹਾ ਵਕਤ ਸੀ ਜਦੋਂ, ਪੁਜਾਰੀ ਤਬਕਾ, ਧਰਮ ਸਥਾਨਾਂ ਨੂੰ ਆਪਣੀ ਜੱਦੀ ਜਾਇਦਾਦ ਸਮਝਣ ਲਗ ਲਿਆ ਸੀ। ਅੰਮ੍ਰਿਤਸਰ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਅਨੇਕਾਂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦਿਖਾਈ ਦੇਣ ਲਗੀਆਂ। ਸੰਨ 1905ਈ ਵਿਚ ਸਿੰਘ ਸਭਾ ਲੀਡਰ ਹੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਚੋਂ, ਮੂਰਤੀਆਂ ਹਟਵਾਉਣ ਵਿਚ ਸਫਲ ਹੋਏ।

12 ਦਸੰਬਰ ਸੰਨ 1911 ਈਸਵੀ ਨੂੰ ਭਾਰਤ ਦੀ ਅੰਗ੍ਰੇਜ਼ ਸਰਕਾਰ ਨੇ ਕੌਲਕਾਟਾ ਦੀ ਥਾਂ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਉਣ ਦਾ ਫੈਸਲਾ ਕੀਤਾ। ਦਿੱਲੀ ਵਿਚ ਰਕਾਬਗੰਜ ਸਾਹਿਬ ਦੀ ਦੇਖ ਭਾਲ ਵੀ ਮਹੰਤ ਹੀ ਕਰ ਰਹੇ ਸਨ। ਅੰਗ੍ਰੇਜ਼ ਸਰਕਾਰ ਨੇ ਮਹੰਤ ਪਾਸੋਂ ਗੁਰੂਦਵਾਰੇ ਦੀ ਜ਼ਮੀਨ ਦਾ ਕੁਝ ਹਿੱਸਾ ਖਰੀਦ ਕੇ, ਗੁਰੂਦਵਾਰੇ ਦੀ ਕੰਧ ਢਾਹ ਕੇ ਗਵਰਨਮੈਂਟ ਹਾਊਸ ਦੇ ਸਾਹਮਣੇ ਵਾਲੀ ਸੜਕ ਨੂੰ ਚੌੜਾ ਕਰਨ ਦਾ ਮਨਸੂਬਾ ਬਣਾਇਆ। ਸਿੱਖ ਜਗਤ ਨੂੰ ਪਤਾ ਚਲਣ ਤੇ ਇਸ ਮਨਸੂਬੇ ਵਿਰੁਧ ਵਿਰੋਧ ਪ੍ਰਗਟ ਕੀਤਾ ਗਿਆ। ਵੱਡੀ ਜੰਗ ਛਿੜ ਜਾਣ ਕਾਰਨ ਇਹ ਐਜੀਟੇਸ਼ਨ ਪਿੱਛੇ ਪਾ ਦਿੱਤਾ ਗਿਆ।

ਗੁਰਦਵਾਰਾ ਸੁਧਾਰ ਵਿਚ ਅਧੋਗਤੀ ਕੇਵਲ ਗੈਰ ਸਿੱਖਾਂ ਦੀਆਂ ਕਾਰਗੁਜ਼ਾਰੀਆਂ ਕਾਰਨ ਹੀ ਨਹੀਂ ਆਈ। ਦੇਖਿਆ ਜਾਏ ਤਾਂ, ਇਸ ਅਧੋਗਤੀ ਵਿਚ, ਸਿੱਖ ਆਗੂਆਂ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ। 29 ਸਤੰਬਰ ਸੰਨ 1914 ਈਸਵੀ ਦੇ ਬਜ਼ਬਜ਼ ਘਾਟ ਤੇ 'ਕਾਮਾਘਾਟਾਮਾਰੂ' ਸਮੁੰਦਰੀ ਜਹਾਜ਼ ਜੋ ਗੁਰੂ ਨਾਨਕ ਜਹਾਜ਼ ਕੰਪਨੀ ਦੇ ਨਾਮ ਹੇਠਾਂ ਚਲ ਰਿਹਾ ਸੀ, ਉਸ ਵਿਚ 500 ਸਿੱਖ ਮੁਸਾਫਿਰ ਭਾਰਤ ਦੀ ਆਜ਼ਾਦੀ ਦਾ ਪ੍ਰਣ ਕਰ ਕੇ ਜਹਾਜ਼ ਤੇ ਚੜ੍ਹੇ ਸਨ। ਕੁਝ ਅਖਬਾਰੀ ਖਬਰਾਂ ਅਨੁਸਾਰ ਇਸ ਸਮੁੰਦਰੀ ਬੇੜੇ ਵਿਚ 376 ਮੁਸਾਫਿਰ ਸਵਾਰ ਸਨ। ਇਸ ਦੇ 376 ਮੁਸਾਫ਼ਰਾਂ ਚੋਂ 355 ਸਿੱਖ ਮੁਸਾਫ਼ਰ ਸਨ। ਕੋਲਕਾਟਾ ਦੇ ਬਜ਼ਬਜ਼ ਘਾਟ ਤੇ ਜਹਾਜ਼ ਦੇ ਲਗਾਏ ਜਾਣ ਤੇ ਉਤਰਦੇ ਮੁਸਾਫਰਾਂ ਤੇ ਪੁਲਿਸ ਦੁਆਰਾ ਗੋਲੀ ਚਲਾਣ ਕਾਰਨ, 50 ਤੋਂ ਵੱਧ ਸਿੱਖਾਂ ਦੀਆਂ ਲਾਸ਼ਾਂ ਬੰਦਰਗਾਹ ਉਪਰ ਖਿਲਰੀਆਂ ਪਈਆਂ ਸਨ। ਕਈ ਮੁਸਾਫਿਰ ਫੱਟੜ ਹੋਏ, ਜਿਨ੍ਹਾਂ ਤੇ ਸਰਕਾਰ ਵਿਰੁਧ ਬਗਾਵਤ ਦੇ ਝੂਠੇ ਮੁਕੱਦਮੇ ਚਲਾ ਕੇ ਜੇਲ੍ਹਾਂ ਵਿਚ ਡਕ ਦਿੱਤਾ ਗਿਆ ਤੇ ਕਈਆਂ ਨੂੰ ਫਾਂਸੀ ਲਟਕਾਇਆ ਗਿਆ। (ਬਜਬਜ ਘਾਟ ਦਾ ਸਾਕਾ-ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦਾ ਯੋਗਦਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)।

ਗੋਲੀ ਕਾਂਡ ਵਿਚ ਸ਼ਹੀਦ ਹੋਣ ਵਾਲੇ 20 ਮੁਸਾਫ਼ਰਾਂ ਨੂੰ ਸਰਕਾਰ ਦੀ ਸ਼ਹਿ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਰੂੜ੍ਹ ਸਿੰਘ ਰਾਹੀਂ, ਹੁਕਮਨਾਮਾ ਜਾਰੀ ਕਰਵਾ ਕੇ ਗੈਰ ਸਿੱਖ ਕਰਾਰ ਕਰਵਾ ਦਿੱਤਾ, ਤਾਂ ਜੋ ਸਿੱਖ ਕੌਮ ਇਸ ਬਾਬਤ ਘੱਟ ਰੌਲਾ ਪਾਏ। ਸਿੱਖ ਲੀਡਰਸ਼ਿਪ ਵਿਚ ਆਏ ਪਤਨ ਦੀ ਇਹੋ ਹੱਦ ਨਹੀਂ ਸੀ। 13 ਅਪ੍ਰੈਲ ਸੰਨ 1919ਈ ਦੀ ਵਿਸਾਖੀ ਦੇ ਅਵਸਰ ਤੇ ਜਲ੍ਹਿਆਂ ਵਾਲਾ ਬਾਗ ਦੇ ਸਾਕੇ

ਵਿਚ ਮਰਨ ਵਾਲੇ ਤਕਰੀਬਨ 1300 ਭਾਰਤੀਆਂ ਚੋਂ 799 ਦੇ ਲਗਭਗ ਸਿੱਖ ਸ਼ਹੀਦ ਸਨ। ਸਿੱਖਾਂ ਨੂੰ ਸ਼ਹੀਦ ਕਰਨ ਵਾਲੇ ਜੈਨਰਲ ਡਾਇਰ ਨੂੰ ਵੀ ਦਰਬਾਰ ਸਾਹਿਬ ਵਿਖੇ ਸਰਬਰਾਹ ਅਰੂੜ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿਰੋ-ਪਾਓ ਨਾਲ ਸਨਮਾਨਿਤ ਕਰਕੇ ਸਿੱਖ ਕੌਮ ਦਾ ਸਿਰਇੱਕ ਵਾਰ ਫਿਰ ਨਿਵਾਂਇਆ ਸੀ।

ਪੰਥਕ ਕੋਸ਼ਿਸ਼ਾਂ ਦੇ ਸਦਕੇ, 5 ਅਕਤੂਬਰ, ਸੰਨ 1920 ਨੂੰ ਗੁਰਦਵਾਰਾ 'ਬਾਬੇ ਕੀ ਬੇਰ' ਸਿਆਲਕੋਟ ਦਾ ਪਰਬੰਧ ਸਿੱਖ ਕੌਮ ਦਿਆਂ ਹੱਥਾਂ ਵਿਚ ਆ ਜਾਣ ਨਾਲ, ਸਿੱਖ ਕੌਮ ਵਿਚ ਨਵੀਂ ਜਾਗਰਿਤੀ ਆਈ। ਗੁਰਦਵਾਰਾ ਤਰਨ-ਤਾਰਨ ਸਾਹਿਬ ਨੂੰ ਮਹੰਤਾਂ ਦੇ ਚੁੰਗਲ ਚੋਂ ਕਢੱਣ ਵਿਚ ਸੋਲ੍ਹਾਂ ਸਿੰਘ ਜ਼ਖ਼ਮੀ ਹੋਏ ਜਿਨ੍ਹਾਂ ਚੋਂ ਦੋ ਸਿੰਘ ਡਾਕਟਰ ਹਜ਼ਾਰਾ ਸਿੰਘ ਅਤੇ ਭਾਈ ਹੁਕਮ ਸਿੰਘ ਜੀ ਨੇ ਸ਼ਹਾਦਤਾਂ ਪਾਈਆਂ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ, ਸੱਚਾ ਸੌਦਾ ਦਰਬਾਰ, ਮਹੰਤਾਂ ਕੋਲੋਂ ਆਜ਼ਾਦ ਕਰਵਾਉਂਦਿਆਂ ਸਿੱਖ ਕੌਮ ਨੂੰ ਅਨੇਕਾਂ ਸ਼ਹੀਦੀਆਂ ਦੇਣੀਆਂ ਪਈਆਂ। ਜੋ ਸ਼ਹਾਦਤਾਂ ਸਿੱਖ ਕੌਮ ਨੇ ਖਿੜੇ-ਮੱਥੇ ਪ੍ਰਵਾਨ ਕੀਤੀਆਂ।

ਗੁਰਦਵਾਰਾ ਸੁਧਾਰ ਲਹਿਰ ਸੰਨ 1925 ਵਿਚ ਗੁਰਦਵਾਰਾ ਐਕਟ ਬਣਨ ਤੀਕ ਚਲਦੀ ਰਹੀ। ਇਸ ਲਹਿਰ ਦੇ ਫਲਸਰੂਪ ਇਕ ਇਕ ਕਰਦਿਆਂ ਅਨੇਕਾਂ ਇਤਿਹਾਸਕ ਗੁਰਦਵਾਰਿਆਂ ਦੇ ਪ੍ਰਬੰਧ ਪੰਥ ਦਿਆਂ ਹੱਥਾਂ ਵਿਚ ਆ ਗਏ। ਡਾਕਟਰ ਗੰਡਾ ਸਿੰਘ ਦੀ ਖੋਜ ਅਨੁਸਾਰ ਗੁਰਦਵਾਰਾ ਸੁਧਾਰ ਮੂਵਮੈਂਟ ਵਿਚ 500 ਸਿੱਖ ਸ਼ਹੀਦ ਹੋਏ, 30 ਹਜ਼ਾਰ ਸਿੰਘ ਜੇਲ੍ਹਾਂ ਵਿਚ ਗਏ ਅਤੇ ਸਿੱਖਾਂ ਨੇ ਦਸ ਲੱਖ ਰੂਪਿਆ ਜੁਰਮਾਨਾ ਭਰਿਆ। ਇਤਿਹਾਸਕ ਗੁਰਦਵਾਰਾ ਨਨਕਾਣਾ ਸਾਹਿਬ (ਨਾਨਕਿਆਣਾ ਸਾਹਿਬ) ਸਿੱਖ ਧਰਮ ਦੇ ਮੋਢ੍ਹੀ ਗੁਰੂ ਨਾਨਕ ਸਾਹਿਬ ਦਾ ਜਨਮ ਸਥਾਨ ਹੋਣ ਦੇ ਨਾਤੇ, ਸਿੱਖਾਂ ਲਈ ਅਹਿਲ ਏ ਮੁਕਾਮ ਵੀ ਹੈ, ਜਿਸ ਦਾ ਪ੍ਰਬੰਧ, ਅਜੇ ਵੀ ਮਹੰਤ ਨਾਰਾਇਨ ਦਾਸ ਦੇ ਹੱਥਾਂ ਵਿਚ ਸੀ। ਪੰਥਕ ਕੋਸ਼ਿਸ਼ਾਂ ਦੇ ਬਾਵਜੂਦ, ਨਾਰਾਇਨ ਦਾਸ ਦੇ ਪੈਸੇ, ਸਰਕਾਰੀ ਅਤੇ ਗੈਰ ਸਰਕਾਰੀ ਰਸੂਖ ਕਾਰਨ, ਮਹੰਤ ਦਿਆਂ ਹੱਥਾ ਵਿਚ ਵੀ ਰਿਹਾ।

ਨਨਕਾਣਾ ਸਾਹਿਬ ਨਾਲ ਸਿੱਖ ਜਗਤ ਦੀ ਆਸਥਾ ਜੁੜੀ ਹੋਣ ਕਾਰਨ ਸੰਗਤਾਂ ਵੱਲੋਂ ਚੜ੍ਹਾਵੇ ਵਿਚ ਵਾਧਾ ਹੁੰਦਾ ਹੀ ਜਾ ਰਿਹਾ ਸੀ। ਮਹੰਤ ਨਾਰਾਇਨ ਦਾਸ ਨੇ ਅੰਗ੍ਰੇਜ਼ਾਂ ਪਾਸੋਂ ਮਦੱਦ ਲੈ ਕੇ ਸੁਧਾਰਵਾਦੀ ਸਿੱਖਾਂ ਦਾ ਮੁਕਾਬਲਾ ਕਰਨ ਦਾ ਮਨ ਬਣਾ ਲਿਆ ਸੀ। ਬਿਨਾ ਮਿਹਨਤ ਕੀਤੇ ਪੈਸਾ ਮਿਲ ਜਾਣ ਤੇ ਮਿਲਦੇ ਰਹਿਣ ਕਾਰਨ, ਸਿੱਖ ਧਰਮ ਸਥਾਨ ਜੀਵਨ ਜਾਚ ਸਿਖਾਉਣ ਵਾਲੇ ਕੇਂਦਰ, ਉਤਸ਼ਾਹ ਤੇ ਪ੍ਰੇਰਨਾ ਦੇ ਸੋਮੇਂ ਬਣਨ ਦੀ ਥਾਂ, ਸ਼ਰਾਬ ਅਤੇ ਅਯਾਸ਼ੀ ਦੇ ਅੱਡੇ ਬਣ ਚੁੱਕੇ ਸਨ। ਚੜ੍ਹਾਵੇ ਦੀ ਰਕਮ ਨੂੰ ਸਦੀਵ ਕਾਲ ਲਈ ਆਮਦਨ ਬਣਾਏ ਰੱਖਣ ਦੇ ਆਸ਼ੇ ਨਾਲ, ਨਾਰਾਇਨ ਦਾਸ ਨੇ, ਸਰਕਾਰੀ ਅਹਿਲਕਾਰਾਂ ਨਾਲ ਸੰਬੰਧ ਬਣਾ ਲਏ ਸਨ। ਦੌਲਤ ਦੇ ਨਸ਼ੇ ਵਿਚ, ਉਹ ਕਾਲੇ ਕਾਰਨਾਮੇ ਅੰਜਾਮ ਦੇਣ ਤੋਂ ਗਰੇਜ਼ ਕਰਨ ਦੀ ਥਾਂ, ਕਾਲੇ ਕਾਰਨਾਮਿਆਂ ਵਿਚ ਗਲਤਾਨ ਹੋਣ ਵਿਚ ਫ਼ਖ਼ਰ ਮਹਿਸੂਸ ਕਰਨ ਲੱਗਾ ਸੀ।

ਸੰਨ 1917 ਈ ਵਿਚ ਸੰਗਤਾਂ ਨੇ ਮਹੰਤ ਨੂੰ ਗੁਰਦਵਾਰਾ ਹੱਦ ਵਿਚ ਹੀ ਵੇਸਵਾ ਨਾਚ ਕਰਵਾਂਦਿਆਂ ਦੇਖਿਆ। ਸੰਗਤਾਂ ਨੇ ਇਲਾਕੇ ਵਿਚ ਕਈ ਦੀਵਾਨਾਂ ਵਿਚ ਇਸ ਦਾ ਰੋਸ ਵੀ ਪ੍ਰਗਟ ਕੀਤਾ, ਜਿਸ ਦਾ ਕੋਈ ਅਸਰ ਨਾ ਹੋਇਆ। ਸੰਨ 1918ਈ ਵਿਚ ਇਕ ਰਿਟਾਇਰਡ ਸਿੰਧੀ ਅਫਸਰ ਆਪਣੇ ਪਰਵਾਰ ਨਾਲ ਨਨਕਾਣਾ ਸਾਹਿਬ ਦਰਸ਼ਨਾਂ ਨੂੰ ਆਇਆ। ਨਾਰਾਇਨ ਦਾਸ ਦੇ ਇਕ ਚੇਲੇ ਨੇ ਉਸ ਅਫਸਰ ਦੀ 13 ਸਾਲ ਉਮਰ ਦੀ ਧੀ ਦਾ ਰਾਤ ਦੇ ਸਮੇਂ ਬਲਾਤਕਾਰ ਕੀਤਾ। ਅੰਗ੍ਰੇਜ਼ ਸਰਕਾਰ ਮਹੰਤ ਦੀ ਮਦੱਦ ਕਰਦੀ ਸੀ। ਅੰਗ੍ਰੇਜ਼ ਸਰਕਾਰ ਦੇ ਅਹਿਲਕਾਰਾਂ ਤੇ ਇਸ ਸ਼ਿਕਾਇਤ ਦਾ ਵੀ ਕੋਈ ਅਸਰ ਨਾ ਹੋਇਆ। ਉਸੇ ਸਾਲ ਲਾਇਲਪੁਰ ਇਲਾਕੇ ਦੀਆਂ, ਦਰਸ਼ਨਾਂ ਨੂੰ ਆਈਆਂ ਛੇਅ ਬੀਬੀਆਂ ਦਾ ਹਸ਼ਰ ਵੀ ਸਿੰਧੀ ਅਫਸਰ ਦੀ ਧੀ ਜਿਹਾ ਹੀ ਹੋਇਆ। ਸ਼ਿਕਾਇਤ ਕਰਨ ਤੇ ਮਹੰਤ ਨੇ ਸ਼ਰਮਸਾਰ ਹੋਣ ਦੀ ਥਾਂ, ਆਪਣੀ ਪ੍ਰਤੀਕ੍ਰਿਆ ਕਰਦਿਆਂ ਕਿਹਾ ਕਿ ਗੁਰਦਵਾਰਿਆਂ ਦਾ ਪ੍ਰਬੰਧ ਸਾਡਾ ਜੱਦੀ ਵਪਾਰ ਹੈ। ਅਗਰ ਤੁਹਾਨੂੰ ਸਮੱਸਿਆ ਹੈ ਤਾਂ ਆਪਣੀਆਂ ਜ਼ਨਾਨੀਆਂ ਨੂੰ ਇੱਥੇ ਆਉਣ ਤੋਂ ਰੋਕ ਲਵੋ।

ਗੁਰਦਵਾਰਾ ਸੁਧਾਰ ਨਾਲ ਜੁੜਿਆ ਸਿਰਲੱਥ ਮੋਹਰੀ ਸਰਦਾਰ ਲਛਮਨ ਸਿੰਘ ਪਿੰਡ ਧਾਰੋਵਾਲੀ ਦਾ ਵਸਨੀਕ ਸੀ। ਸਰਦਾਰ ਲਛਮਨ ਸਿੰਘ ਧਾਰੋਵਾਲੀ ਦੇ ਗੁਰੂ ਘਰਾਂ ਦੇ ਸਜੇ ਦੀਵਾਨਾਂ ਵਿਚ ਸਰਗਰਮ ਪ੍ਰਚਾਰ ਕਾਰਨ ਧਾਰੋਵਾਲੀ ਉਨ੍ਹਾਂ ਸਮਿਆਂ ਵਿਚ ਸਿੰਘਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ ਸੀ। ਜੱਥੇਦਾਰ ਕਰਤਾਰ ਸਿੰਘ ਝੱਬਰ ਆਪਣੇ ਜੱਥੇ ਦੇ ਨਾਲ, 5 ਅਕਤੂਬਰ ਸੰਨ 1920 ਈਸਵੀ ਨੂੰ ਗੁਰਦਵਾਰਾ ਬਾਬੇ ਦੀ ਬੇਰ ਤੇ ਕਬਜ਼ਾ ਕਰਨ ਵਿਚ ਸਫਲ ਹੋ ਚੁੱਕਿਆ ਸੀ। ਜੱਥੇਦਾਰ ਕਰਤਾਰ ਸਿੰਘ ਝੱਬਰ ਅਤੇ ਜੱਥੇਦਾਰ ਲਛਮਨ ਸਿੰਘ ਧਾਰੋਵਾਲੀ ਪਿੰਡ-ਪਿੰਡ ਜਾ ਕੇ ਸਜੇ ਦੀਵਾਨਾਂ ਵਿਚ ਮਹੰਤਾਂ ਪਾਸੋਂ ਗੁਰਦਵਾਰਿਆਂ ਨੂੰ ਮੁਕਤ ਕਰਾਉਣ ਲਈ ਸ਼ਹੀਦੀ ਜੱਥਿਆਂ ਦੀਆਂ ਸੂਚੀਆਂ ਤਿਆਰ ਕਰਨ ਵਿਚ ਰੁਝ ਗਏ।

ਮਹੰਤ ਨਾਰਾਇਨ ਦਾਸ ਅਤੇ ਉਸ ਦਿਆਂ ਪਿੱਠੂਆਂ

ਦੁਆਰਾ, ਕੀਤੇ ਜਾਣ ਵਾਲੇ ਕੁਕਰਮਾਂ ਵਿਚ ਆਏ ਦਿਨ ਵਾਧੇ ਨੇ ਪੰਥ ਦਰਦੀਆਂ ਦਿਆਂ ਦਿਲਾਂ ਵਿਚ ਖਲਬਲੀ ਮਚਾਈ ਹੋਈ ਸੀ। ਮਹੰਤ ਦੇ ਚਲਨ ਵਿਚ ਕੋਈ ਸੁਧਾਰ ਨਾ ਹੁੰਦਾ ਵੇਖ, 17 ਫਰਵਰੀ ਸੰਨ 1921 ਨੂੰ ਗੁਰਦਵਾਰਾ ਖਰਾ ਸੌਦਾ(ਚੂਹੜਕਾਨਾ) ਵਿਖੇ ਇਕ ਮੀਟਿੰਗ ਵਿਚ, ਸਰਦਾਰ ਕਰਤਾਰ ਸਿੰਘ ਝੱਬਰ ਅਤੇ ਸਰਦਾਰ ਲੱਛਮਨ ਸਿੰਘ ਧਾਰੋਵਾਲੀ ਦੀ ਅਗਵਾਈ ਹੇਠ, ਮਹੰਤ ਨਾਰਾਇਨ ਦਾਸ ਦਿਆਂ ਕੁਕਰਮਾਂ ਤੇ ਠਲ੍ਹ ਪਾਉਣ ਦੇ ਇਰਾਦੇ ਨਾਲ, ਦੋ ਜੱਥੇ ਨਨਕਾਣਾ ਸਾਹਿਬ ਲਈ ਰਵਾਨਾ ਕਰਨ ਦੇ ਮੱਤੇ ਪਾਸ ਕੀਤੇ ਗਏ। ਜਿਨ੍ਹਾਂ ਦੀ ਖਬਰ ਗੁਪਤ ਰੱਖੀ ਗਈ। ਸਰਦਾਰ ਲਛਮਨ ਸਿੰਘ ਅਤੇ ਸਰਦਾਰ ਕਰਤਾਰ ਸਿੰਘ ਝਬੱਰ ਨੇ, ਪਹਿਲਾਂ ਤੋਂ ਤਹਿ ਕੀਤੇ ਸਮੇਂ ਅਨੁਸਾਰ ਆਪਣੇ ਆਪਣੇ ਜੱਥੇ ਲੈ ਕੇ, ਵੱਡੀ ਨਹਿਰ ਗੋਗੇਰਾ ਬਰਾਂਚ ਦੀ ਚੰਦਰ ਕੋਟ ਦੀ ਝਾਲ ਵਿਖੇ ਮਿਲਣ ਤੋਂ ਬਾਅਦ, ਨਨਕਾਣਾ ਸਾਹਿਬ ਲਈ ਚਾਲੇ ਪਾਣ ਦੇ ਫੈਸਲੇ ਕੀਤੇ।

19 ਫਰਵਰੀ ਸੰਨ 1921 ਈਸਵੀ ਨੂੰ ਹੀ, ਲਹੌਰ ਤੋਂ ਪ੍ਰਕਾਸ਼ਤ ਹੋਣ ਵਾਲੇ ਅਕਾਲੀ ਅਖਬਾਰ ਦੇ ਦਫ਼ਤਰ ਵਿਖੇ, ਪੰਥਕ ਮੁੱਖੀਆਂ ਦੀ ਇਕ ਮੀਟਿੰਗ ਹੋਈ, ਜਿਸ ਵਿਚ ਮਾਸਟਰ ਤਾਰਾ ਸਿੰਘ, ਤੇਜਾ ਸਿੰਘ ਸਮੁੰਦਰੀ, ਹਰਚਰਨ ਸਿੰਘ, ਗਿਆਨੀ ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਭਾਈ ਦਲੀਪ ਸਿੰਘ ਤੇ ਜਸਵੰਤ ਸਿੰਘ ਝਬਾਲ ਵਰਗੇ ਸਿਰਕਢ੍ਹ ਆਗੂ ਸ਼ਾਮਿਲ ਹੋਏ। ਇਨ੍ਹਾਂ ਵਿਦਵਾਨਾਂ ਦੇ ਵਿਚਾਰ ਅਨੁਸਾਰ, ਮਹੰਤ ਨਾਰਾਇਨ ਦਾਸ ਨਾਲ ਇਕ ਵਾਰ ਪੰਥਕ ਆਗੂਆਂ ਨੂੰ ਗੱਲਬਾਤ ਕਰਨੀ ਚਾਹੀਦੀ ਸੀ। ਉਨ੍ਹਾਂ ਦੇ ਵਿਚਾਰ ਵਿਚ, ਦੋਨੋਂ ਜੱਥਿਆਂ ਨੂੰ ਨਨਕਾਣਾ ਸਾਹਿਬ ਜਾਣ ਤੋਂ ਰੋਕ ਦੇਣਾ ਚਾਹੀਦਾ ਹੈ। ਇਸ ਵਿਚਾਰ ਤੇ ਅਮਲ ਕਰਦਿਆਂ, ਦੋਹਾਂ ਜੱਥਿਆਂ ਨੂੰ ਨਨਕਾਣਾ ਸਾਹਿਬ ਪੁਜਣ ਤੋਂ ਰੋਕਣ ਲਈ ਬੰਦੇ ਭੇਜਣ ਦਾ ਕੰਮ ਭਾਈ ਦਲੀਪ ਸਿੰਘ ਦੇ ਜ਼ੁੰਮੇ ਲਗਾ, ਜੋ ਉਸ ਸਮੇਂ ਸ਼ੇਖੂਪੁਰ ਖੇਤਰ ਦੇ ਅਕਾਲੀ ਜੱਥੇਦਾਰ ਸਨ।

ਪੰਥਕ ਆਗੂਆਂ ਦਾ ਬੰਦਾ ਜਦੋਂ, ਸਿਦਕੀ ਅਤੇ ਬੇਗਰਜ਼ ਲੀਡਰ ਸਰਦਾਰ ਕਰਤਾਰ ਸਿੰਘ ਝੱਬਰ ਨੂੰ ਮਿਲਿਆ। ਕਰਤਾਰ ਸਿੰਘ ਝਬੱਰ ਦਾ ਜਵਾਬ ਸੀ ਕਿ ਅਰਦਾਸਾ ਸੋਧਣ ਤੋਂ ਬਾਅਦ, ਆਪਣੇ ਮਿਸ਼ਨ ਤੋਂ ਪਿੱਛੇ ਹਟਣਾ ਇੱਕ ਸਿੱਖ ਦੇ ਸਿਦਕ ਵਿਚ ਕਮਜ਼ੋਰੀ ਦਿਖਾਉਂਦਾ ਹੈ। ਇਸ ਲਈ ਇਸ ਸਟੇਜ ਤੇ ਉਹ ਆਪਣੇ ਮਿਸ਼ਨ ਤੋਂ ਹੱਟ ਨਹੀਂ ਸਕਦੇ। ਮਹੰਤ ਨੂੰ ਆਪਣੇ ਸੂਹੀਆਂ ਦੁਆਰਾ, ਇਸ ਗੱਲ ਦੀ ਸੂਹ ਮਿਲ ਚੁੱਕੀ ਸੀ। ਮਹੰਤ ਨਾਰਾਇਨ ਦਾਸ ਨੇ ਆਪਣੀ ਹਿਫ਼ਾਜ਼ਤ ਵਾਸਤੇ, ਨਾ ਸਿਰਫ ਗੁੰਡੇ ਸਗੋਂ ਅਨੇਕਾਂ ਹੱਥਿਆਰ ਅਤੇ ਗੋਲਾ ਬਾਰੂਦ ਵੀ ਗੁਰਦਵਾਰਾ ਸਾਹਿਬ ਦੇ ਅਹਾਤੇ ਵਿਚ ਇਕੱਤਰ ਕਰ ਲਿਆ। ਇਸ ਤੋਂ ਇਲਾਵਾ, ਮਹੰਤ ਨੇ ਆਪਣੇ ਪੈਸੇ ਅਤੇ ਰਸੂਖ ਦੇ ਜ਼ੋਰ ਤੇ, ਆਪਣੇ ਪੱਖ ਦੀ ਰੱਖਿਆ ਲਈ 19, 20 ਤੇ 21 ਫ਼ਰਵਰੀ ਨੂੰ, ਬਾਬਾ ਕਰਤਾਰ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਅਨੇਕਾਂ ਸਰਬਰਾਹਾਂ ਅਤੇ ਮਹੰਤਾਂ ਦੀ ਕਾਂਨਫ੍ਰੈਂਸ ਬੁਲਾ ਲਈ। ਭਾਈ ਵਰਿਆਮ ਸਿੰਘ ਜੋ, ਮਹੰਤ ਪਾਸ ਸੂਹੀਏ ਵਜੋਂ ਕੰਮ ਕਰ ਰਹੇ ਸਨ, ਉਨ੍ਹਾਂ ਨੇ, ਮਹੰਤ ਦੀ ਇਸ ਚਾਲ ਦੀ ਸੂਚਨਾ ਪੰਥਕ ਆਗੂਆਂ ਨੂੰ ਭੇਜ ਦਿੱਤੀ।

19 ਫਰਵਰੀ, ਸੰਨ 1921 ਈਸਵੀ ਦੀ ਸਵੇਰ ਨੂੰ ਸਰਦਾਰ ਲੱਛਮਨ ਸਿੰਘ ਧਾਰੋਵਲੀ ਦੀ ਅਗਵਾਈ ਹੇਠ ਪਿੰਡ ਧਾਰੋਵਲੀ ਦਾ 100 ਸਿੰਘਾਂ ਦਾ ਜੱਥਾ, ਸ਼ਬਦ ਕੀਰਤਨ ਕਰਦਾ, ਪਿੰਡ ਧਾਰੋਵਾਲੀ ਤੋਂ ਤੁਰ ਪਿਆ। ਨਿਜ਼ਾਮਪੁਰਾ ਦੇਵਾ ਸਿੰਘ ਵਾਲਾ ਚੱਕ ਪੁਜੱਣ ਤੇ ਜੱਥੇ ਦੀ ਲੰਗਰ-ਪਾਣੀ ਨਾਲ ਸੇਵਾ ਕੀਤੀ ਗਈ। ਇਸ ਸਥਾਨ ਤੋਂ 15 ਸਿੰਘ ਸ਼ਹੀਦੀ ਜੱਥੇ ਵਿਚ ਸ਼ਾਮਿਲ ਹੋ ਗਏ। ਜੱਥਾ ਇੱਥੋਂ ਟੁਰਦਾ-ਟੁਰਦਾ ਡਲਾ ਚੱਕ ਨੰ 83 'ਚੋਂ ਲੰਘਿਆ ਜਿੱਥੋਂ ਸ਼ਹੀਦੀਆਂ ਪਾਉਣ ਲਈ ਤਿਆਰ 19 ਸਿੰਘ ਹੋਰ ਜੁੜ ਗਏ। ਕਿਹਾ ਜਾਂਦਾ ਹੈ ਕਿ ਜੱਥੇਦਾਰ ਧਾਰੋਵਾਲੀ ਦਾ ਜੱਥਾ ਕੋਟਲਾ ਕਾਹਲਵਾਂ ਵਿਖੇ, ਜੱਥੇਦਾਰ ਲਛਮਨ ਸਿੰਘ ਦੇ ਜੱਥੇ ਦੇ ਕੁਝ ਮੈਂਬਰਾਂ ਨਾਲ ਜਾ ਰਲਿਆ, ਜਿਸ ਨਾਲ ਜੱਥੇ ਵਿਚ ਸ਼ਾਮਿਲ ਸਿੰਘਾਂ ਦੀ ਗਿਣਤੀ 200 ਹੋ ਗਈ।

20 ਫਰਵਰੀ ਸੰਨ 1921 ਈਸਵੀ ਦੀ ਸਵੇਰ ਨੂੰ ਸਰਦਾਰ ਲਛਮਨ ਸਿੰਘ ਧਾਰੋਵਾਲੀ ਦੀ ਅਗਵਾਈ ਹੇਠ 200 ਸਿੰਘਾਂ ਦਾ ਜੱਥਾ,ਸ਼ਬਦ ਕੀਰਤਨ ਕਰਦਾ ਸਵੇਰ ਦੇ 5 ਵਜ ਕੇ 45 ਮਿੰਟਾਂ 'ਤੇ ਗੁਰਦਵਾਰਾ ਨਨਕਾਣਾ ਸਾਹਿਬ ਦੇ ਅਹਾਤੇ ਵਿਚ ਦਾਖਿਲ ਹੋਇਆ। ਜੱਥੇ ਕੋਲ, ਢੋਲਕੀ ਅਤੇ ਛੈਣਿਆਂ ਦੇ ਸਿਵਾ ਹੋਰ ਕੁਝ ਨਹੀਂ ਸੀ। ਇਸ ਦੇ ਉਲਟ ਮਹੰਤ ਨੇ ਪਹਿਲਾਂ ਤੋਂ ਮਿਲੀ ਸੂਹ ਦੇ ਆਧਾਰ ਤੇ, ਆਉਣ ਵਾਲੇ ਜੱਥੇ ਨਾਲ ਨਿੱਬੜਨ ਲਈ ਜ਼ਬਰਦਸਤ ਤਿਆਰੀ ਕੀਤੀ ਹੋਈ ਸੀ। ਦੇਖਦਿਆਂ ਹੀ ਦੇਖਦਿਆਂ, ਮਹੰਤ ਦੇ ਗੁੰਡਿਆਂ ਨੇ, ਜੱਥੇ ਦੇ ਨਿਹੱਥੇ ਸਿੱਖਾਂ ਤੇ ਗੋਲੀਆਂ ਚਲਾਣੀਆਂ ਆਰੰਭ ਕਰ ਦਿੱਤੀਆਂ। ਸਰਦਾਰ ਲਛਮਨ ਸਿੰਘ ਧਾਰੋਵਲੀ ਨੂੰ, ਮਹੰਤ ਦਿਆਂ ਗੁੰਡਿਆਂ ਨੇ ਪਕੜ ਕੇ ਇਕ ਜੰਡ ਦੇ ਦਰੱਖਤ ਨਾਲ ਪੁੱਠਾ ਲਟਕਾ ਕੇ ਜ਼ਿੰਦਾ ਸਾੜ ਕੇ ਸ਼ਹੀਦ ਕਰ ਦਿੱਤਾ। ( ਜੰਡ ਦੇ ਇਸ ਰੁੱਖ ਦੀ ਹੁਣ, ਸਰਦਾਰ ਲਛਮਨ ਸਿੰਘ ਧਾਰੋਵਾਲੀ ਜੀ ਦੀ ਸ਼ਹਾਦਤ ਦੀ ਯਾਦ ਵਿਚ ਸੰਭਾਲਣਾ ਕੀਤੀ ਜਾ ਰਹੀ ਹੈ) ਮਹੰਤ ਦਿਆਂ ਗੁੰਡਿਆਂ ਨੇ ਅਨੇਕਾਂ ਨਿਹੱਥੇ ਸਿੱਖਾਂ ਨੂੰ ਆਪਣੀਆਂ ਬੰਦੂਕਾਂ ਦੀਆਂ ਗੋਲੀਆਂ ਦਾ ਸ਼ਿਕਾਰ ਬਣਾ ਕੇ ਸ਼ਹੀਦ ਕਰ ਦਿੱਤਾ। ਇਸ ਗੋਲੀਬਾਰੀ

ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਸਰੂਪ ਨੂੰ ਵੀ ਸੱਤ ਗੋਲੀਆਂ ਲੱਗੀਆਂ ਸਨ।

ਇਤਨੇ ਵਿਚ, ਸਰਦਾਰ ਦਲੀਪ ਸਿੰਘ (ਜੋ ਸਿੱਖ ਲੀਡਰਾਂ ਦੁਆਰਾ ਜਾਰੀ ਕੀਤਾ ਹੁਕਮਨਾਮਾ ਰੂਪੀ ਚਿੱਠੀ ਲਿਆਇਆ ਸੀ) ਵੀ ਗੁਰਦਵਾਰਾ ਸਾਹਿਬ ਪੁਜ ਗਏ। ਗੁਰਦਵਾਰਾ ਅਹਾਤਾ ਵਿਚ ਸ਼ਹੀਦ ਸਿੰਘਾ ਦੇ ਢੇਰ ਪਏ ਦੇਖ, ਦਲੀਪ ਸਿੰਘ ਨੇ ਮਹੰਤ ਨੂੰ ਇਹ ਕੁਕਰਮ ਕਰਨ ਤੋਂ ਰੋਕਣਾ ਚਾਹਿਆ। ਨਸ਼ੇ ਵਿਚ ਚੂਰ ਮਹੰਤ ਦਾ ਗੁੱਸਾ ਸਤਵੇਂ ਅਸਮਾਨ ਤੇ ਪੁਜ ਗਿਆ। ਉਸ ਨੇ ਗੁੱਸੇ ਵਿਚ ਆ ਕੇ, ਭਾਈ ਦਲੀਪ ਸਿੰਘ ਤੇ ਗੋਲੀ ਚਲਾ ਦਿੱਤੀ। ਜ਼ਿਲ੍ਹਾ ਮਿੰਟਗੁਮਰੀ ਦੇ ਵਸਨੀਕ ਸ੍ਰ ਵਰਿਆਮ ਸਿੰਘ ਅਕਾਲੀ ਲਹਿਰ ਨਾਲ ਜੁੜੇ ਹੋਏ ਸੀ। ਅਕਾਲੀਆਂ ਦਾ ਸੂਹੀਆਂ ਬਣ ਕੇ ਉਹ ਗੇਰੂਏ ਰੰਗ ਦੇ ਕਪੜੇ ਪਹਿਨ ਕੇ ਉਦਾਸੀ ਸੰਤ ਬਣਿਆ ਨਨਕਾਣਾ ਸਾਹਿਬ ਰਹਿ ਰਿਹਾ ਸੀ। ਵਰਿਆਮ ਸਿੰਘ ਜੋ ਦੇਖਦਾ, ਰੋਜ਼ ਇੱਕ ਚਿੱਠੀ ਵਿਚ ਲਿਖ ਕੇ ਭੇਜ ਦਿੰਦਾ।

ਮਹੰਤ ਅਤੇ ਉਸ ਦਿਆਂ ਬੰਦਿਆਂ ਨੂੰ ਵਰਿਆਮ ਸਿੰਘ ਤੇ ਸੂਹੀਆ ਹੋਣ ਦਾ ਅੰਦੇਸ਼ਾ ਹੋ ਚੁੱਕਾ ਸੀ। ਵਰਿਆਮ ਸਿੰਘ ਨੂੰ ਵੀ ਅੰਦੇਸ਼ਾ ਸੀ ਕਿ ਮਹੰਤ ਦੇ ਬੰਦੇ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ। ਉਹ ਗੁਰਦਵਾਰਾ ਸਾਹਿਬ ਤੋਂ ਸ਼ਹਿਰ ਵਿਚ ਭਾਈ ਉੱਤਮ ਸਿੰਘ ਕਾਰਖਾਨੇ ਵਾਲੇ ਕੋਲ ਚਲਾ ਗਿਆ। ਭਾਈ ਦਲੀਪ ਸਿੰਘ ਦੇ ਨਾਲ ਸਰਦਾਰ ਵਰਿਆਮ ਸਿੰਘ ਵੀ ਗੁਰਦਵਾਰੇ ਸਾਹਿਬ ਗਿਆ। ਭਾਈ ਵਰਿਆਮ ਸਿੰਘ ਇਹ ਕੁਕਰਮ ਹੁੰਦਾ ਵੇਖ ਨੇ ਮਹੰਤ ਅਤੇ ਉਸ ਦਿਆਂ ਗੁੰਡਿਆਂ ਨੂੰ ਕੁਕਰਮ ਕਰਨ ਤੋਂ ਰੋਕਣਾ ਚਾਹਿਆ ਤਾਂ ਮਹੰਤ ਨੇ ਭਾਈ ਵਰਿਆਮ ਸਿੰਘ ਨੂੰ ਵੀ ਨੂੰ ਭਖਦੀ ਭੱਟੀ ਵਿਚ ਸੁਟਵਾ ਕੇ ਜ਼ਿੰਦਾ ਸਾੜ ਦਿੱਤਾ।

ਸਥਾਨਕ ਆਗੂਆਂ ਦੇ ਗੁਰਦਵਾਰਾ ਸਾਹਿਬ ਵਿਖੇ ਪੁਜੱਣ ਤੋਂ ਪਹਿਲਾਂ, ਮਹੰਤ ਗੋਲੀਆਂ ਦੇ ਸ਼ਿਕਾਰ ਅਤੇ ਗੁੰਡਿਆਂ ਦੁਆਰਾ ਕੀਤੇ ਸ਼ਹੀਦਾਂ ਦੀਆਂ ਲਾਸ਼ਾਂ ਦਾ ਸਸਕਾਰ ਕਰਨ ਦੀ ਕੋਸ਼ਿਸ਼ ਵਿਚ ਸੀ, ਜਦੋਂ ਗੋਲੀਆਂ ਚਲਣ ਦੀ ਆਵਾਜ਼ ਸੁਣ ਕੇ ਸਥਾਨਕ ਸਿੱਖ ਮੌਕੇ ਤੇ ਪੁਜ ਗਏ, ਜਿਨ੍ਹਾਂ ਨੇ ਮਹੰਤ ਨੂੰ ਉਸ ਦੇ ਮਨੋਰਥ ਨੂੰ ਵਿਫਲ ਕਰ ਦਿੱਤਾ। ਸਥਾਨਕ ਸਿੱਖਾਂ ਨੇ, ਜ਼ਖ਼ਮੀ ਸਿੰਘਾਂ ਦੇ ਇਲਾਜ ਦਾ ਤੁਰੰਤ ਪ੍ਰਬੰਧ ਕੀਤਾ।(ਗੁਰਦਵਾਰਾ ਸਾਹਿਬ ਦੇ ਅਹਾਤੇ ਵਿਚ, ਸ਼ਹੀਦ ਭਾਈ ਵਰਿਆਮ ਸਿੰਘ ਜੀ ਅਤੇ ਸ਼ਹੀਦ ਭਾਈ ਦਲੀਪ ਸਿੰਘ ਜੀ ਯਾਦ ਵਿਚ, ਸ਼ਹੀਦ ਗੰਜ ਉਸਾਰਿਆ ਗਿਆ ਹੈ)।

ਸਥਾਨਕ ਲੀਡਰਾਂ ਦੁਆਰਾ ਸਥਾਨਕ ਪੁਲਿਸ ਨੂੰ ਇਤਲਾਹ ਦਿੱਤੀ ਜਾ ਚੁੱਕੀ ਸੀ। ਸ੍ਰ ਉੱਤਮ ਸਿੰਘ ਨੇ ਸਥਾਨਕ ਸਟੇਸ਼ਨ ਮਾਸਟਰ ਰੇਲਵੇ ਸ੍ਰ ਕਰਮ ਸਿੰਘ ਰਾਹੀਂ ਗਵਰਨਰ ਨੂੰ ਹਾਦਸੇ ਦੀ ਟੈਲੀਗ੍ਰਾਮ ਕਰਵਾਣ ਦਾ ਪ੍ਰਬੰਧ ਕੀਤਾ। ਹਾਦਸੇ ਦੀ ਸ਼ਿਕਾਇਤ ਮਿਲਣ ਤੇ, ਹਾਦਸੇ ਦੀ ਅਹਿਮੀਅਤ ਨੂੰ ਸਮਝਦਿਆਂ, ਬਿਨਾ ਦੇਰ ਕੀਤੇ ਪੰਜਾਬ ਦਾ ਗਵਰਨਰ ਮਕਲੈਗਨ, 21 ਫਰਵਰੀ,1921 ਈਸਵੀ ਨੂੰ ਨਨਕਾਣਾ ਸਾਹਿਬ ਪੁਜ ਗਿਆ। ਗਵਰਨਰ ਦੇ ਮੌਕੇ ਤੇ ਪੁਜੱਣ ਕਾਰਨ, ਪੁਲਿਸ ਨੇ ਮਹੰਤ ਅਤੇ ਉਸ ਦੇ ਵੀਹ ਘੁਰਕਿਆਂ ਨੂੰ ਗਰਿਫ਼ਤਾਰ ਕਰ ਲਿਆ। ਸਾਕੇ ਦੇ ਦੂਜੇ ਦਿਨ (22 ਫਰਵਰੀ, ਸੰਨ 1921 ਈਸਵੀ ਨੂੰ) ਗੁਰਦਵਾਰਾ ਨਨਕਾਣਾ ਸਾਹਿਬ ਦੀ ਸੇਵਾ ਸੰਭਾਲ ਸਿੱਖਾਂ ਦੇ ਸਪੁਰਦ ਹੋ ਗਈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਸਮੇਂ ਸਰਦਾਰ ਹਰਬੰਸ ਸਿੰਘ ਅਟਾਰੀ ਦੀ ਸਰਪ੍ਰਸਤੀ ਵਿਚ, ਇਕ ਸੱਤ ਮੈਂਬਰੀ ਕੰਮ ਚਲਾਊ ਕਮੇਟੀ ਦਾ ਗਠਨ ਕੀਤਾ ਗਿਆ। 5 ਅਪ੍ਰੈਲ ਸੰਨੰ 1921 ਈਸਵੀ ਨੂੰ, ਸ਼੍ਰੋਮਣੀ ਕਮੇਟੀ ਵੱਲੋਂ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਇਸੇ ਦਿਨ ਸਰਦਾਰ ਨਰਾਤਿਨ ਸਿੰਘ ਬੈਰਿਸਟਰ ਦੀ ਨਨਕਾਣਾ ਸਾਹਿਬ ਕਮੇਟੀ ਦੇ ਪ੍ਰਬੰਧਕ ਵੱਜੋਂ ਥਾਪਣਾ ਹੋਈ। (ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪੰਜਾਬ ਗਵਰਨਰ ਨੇ ਵੇਲੇ ਦੀ ਕੇਂਦਰੀ ਸਰਕਾਰ ਨੂੰ ਹਾਦਸੇ ਬਾਰੇ ਆਪਣੀ ਰਿਪੋਰਟ ਵਿਚ ਲਿਖਿਆ ਕਿ :

"The Akali movement is likely to be a cause of much greater concern than the civil disobedience campaign of Gandhi."

ਕਿਹਾ ਜਾਂਦਾ ਹੈ ਕਿ ਇਸ ਸਾਕੇ ਦੇ ਕੁਝ ਦਿਨ ਬਾਅਦ, ਸਿੱਖ ਭਾਈਚਾਰੇ ਨਾਲ ਝੂਠੀ ਹਮਦਰਦੀ ਜਤਾਂਦਿਆਂ, ਮਹਾਤਮਾ ਗਾਂਧੀ ਨੇ ਵੀ ਝੂਠੇ ਹੰਝੂ ਕੇਰੇ ਸਨ।

24 ਫਰਵਰੀ ਨੂੰ ਮਹੰਤ ਨਾਰਾਇਨ ਦਾਸ ਅਤੇ ਉਸ ਦੇ ਸਾਥੀਆਂ ਨੂੰ ਇਕ ਵਿਸ਼ੇਸ਼ ਗੱਡੀ ਰਾਹੀਂ ਲਹੌਰ ਲਿਆ ਕੇ ਸੈਂਟਰਲ ਜੇਲ੍ਹ ਵਿਚ ਭੇਜ ਦਿੱਤਾ ਗਿਆ। ਨਨਕਾਣਾ ਸਾਹਿਬ ਸਾਕੇ ਦੀ ਖ਼ਬਰ ਸੁਣ ਕੇ, ਨਵੀਂ ਬਣੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਨਨਕਾਣਾ ਸਾਹਿਬ ਪੁੱਜ ਗਏ। ਕਮੇਟੀ ਮੈਂਬਰਾਂ ਨੇ ਘਟਨਾ ਸਥਾਨ ਅੱਖੀਂ ਦੇਖਿਆ। ਨਨਕਾਣਾ ਸਾਹਿਬ ਦੇ ਅਹਾਤੇ ਵਿਚ ਸ਼ਹੀਦ ਹੋਏ ਸਿੱਖਾਂ ਦਾ, 23 ਫਰਵਰੀ ਨੂੰ ਸਿੱਖ ਮਰਿਆਦਾ ਨਾਲ ਸਸਕਾਰ ਕਰਨ ਦਾ ਇੰਤਜ਼ਾਮ ਕੀਤਾ ਗਿਆ ਅਤੇ ਸ਼ਹੀਦੀ ਬੀੜ ਸ੍ਰੀ ਅੰਮ੍ਰਿਤਸਰ ਲਿਆਂਦੀ ਗਈ। (ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਸ਼ਹੀਦੀ ਪਾਵਨ ਸਰੂਪ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ, ਸੁਰੱਖਿਅਤ ਕੀਤਾ ਗਿਆ ਹੈ, ਜਿੱਥੇ, 21 ਫ਼ਰਵਰੀ ਨੂੰ ਹਰ ਸਾਲ, ਇਸ ਪਾਵਨ ਸਰੂਪ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ

ਜਾਂਦੇ ਹਨ।)

ਮਹੰਤ ਨਾਰਾਇਨ ਦਾਸ ਅਤੇ ਉਸ ਦਿਆਂ ਸਾਥੀਆਂ ਤੇ ਮੁਕੱਦਮਾ ਚਲਾਏ ਜਾਣ ’ਤੇ, ਸੈਸ਼ਨ ਜੱਜ ਨੇ ਮਹੰਤ ਨਾਰਾਇਨ ਦਾਸ ਅਤੇ ਉਸ ਦੇ ਸੱਤ ਸਾਥੀਆਂ ਕਾਦਰ ਜਲਾਲੀ, ਆਤਮ ਰਾਮ ਖ਼ਾਨ, ਹਰੀ ਲਾਲ ਕਨਫਟਾ, ਨੂਰ ਸ਼ਾਹ ਦੀਨ ਪਠਾਣ, ਸੂਰੈਣ ਸਿੰਘ ਲੂਲਿਆਣੀ, ਰੀਹਾਨਾ ਲੂਲਿਆਣੀ ਨੂੰ ਕੁਕਰਮ ਦਾ ਦੋਸ਼ੀ ਕਰਾਰ ਠਹਿਰਾਂਦਿਆਂ, ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ।

ਅੰਗ੍ਰੇਜ਼ਾਂ ਨੇ ਪੰਜਾਬ ਸਰਕਾਰ ਦਾ ਹੀ ਕੀ ਸਾਰੇ ਭਾਰਤ ਦੇਸ਼ ਦਾ ਰਾਜ ਧੋਖੇ ਤੇ ਰਿਸ਼ਵਤਾਂ ਦੇ ਜ਼ੋਰ ਤੇ ਹੱਥਿਆਇਆ ਸੀ। ਅੰਗ੍ਰੇਜ਼ੀ ਰਾਜ ਵਿਚ ਹੁਣ, ਰਿਸ਼ਵਤ ਅਤੇ ਸਫ਼ਾਰਸ਼ਾਂ ਦਾ ਹੀ ਬੋਲਬਾਲਾ ਹੋ ਗਿਆ। ਮਹੰਤ ਨਾਰਾਇਨ ਦਾਸ ਆਪਣੇ ਪੈਸੇ ਦੇ ਜ਼ੋਰ ਤੇ ਪਹਿਲਾਂ ਹੀ ਕੁਰੀਤੀਆਂ ਕਰਦਾ ਆ ਰਿਹਾ ਸੀ। ਖੁੱਦ ਨੂੰ ਬਚਾਉਣ ਲਈ, ਨਾਰਾਇਨ ਦਾਸ ਅਤੇ ਉਸ ਦਿਆਂ ਸਾਥੀਆਂ ਨੇ ਪੈਸੇ ਦੇ ਜ਼ੋਰ ਤੇ ਇੱਕ ਵਾਰ ਫਿਰ ਇਨਸਾਫ਼ ਖ਼ਰੀਦਣ ਦੀ ਕੋਸ਼ਿਸ਼ ਕੀਤੀ। (ਜਾਪਦਾ ਹੈ ਜਿਵੇਂ ਮਾਮਲੇ ਨੂੰ ਰਾਜਸੀ ਰੰਗ ਦੇਣ ਤੋਂ ਬਚਾਉਣ ਲਈ, ਪਹਿਲਾਂ ਤੋਂ ਬਣਾਈ ਪਲਾਨ ਅਨੁਸਾਰ ਨਜਿੱਠਿਆ ਗਿਆ ਸੀ) ਮਹੰਤ ਨਾਰਾਇਨ ਦਾਸ ਨੇ ਫਾਂਸੀ ਦੀ ਸਜ਼ਾ ਦੇ ਖ਼ਿਲਾਫ ਅਪੀਲ ਕਰ ਦਿੱਤੀ।

ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ, ਪੈਸੇ ਅਤੇ ਰਸੂਖ ਦੇ ਜ਼ੋਰ ਤੇ ਨਾਰਾਇਨ ਦਾਸ ਨੂੰ ਆਪਣੀਆਂ ਕੋਸ਼ਿਸ਼ਾਂ ਵਿਚ ਸਫਲਤਾ ਮਿਲ ਗਈ। ਮਹੰਤ ਨਾਰਾਇਨ ਦਾਸ ਦੀ ਅਪੀਲ ਤੇ ਹਾਈ ਕੋਰਟ ਨੇ ਮਹੰਤ ਨਾਰਾਇਨ ਦਾਸ ਦੀ ਫਾਂਸੀ ਦੀ ਸਜ਼ਾ ਨੂੰ ਕਾਲੇ ਪਾਣੀ ਦੀ ਸਜ਼ਾ ਵਿਚ ਤਬਦੀਲ ਕਰ ਦਿੱਤਾ। ਮਹੰਤ ਨਾਰਾਇਨ ਦਾਸ ਦੇ ਸੱਤ ਸਾਥੀਆਂ ਚੋਂ, ਤਿੰਨਾਂ ਦੀ ਫ਼ਾਂਸੀ ਦੀ ਸਜਾ ਬਹਾਲ ਰਖਦਿਆਂ, ਮਹੰਤ ਦੇ ਦੋ ਸਾਥੀਆਂ ਦੀ ਫ਼ਾਂਸੀ ਦੀ ਸਜ਼ਾ ਨੂੰ ਕਾਲੇ ਪਾਣੀ ਭੇਜਣ ਵਿਚ ਬਦਲ ਦਿੱਤਾ ਗਿਆ, ਰਹਿੰਦੇ ਸਾਥੀਆਂ ਨੂੰ ਰਿਹਾ ਕਰ ਦਿੱਤਾ ਗਿਆ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਵਿੱਚ
ਮਿਤੀ 10 ਫੱਗਣ ਸੰਮਤ 1977 ਬਿਕ੍ਰਮੀ
ਮੁਤਾਬਿਕ 20 ਫਰਵਰੀ 1921 ਈਸਵੀ (ਐਤਵਾਰ)
ਨੂੰ ਸ਼ਹੀਦ ਹੋਏ ਸਿੰਘਾਂ ਦੀ ਸੂਚੀ :

**ਧਾਰੋਵਾਲੀ, ਸ਼ੇਖ਼ੂਪੁਰਾ**

1) ਭਾਈ ਲਛਮਣ ਸਿੰਘ ਜੀ (ਜੱਥੇਦਾਰ)
2) ਈਸ਼ਰ ਸਿੰਘ ਜੀ
3) ਭਾਈ ਮੰਗਲ ਸਿੰਘ ਜੀ (ਕ੍ਰਿਪਾਨ ਬਹਾਦੁਰ)
4) ਆਤਮਾ ਸਿੰਘ ਜੀ
5) ਭਾਈ ਸੁੰਦਰ ਸਿੰਘ ਜੀ
6) ਭਾਈ ਈਸ਼ਰ ਸਿੰਘ ਜੀ, ਨੰਬਰ 2
7) ਚਰਨ ਸਿੰਘ ਜੀ , ਪਿੰਡ ਕੋਟਲਾ ਸੰਤ ਸਿੰਘ

**ਬੁਰਜ਼ ਚੱਕ ਨੰਬਰ 55, ਲਾਇਲਪੁਰ**

8) ਭਾਈ ਨਰਾਇਣ ਸਿੰਘ ਜੀ
9) ਭਾਈ ਦਿਆਲ ਸਿੰਘ ਜੀ
10) ਭਾਈ ਕਿਸ਼ਨ ਸਿੰਘ ਜੀ

**ਬੁੰਡਾਲਾ ਚੱਕ ਨੰ 64, ਲਾਇਲਪੁਰ**

11) ਭਾਈ ਹਜ਼ਾਰਾ ਸਿੰਘ ਜੀ
12) ਭਾਈ ਵਰਿਆਮ ਸਿੰਘ ਜੀ
13) ਭਾਈ ਚੇਤ ਸਿੰਘ ਜੀ
14) ਭਾਈ ਉਜਾਗਰ ਸਿੰਘ ਜੀ

**ਬੰਡਾਲਾ ਚੱਕ ਨੰ 17, ਲਾਇਲਪੁਰ**

15) ਭਾਈ ਸੰਮਾ ਸਿੰਘ ਜੀ
16) ਭਾਈ ਬਾਰਾ ਸਿੰਘ ਜੀ
17) ਭਾਈ ਇੱਛਰ ਸਿੰਘ
18) ਭਾਈ ਧਰਮ ਸਿੰਘ ਜੀ

**ਨਜ਼ਾਮਪੁਰ ਦੇਵਾ ਸਿੰਘ, ਲਾਇਲਪੁਰ**

19) ਭਾਈ ਟਹਲ ਸਿੰਘ
20) ਭਾਈ ਸੁਰੈਣ ਸਿੰਘ ਜੀ
21) ਭਾਈ ਬੱਗਾ ਸਿੰਘ ਜੀ
22) ਭਾਈ ਹਰਨਾਮ ਸਿੰਘ ਜੀ
23) ਭਾਈ ਦੱਲ ਸਿੰਘ ਜੀ
24) ਭਾਈ ਕੇਸਰ ਸਿੰਘ ਜੀ
25) ਭਾਈ ਭਗਵਾਨ ਸਿੰਘ ਜੀ
26) ਭਾਈ ਜਵਾਲਾ ਸਿੰਘ ਜੀ
27) ਭਾਈ ਖ਼ੁਸ਼ਹਾਲ ਸਿੰਘ ਜੀ
28) ਭਾਈ ਜਵੰਦ ਸਿੰਘ ਜੀ
29) ਭਾਈ ਪੰਜਾਬ ਸਿੰਘ ਜੀ
31) ਭਾਈ ਰਾਮ ਸਿੰਘ ਜੀ
32) ਭਾਈ ਸੁੰਦਰ ਸਿੰਘ ਜੀ
33) ਭਾਈ ਤਾਰਾ ਸਿੰਘ ਜੀ

**ਨਜ਼ਾਮਪੁਰਾ ਮੂਲਾ ਸਿੰਘ, ਸ਼ੇਖ਼ੂਪੁਰਾ**

34) ਭਾਈ ਸੇਵਾ ਸਿੰਘ ਜੀ
35) ਭਾਈ ਬੂੜ ਸਿੰਘ ਜੀ
36) ਭਾਈ ਸੁਰਾਇਣ ਸਿੰਘ ਜੀ

**ਚੇਲੇਵਾਲੇ / ਚੇਲਿਆਂ ਵਾਲਾ, ਸ਼ੇਖ਼ੂਪੁਰਾ**

37) ਭਾਈ ਗੁਜਰ ਸਿੰਘ ਜੀ

38) ਭਾਈ ਚੰਦਾ ਸਿੰਘ ਜੀ
39) ਭਾਈ ਗੰਗਾ ਸਿੰਘ ਜੀ
40) ਭਾਈ ਵਰਿਆਮ ਸਿੰਘ ਜੀ

**ਫ਼ਤਿਹਗੜ੍ਹ ਸ਼ੁਕਰਚਕੀਆ, ਸ਼ੇਖ਼ੂਪੁਰਾ**

41) ਭਾਈ ਸੰਤਾ ਸਿੰਘ ਜੀ

**ਬਹੜ ਚੱਕ ਨੰਬਰ 18, ਸ਼ੇਖ਼ੂਪੁਰਾ**

42) ਭਾਈ ਈਸ਼ਰ ਸਿੰਘ ਜੀ
43) ਭਾਈ ਗੁਪਾਲ ਸਿੰਘ ਜੀ
44) ਭਾਈ ਮੋਤਾ ਸਿੰਘ ਜੀ

**ਚੱਕ ਨੰਬਰ 10 ਥੋਥੀਆ, ਸ਼ੇਖ਼ੂਪੁਰਾ**

45) ਭਾਈ ਨੰਦ ਸਿੰਘ ਜੀ
46) ਭਾਈ ਹਰੀ ਸਿੰਘ ਜੀ
47) ਭਾਈ ਅਰੂੜ ਸਿੰਘ ਜੀ
48) ਭਾਈ ਤੇਜਾ ਸਿੰਘ ਜੀ

**ਕਰਤਾਰਪੁਰ, ਜਲੰਧਰ**

49) ਭਾਈ ਬੇਲਾ ਸਿੰਘ ਜੀ

**ਵੱਲਾ ਸਾਹਿਬ, ਅੰਮ੍ਰਿਤਸਰ**

50) ਭਾਈ ਮੂਲਾ ਸਿੰਘ ਜੀ

**ਤੱਲਾ ਨੰਗਲ 83, ਸ਼ੇਖ਼ੂਪੁਰਾ**

51) ਭਾਈ ਲਛਮਨ ਸਿੰਘ ਜੀ

**ਸ਼ਾਹਕੋਟ, ਸ਼ੇਖ਼ੂਪੁਰਾ**

52) ਭਾਈ ਸੰਤਾ ਸਿੰਘ ਜੀ
53) ਭਾਈ ਹਰਨਾਮ ਸਿੰਘ ਜੀ
54) ਭਾਈ ਗੁਰਬਖ਼ਸ਼ ਸਿੰਘ ਜੀ
55) ਭਾਈ ਇੰਦਰ ਸਿੰਘ ਜੀ
56) ਭਾਈ ਗੁਲਾਬ ਸਿੰਘ ਜੀ

**ਪਿੰਡ ਜਰਗ / ਡਰਗ), ਪਟਿਆਲਾ**

57) ਭਾਈ ਕੇਹਰ ਸਿੰਘ ਜੀ
58) ਭਾਈ ਦਰਬਾਰਾ ਸਿੰਘ ਜੀ

**ਲਹੌਰ**

59) ਭਾਈ ਗੰਡਾ ਸਿੰਘ ਭਸੀਣ

**ਡੱਲਾ ਚੰਦਾ ਸਿੰਘ ਚੱਕ ਨੰਬਰ 85, ਸ਼ੇਖ਼ੂਪੁਰਾ**

60) ਭਾਈ ਬਚਿੰਤ ਸਿੰਘ

**ਵਾਨੋਟਿਆਂ ਵਾਲੀ ਚੱਕ ਨੰਬਰ 39, ਸ਼ੇਖ਼ੂਪੁਰਾ**

61) ਭਾਈ ਕੇਸਰ ਸਿੰਘ
62) ਭਾਈ ਸੋਹਣ ਸਿੰਘ ਜੀ
63) ਭਾਈ ਵਰਿਆਮ ਸਿੰਘ ਜੀ
64) ਭਾਈ ਹੀਰਾ ਸਿੰਘ ਜੀ

**ਧਨੂਆਣਾ ਚੱਕ ਨੰਬਰ 91, ਲਾਇਲਪੁਰ**

65) ਭਾਈ ਸੁੰਦਰ ਸਿੰਘ ਜੀ (ਜਥੇਦਾਰ)
66) ਭਾਈ ਸੋਰਣ ਸਿੰਘ ਜੀ
67) ਭਾਈ ਹੁਕਮ ਸਿੰਘ ਜੀ
68) ਭਾਈ ਵਰਿਆਮ ਸਿੰਘ ਜੀ
69) ਭਾਈ ਦੀਵਾਨ ਸਿੰਘ ਜੀ
70) ਭਾਈ ਇੰਦਰ ਸਿੰਘ ਜੀ
71) ਭਾਈ ਦਸੌਂਧਾ ਸਿੰਘ ਜੀ
72) ਭਾਈ ਹਰੀ ਸਿੰਘ ਜੀ

**ਘੁੰਮਣ, ਜਲੰਧਰ**

74) ਭਾਈ ਠਾਕੁਰ ਸਿੰਘ ਜੀ ਮਾਣਕ

**ਫਰਾਲਾ ਚੱਕ ਨੰਬਰ 258, ਲਾਇਲਪੁਰ**

75) ਭਾਈ ਬਚਿੰਤ ਸਿੰਘ ਜੀ
76) ਭਾਈ ਕਨ੍ਹਈਆ ਸਿੰਘ ਜੀ

**(ਹੁਸ਼ਿਆਰਪੁਰ)**

77) ਭਾਈ ਬੰਤਾ ਸਿੰਘ ਜੀ ਸਿਰਾੜ

**ਕਰਤਾਰਪੁਰ, ਸਿਆਲਕੋਟ**

78) ਭਾਈ ਬੁੱਧ ਸਿੰਘ ਜੀ

**ਸਾਹੋਵਾਲ ਚੱਕ ਨੰਬਰ 12 ਬੀ ਬੀ, ਲਾਇਲਪੁਰ**

79) ਭਾਈ ਦਲੀਪ ਸਿੰਘ ਜੀ

**ਟਿੱਬੀ ਜੈ ਸਿੰਘ, ਮਿੰਟਗੁਮਰੀ**

80) ਭਾਈ ਵਰਿਆਮ ਸਿੰਘ ਜੀ

**ਲਹੁਕੇ ਚੱਕ ਨੰਬਰ 75, ਲਾਇਲਪੁਰ**

81) ਭਾਈ ਨਰਾਇਣ ਸਿੰਘ ਜੀ
82) ਭਾਈ ਕਰਮ ਸਿੰਘ ਜੀ
83) ਭਾਈ ਮਹਿੰਗਾ ਸਿੰਘ ਜੀ

**ਸ਼ਹਿਰ ਲਾਇਲਪੁਰ**

84) ਭਾਈ ਜੀਵਨ ਸਿੰਘ ਪਰਉਪਕਾਰੀ

**ਡਿੰਗਾ, ਗੁਜਰਾਤ**

85) ਭਾਈ ਚਰਨ ਸਿੰਘ ਜੀ

**ਸ਼ਬਾਜ਼ਪੁਰ, ਅੰਮ੍ਰਿਤਸਰ**

86) ਭਾਈ ਜਗਤ ਸਿੰਘ ਜੀ

(ਸਰੋਤ : ਸ੍ਰੀ ਨਨਕਾਣਾ ਸਾਹਿਬ ਸੂਚਨਾ ਪੱਟ)

❊❊❊

– ਰਜਿੰਦਰ ਸਿੰਘ ਜੌਲੀ
ਫ਼ੋਨ : 703-327-1528

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਨਵੰਬਰ 2022 (ਆਮਦਨ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਪੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਉ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | --- | 987368 | 3961 | 27800211 | 262685 | 513399 | --- | 53128 | 7081 | 92904 | 17668 | 831663 | 4891792 | --- | 5882850 | 33400 | --- | 15626626 | --- | --- | --- | --- |
| ਲੰਗਰ | --- | 153341 | 6300 | 10812148 | 8100 | 183058 | --- | 7552 | 10540 | 302984 | --- | 870896 | 968644 | --- | 1302816 | 2070 | --- | 2916237 | --- | --- | --- | --- |
| ਪ੍ਰਸ਼ਾਦਿ | --- | 402727 | 27444 | 11796654 | 27402 | 395879 | 1301 | 5025 | 47250 | 487127 | 198722 | 1080546 | 2547119 | --- | 1806849 | 11600 | --- | 4891975 | --- | --- | --- | --- |
| ਸ੍ਰੀ ਆਖੰਡ ਪਾਠ | --- | 79300 | 6100 | 2275300 | 36600 | 67100 | 30500 | --- | 24400 | 24400 | --- | 237900 | 518500 | --- | 189100 | 6100 | --- | 976000 | --- | --- | --- | --- |
| ਕਿਊ.ਐਮ.ਸੀ. | 875 | 21556 | 645 | --- | 690 | 2877 | 550 | 780 | 1465 | 9540 | 12763 | 7048 | 14976 | 300 | 33733 | 720 | --- | 19513 | --- | --- | --- | --- |
| ਸਰਾਂ | --- | --- | --- | 1298550 | --- | 72600 | --- | --- | --- | --- | 9600 | 948150 | --- | --- | 447550 | --- | --- | 803700 | --- | --- | --- | --- |
| ਬਿਲਡਿੰਗ | --- | --- | --- | 564400 | 4202 | 11000 | --- | --- | --- | --- | --- | --- | --- | --- | 40950 | --- | --- | 25000 | --- | --- | --- | --- |
| ਫੁਟਕਲ | --- | 230 | --- | 115720 | --- | 180 | --- | --- | --- | --- | 180 | 180 | 590 | --- | 22660 | --- | 180 | 310870 | --- | --- | 350304 | --- |
| ਅਨੰਦ ਕਾਰਜ ਭੇਟਾ | --- | --- | --- | --- | --- | 44000 | --- | --- | --- | --- | --- | --- | 93200 | --- | 713600 | --- | --- | --- | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 3181245 | --- | --- | --- |
| ਸੈਂਟਰਲਾਈਜ ਡੋਨੇਸ਼ਨ | --- | --- | --- | 8243068 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਮੈਡੀਕਲ ਫੀਸ/ਬਾਲਾ ਪ੍ਰੀਤਮ ਦਵਾਖਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 4859439 | --- | --- |
| ਅਜੂਕੇਸ਼ਨ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1146500 | --- | --- | --- |
| ਗੁ. ਬਾਬਾ ਬੁੱਢਾ ਜੀ TDI City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 32567 | --- | --- | --- |
| ਗੁ. ਮਿਲਾਪ ਨਗਰ, ਉੱਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 4850 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 66451 | --- | --- | --- |
| ਐਫ.ਸੀ.ਆਰ.ਏ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 4269311 | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 701915 | --- | --- | --- |
| ਸਟਾਫ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 133746 | --- | --- | --- |
| ਜੋੜ | 875 | 1644522 | 44450 | 62906051 | 339679 | 1290093 | 32351 | 66485 | 90736 | 916955 | 238933 | 3976383 | 9034821 | 300 | 10440108 | 53890 | 180 | 25569921 | 9536585 | 4859439 | 350304 | --- |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਨਵੰਬਰ 2022 (ਖਰਚ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਪੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁਰਦਆਰਾ ਪੀਪਲ ਮਹਾਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਐਡਮਿਨ-ਸਟ੍ਰੇਸ਼ਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਲੰਗਰ | 17915 | 538881 | 25155 | 1509432 | 6412 | 297678 | 4119 | 62438 | 21461 | 469861 | 167932 | 990604 | 1433964 | --- | 937977 | 5162 | 2583 | 3118381 | --- | --- | --- | --- |
| ਪ੍ਰਸ਼ਾਦਿ / ਪ੍ਰਸ਼ਾਦਿ ਹਜ਼ੂਰੀ | --- | 246382 | 25444 | 3100122 | 34020 | 618997 | 8424 | 10508 | 62669 | 402943 | 233283 | 399434 | 1142397 | --- | 722811 | 16680 | --- | 2655100 | --- | --- | --- | --- |
| ਸ੍ਰੀ ਆਖੰਡ ਪਾਠ | --- | 6461 | 9600 | 1243200 | --- | 50123 | --- | --- | 28800 | 554 | 15323 | 214338 | 34892 | --- | 17754 | --- | 9600 | 66246 | --- | --- | --- | --- |
| ਬਿਜਲੀ / ਪਾਣੀ | 71600 | 588422 | 11960 | 2226642 | 94990 | 94790 | 5800 | 8770 | 53720 | 455150 | 47750 | --- | --- | 668 | 950190 | 30210 | 392410 | 3182561 | --- | --- | --- | --- |
| ਫੁਟਕਲ | 35373 | 126855 | 29486 | 694062 | 18437 | 83871 | 14540 | 19234 | 20420 | 115844 | 51459 | 162482 | 540276 | --- | 497067 | 1196 | 9440 | 329716 | --- | --- | --- | --- |
| ਟੈਲੀਫੋਨ | --- | 690 | --- | 6850 | 690 | 667 | --- | --- | 690 | 1149 | 2117 | 1008 | 884 | --- | 4123 | 266 | --- | 690 | --- | --- | --- | --- |
| ਸਫਾਈ ਤੇ ਰੱਖਰਖਾਵ | --- | 78076 | --- | 396938 | --- | 142756 | 280 | --- | --- | 73095 | 70800 | 184735 | 207000 | --- | 388952 | --- | --- | 378176 | --- | --- | --- | --- |
| ਕਨਵੈਂਸ ਚਾਰਜਿਸ | --- | 500 | 480 | 1000 | --- | 880 | 490 | 200 | --- | --- | 900 | --- | 300 | --- | 34775 | 400 | 400 | 1700 | --- | --- | --- | --- |
| ਬਿਲਡਿੰਗ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1165670 |
| ਰਿਪੇਅਰ ਤੇ ਰੱਖਰਖਾਵ | 300 | 129668 | --- | 242097 | 1550 | 3594 | --- | 1750 | --- | 21552 | 45724 | 3776 | 68390 | --- | 85036 | --- | --- | 139654 | --- | --- | --- | 11010 |
| ਕਿਰਾਇਆ ਸਾਊਂਡ ਸਿਸਟਮ | --- | --- | 10000 | --- | --- | --- | --- | --- | --- | --- | --- | --- | --- | --- | --- | --- | --- | 19000 | --- | --- | --- | --- |
| ਕਿਰਾਇਆ ਟੈਂਟ | --- | --- | --- | 233811 | --- | --- | --- | --- | --- | 15635 | --- | --- | --- | --- | --- | --- | --- | --- | --- | --- | --- | --- |
| 1984 ਸਿੱਖ ਕਤਲੇਆਮ ਯਾਦਗਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 22824 | --- | --- | --- |
| ਬੈਂਕ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 307307 | --- | --- | --- |
| ਕੰਪਿਊਟਰ ਰਿਪੇਅਰ ਤੇ ਰੱਖ ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 180810 | --- | --- | --- |
| ਐਜੂਕੇਸ਼ਨ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1705473 |
| ਗੁ: ਬਾਬਾ ਬੁੱਢਾ ਜੀ ਟੀ.ਡੀ.ਆਈ ਸਿਟੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 77481 | --- | --- | --- |
| ਗੁਰਦੁਆਰਾ ਮੰਗੋਲਪੁਰੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 31584 | --- | --- | --- |
| ਗੁ. ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 12440 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 194680 | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 4402082 | --- | --- | --- |
| ਸਹਾਇਤਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 3458663 | --- | --- | --- |
| ਮੋਟਰ ਇੰਸੋਰੈਂਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 11601 | --- | --- | --- |
| ਲੀਗਲ ਐਂਡ ਪ੍ਰੋਫੈਸਨਲ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 60051 | --- | --- | --- |
| ਮੈਡੀਕਲ ਚਾਰਜਿਸ / ਬਾਲਾ ਪ੍ਰੀਤਮ ਦਵਾਖਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 5958244 | --- | --- |
| ਆਫਿਸ ਖਰਚੇ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1814315 | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1838074 | --- | --- | --- |
| ਪੈਟਰੋਲ, ਡੀਜਲ ਤੇ ਸੀ.ਐਨ.ਜੀ. | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 726268 | --- | --- | --- |
| ਪਿੰਨੀ ਪ੍ਰਸ਼ਾਦਿ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 267942 | --- | --- | --- |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 45594 | --- | --- | --- |
| ਜਾਇਦਾਦ ਰੱਖ-ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 414751 | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 604572 | --- | --- | --- |
| ਰਿਪੇਅਰ ਅਤੇ ਰੱਖ ਰਖਾਵ ਗੱਡੀਆਂ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 13010 | --- | --- | --- |
| ਤਨਖਾਹ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 35582363 | --- | --- | --- |
| ਸਿਲਾਈ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 103108 | --- | --- | --- |
| ਜੋੜ | 125188 | 1715935 | 112125 | 9654154 | 156099 | 1293356 | 33653 | 102900 | 187760 | 1555783 | 635288 | 1956377 | 3428103 | 668 | 3638685 | 53914 | 414433 | 9891224 | 49754769 | 5958244 | 414751 | 2882153 |

Note : The information in this documents in unaudited, therefore these are subject to change without notice and should not be construed as a commitment by DSGMC.

# 2 ਫਰਵਰੀ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ

**1 ਫਰਵਰੀ**

**1936 ਈ.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਪੀਲ 'ਤੇ ਪੰਥ ਵੱਲੋਂ ਅੰਗਰੇਜ਼ ਸਰਕਾਰ ਦੁਆਰਾ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਦਿਵਸ ਮਨਾਇਆ ਗਿਆ।

**1966 ਈ.** ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਇੰਗਲੈਂਡ ਵਿੱਚੋਂ ਹਿੰਦੁਸਤਾਨ ਪਹੁੰਚੇ।

**2 ਫਰਵਰੀ**

**1958 ਈ.** ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਲੱਖਾਂ ਸਿੰਘਾਂ ਨੇ ਦਿੱਲੀ ਦੇ ਬਜ਼ਾਰਾਂ ਵਿੱਚ ਇੱਕ ਖਾਮੋਸ਼ ਇਕੱਠ ਕੀਤਾ।

**1534 ਈ.** ਬੀਬੀ ਭਾਨੀ ਜੀ (ਮਹਿਲ ਸ੍ਰੀ ਗੁਰੂ ਰਾਮਦਾਸ ਜੀ) ਦਾ ਜਨਮ ਬਾਸਰਕੇ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਗ੍ਰਹਿ ਹੋਇਆ।

**3 ਫਰਵਰੀ**

**1816 ਈ.** ਬਾਬਾ ਰਾਮ ਸਿੰਘ ਜੀ ਨਾਮਧਾਰੀ ਦਾ ਜਨਮ ਹੋਇਆ।

**4 ਫਰਵਰੀ**


**1921 ਈ.** ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੇ ਸਾਕੇ ਦੌਰਾਨ ਭਾਈ ਹੁਕਮ ਸਿੰਘ ਜੀ ਸ਼ਹੀਦ ਹੋਏ।

**1764 ਈ.** ਸਿੰਘਾਂ ਦੀ ਰੁਹੇਲਿਆਂ ਨਾਲ ਜੰਗ ਹੋਈ ਜਿਸ ਵਿੱਚ ਸਿੰਘ ਜੇਤੂ ਹੋਏ।
ਮੇਲਾ ਕੋਠਾ ਸਾਹਿਬ ਵੱਲਾ (ਸ੍ਰੀ ਅੰਮ੍ਰਿਤਸਰ)



**5 ਫਰਵਰੀ**

**1762 ਈ.** ਕੁਪਰਹੀੜੇ ਦੇ ਮੈਦਾਨ 'ਚ ਵੱਡਾ ਘੱਲੂਘਾਰਾ ਵਾਪਰਿਆ ਜਿਸ ਵਿੱਚ 30-40 ਹਜ਼ਾਰ ਸਿੰਘ, ਸਿੰਘਣੀਆਂ, ਬਜ਼ੁਰਗ ਅਤੇ ਬੱਚੇ ਸ਼ਹੀਦ ਹੋਏ।



**6 ਫਰਵਰੀ**

**1944 ਈ.** ਮਾਸਟਰ ਤਾਰਾ ਸਿੰਘ ਜੀ ਨੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅਸਤੀਫ਼ਾ ਦਿੱਤਾ।

**1921 ਈ.** ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਪ੍ਰਬੰਧ ਸੁਧਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦੂਸਰਾ ਸਮਾਗਮ ਹੋਇਆ।

**7 ਫਰਵਰੀ**

**1963 ਈ.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਤ ਫ਼ਤਹਿ ਸਿੰਘ ਜੀ ਨੇ ਕੌਮੀ ਰੱਖਿਆ ਫੰਡ ਲਈ 50,000 ਰੁਪਏ ਦਾ ਚੈਕ ਪੰਡਤ ਜਵਾਹਰ ਲਾਲ ਨਹਿਰੂ ਨੂੰ ਦਿੱਤਾ।

**1921 ਈ.** ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਪੰਥਕ ਪ੍ਰਬੰਧ ਹੇਠ ਆਇਆ।

**8 ਫਰਵਰੀ**

**1984 ਈ.** ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਮ ਯੁੱਧ ਮੋਰਚੇ ਦੌਰਾਨ ਪੰਜਾਬ ਬੰਦ ਪੂਰਨ ਸਫ਼ਲ ਰਿਹਾ।

**1780 ਈ.** ਸਿੱਖਾਂ ਅਤੇ ਤੈਮੂਰ ਵਿਚਾਲੇ ਮੁਲਤਾਨ ਦੇ ਨੇੜੇ ਜੰਗ ਹੋਈ।

**9 ਫਰਵਰੀ**

**1924 ਈ.** ਜਥੇਦਾਰ ਊਧਮ ਸਿੰਘ ਵਰਪਾਲ ਦੀ ਅਗਵਾਈ ਹੇਠ 500 ਸੂਰਬੀਰ ਸਿੰਘਾਂ ਦਾ ਪਹਿਲਾ ਸ਼ਹੀਦੀ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ ਗੰਗਸਰ ਜੈਤੋ ਲਈ ਰਵਾਨਾ ਹੋਇਆ।

**10 ਫਰਵਰੀ**

**1983 ਈ.** ਪੰਜਾਬ ਮਸਲੇ ਬਾਰੇ ਵਿਰੋਧੀ ਪਾਰਟੀਆਂ ਤੇ ਕੇਂਦਰ ਸਰਕਾਰ ਦੀ ਗੱਲਬਾਤ ਨਵੀਂ ਦਿੱਲੀ ਵਿਖੇ ਹੋਈ।

**1846 ਈ.** ਅੰਗ੍ਰੇਜ਼ਾਂ ਤੇ ਸਿੱਖਾਂ ਵਿਚਾਲੇ ਸਭਰਾਵਾਂ ਦੇ ਅਸਥਾਨ 'ਤੇ ਜੰਗ ਹੋਈ ਜਿਸ ਵਿੱਚ ਸ੍ਰ. ਸ਼ਾਮ ਸਿੰਘ ਅਟਾਰੀ ਵਾਲੇ ਸ਼ਹੀਦ ਹੋਏ।



**11 ਫਰਵਰੀ**

**1956 ਈ.** ਸਰਬਹਿੰਦ 10ਵੀਂ ਅਕਾਲੀ ਕਾਨਫਰੰਸ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਇਕੱਠ ਕੀਤਾ ਗਿਆ ਜਿਸ ਵਿੱਚ 9-10 ਲੱਖ ਸਿੰਘ ਸ਼ਾਮਿਲ ਹੋਏ।

**1861 ਈ.** ਮਹਾਰਾਣੀ ਜ਼ਿੰਦਾਂ ਤੇ ਰਾਜਕੁਮਾਰ ਦਲੀਪ ਸਿੰਘ ਦੀ ਮੁਲਾਕਾਤ ਕਲਕੱਤੇ ਵਿਖੇ ਹੋਈ।

**12 ਫਰਵਰੀ**

**1956 ਈ.** ਸਰਬ ਹਿੰਦ 10ਵੀਂ ਅਕਾਲੀ ਕਾਨਫਰੰਸ ਬਾਬਾ ਫ਼ਤਹਿ ਸਿੰਘ ਨਗਰ ਅੰਮ੍ਰਿਤਸਰ ਵਿਖੇ ਕੀਤੀ ਗਈ।

**1846 ਈ.** ਸ੍ਰ. ਸ਼ਾਮ ਸਿੰਘ ਅਟਾਰੀ ਦਾ ਸਸਕਾਰ ਅਟਾਰੀ ਵਿਖੇ ਕੀਤਾ ਗਿਆ।

**13 ਫਰਵਰੀ**

**1959 ਈ.** ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ।

**14 ਫਰਵਰੀ**

**1959 ਈ.** ਸ਼੍ਰੋਮਣੀ ਅਕਾਲੀ ਦਲ ਦੀ ਜਨਰਲ ਮੀਟਿੰਗ ਵਿੱਚ ਅਕਾਲੀ ਦਲ ਵੱਲੋਂ ਪ੍ਰਾਂਤਕ ਤੇ ਪਾਰਲੀਮੈਂਟ ਦੀਆਂ ਜਨਰਲ ਚੋਣਾਂ ਵੱਖਰੀ ਰਾਜਨੀਤਕ ਪਾਰਟੀ ਦੇ ਤੌਰ 'ਤੇ ਲੜਨ ਲਈ ਫ਼ੈਸਲਾ ਕੀਤਾ।

**1986 ਈ.** ਸਿੱਖ ਪੰਥ ਵੱਲੋਂ ਕਾਰ ਸੇਵਾ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਸ਼ੁਰੂ ਹੋਈ।



**15 ਫਰਵਰੀ**

**1939 ਈ.** ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਜਿੱਤ ਪ੍ਰਾਪਤ ਕੀਤੀ। ਅਹਿਮਦ ਸ਼ਾਹ ਅਬਦਾਲੀ 50 ਗੱਡੇ ਸਿੰਘਾਂ ਦੇ ਸਿਰਾਂ ਦੇ ਭਰ ਕੇ ਲਾਹੌਰ ਪਰਤਿਆ।

**16 ਫਰਵਰੀ**

**1986 ਈ.** ਸ਼੍ਰੋਮਣੀ ਅਕਾਲੀ ਦਲ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਵਿਖੇ ਸਰਬਤ ਖਾਲਸਾ ਸੰਮੇਲਨ ਬੁਲਾਇਆ ਗਿਆ।

**1737 ਈ.** ਭਾਈ ਹਕੀਕਤ ਰਾਏ ਜੀ ਲਾਹੌਰ ਵਿਖੇ ਸ਼ਹੀਦ ਕੀਤੇ ਗਏ।

**17 ਫਰਵਰੀ**

**1969 ਈ.** ਸ਼੍ਰੋਮਣੀ ਅਕਾਲੀ ਦਲ ਵੱਲੋਂ ਜਸਟਿਸ ਗੁਰਨਾਮ ਸਿੰਘ ਦੂਸਰੀ ਵਾਰ ਅਕਾਲੀ ਸਰਕਾਰ ਪੰਜਾਬ ਦੇ ਮੁੱਖ ਮੰਤਰੀ ਬਣੇ।

**1984 ਈ.** ਸੀ.ਆਰ.ਪੀ.ਐਫ. ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਗੋਲੀ ਚਲਾ ਕੇ ਤਿੰਨ ਸ਼ਰਧਾਲੂ ਸ਼ਹੀਦ ਕੀਤੇ ਗਏ।

**18 ਫਰਵਰੀ**

**1923 ਈ.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਦਾ ਪ੍ਰਬੰਧ ਸੰਭਾਲਿਆ।

**1753 ਈ.** ਅਦੀਨਾ ਬੇਗ ਨੇ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ

ਸਮੇਂ ਇਕੱਠੇ ਹੋਏ ਸਿੰਘਾਂ 'ਤੇ ਅਚਾਨਕ ਹਮਲਾ ਕਰਕੇ ਸਿੰਘਾਂ ਦਾ ਭਾਰੀ ਨੁਕਸਾਨ ਕੀਤਾ।


**19 ਫਰਵਰੀ**

**1949 ਈ.** ਅਜ਼ਾਦ ਭਾਰਤ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੂੰ ਨਰੇਲਾ ਸਟੇਸ਼ਨ (ਦਿੱਲੀ) ਤੋਂ ਗ੍ਰਿਫ਼ਤਾਰ ਕੀਤਾ।

**1922 ਈ.** ਸ੍ਰ. ਸੁੰਦਰ ਸਿੰਘ ਰਾਮਗੜ੍ਹੀਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ।

**20 ਫਰਵਰੀ**

**1921 ਈ.** ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ ਤੇ ਸੈਂਕੜੇ ਸਿੰਘ ਸ਼ਹੀਦੀ ਪਾ ਗਏ।



**1764 ਈ.** ਖਾਲਸਾ ਫ਼ੌਜਾਂ ਨੇ ਸਹਾਰਨਪੁਰ 'ਤੇ ਕਬਜ਼ਾ ਕੀਤਾ।

**21 ਫਰਵਰੀ**

**1924 ਈ.** ਗੰਗਸਰ ਜੈਤੋ ਦਾ ਸਾਕਾ ਵਾਪਰਿਆ ਜਿਸ ਵਿੱਚ ਅੰਗ੍ਰੇਜ਼ ਸਰਕਾਰ ਵੱਲੋਂ ਪਹਿਲੇ ਸ਼ਹੀਦੀ ਜੱਥੇ 'ਤੇ ਦੋ ਵਾਰ ਗੋਲੀ ਚਲਾਈ।



**22 ਫਰਵਰੀ**

**1921 ਈ.** ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ।

**1921 ਈ.** ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸ੍ਰ. ਹਰਬੰਸ ਸਿੰਘ ਅਟਾਰੀ ਦੀ ਪ੍ਰਧਾਨਗੀ ਹੇਠ ਸੰਭਾਲਿਆ।

**23 ਫਰਵਰੀ**

**1956 ਈ.** ਗਿਆਨੀ ਕਰਤਾਰ ਸਿੰਘ ਰਿਜ਼ਨਲ ਕੌਂਸਲ ਬਾਰੇ ਮੌਲਾਨਾ ਅਜ਼ਾਦ ਨੂੰ ਮਿਲੇ।

**1921 ਈ.** ਗੁਰਦੁਆਰਾ ਸਾਹਿਬ ਲਲਿਆਣੀ ਜ਼ਿਲ੍ਹਾ ਲਾਹੌਰ ਵਿਖੇ ਮਹੰਤਾਂ ਨੂੰ ਕੱਢ ਕੇ ਸਿੰਘਾਂ ਨੇ ਪ੍ਰਬੰਧ ਸੰਭਾਲਿਆ।

**24 ਫਰਵਰੀ**

**1936 ਈ.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰ. ਤੇਜਾ ਸਿੰਘ ਸਮੁੰਦਰੀ ਦੇ ਨਾਮ 'ਤੇ ਤੇਜਾ ਸਿੰਘ ਸਮੁੰਦਰੀ ਹਾਲ ਬਨਾਉਣ ਲਈ ਮਤਾ ਪਾਸ ਕੀਤਾ ਗਿਆ।

**25 ਫਰਵਰੀ**

**1921 ਈ.** ਅਕਾਲੀ ਸਿੰਘਾਂ ਨੇ ਗੁਰਦੁਆਰਾ ਹੇਰ ਜ਼ਿਲ੍ਹਾ ਲਾਹੌਰ ਵਿਖੇ ਮਹੰਤਾਂ ਨੂੰ ਕੱਢ ਕੇ ਪ੍ਰਬੰਧ ਸੰਭਾਲਿਆ।

**1809 ਈ.** ਅਕਾਲੀ ਫੂਲਾ ਸਿੰਘ ਜੀ ਦੀ ਕਮਾਨ ਹੇਠ ਅਕਾਲੀ ਫ਼ੌਜਾਂ ਦੀ ਅੰਮ੍ਰਿਤਸਰ ਵਿੱਚ ਮੈਟਕਾਫ ਦੇ ਮੁਸਲਮਾਨ ਅੰਗ ਰੱਖਿਅਕਾਂ ਨਾਲ ਲੜਾਈ ਹੋਈ।

**26 ਫਰਵਰੀ**

**1966 ਈ.** ਸ਼੍ਰੋਮਣੀ ਅਕਾਲੀ ਦਲ ਵੱਲੋਂ 17ਵੀਂ ਸਰਬ ਹਿੰਦ ਅਕਾਲੀ ਕਾਨਫਰੰਸ ਜਲੰਧਰ ਵਿਖੇ ਹੋਈ।

**27 ਫਰਵਰੀ**

**1926 ਈ.** ਲਾਹੌਰ ਜੇਲ੍ਹ ਵਿਚ 6 ਬੱਬਰ ਅਕਾਲੀ ਸਿੰਘਾਂ ਨੂੰ ਫਾਂਸੀ 'ਤੇ ਚਾੜਿਆ ਗਿਆ।

**28 ਫਰਵਰੀ**

**1921 ਈ.** ਅਕਾਲੀ ਸਿੰਘਾਂ ਨੇ ਗੁਰਦੁਆਰਾ ਸਾਹਿਬ ਐਮਨਾਬਾਦ (ਗੁਜਰਾਂਵਾਲਾ) ਵਿਖੇ ਮਹੰਤਾਂ ਨੂੰ ਕੱਢ ਕੇ ਪ੍ਰਬੰਧ ਸੰਭਾਲਿਆ।

**1924 ਈ.** ਗੰਗਸਰ ਜੈਤੋ ਲਈ ਸ੍ਰ. ਇੰਦਰ ਸਿੰਘ ਪਿੰਡ ਮਿਰਜ਼ਾ ਜ਼ਿਲ੍ਹਾ ਸਿਆਲਕੋਟ ਦੀ ਅਗਵਾਈ ਹੇਠ 500 ਸਿੰਘਾਂ ਦਾ ਦੂਸਰਾ ਸ਼ਹੀਦੀ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ ਤੋਰਿਆ ਗਿਆ।

# ਚਲ ਰਹੇ ਭੇਖਾਂ ਦਾ ਵਰਣਨ

੧. ਭਈ ਗਿਲਾਨਿ ਜਗਤ੍ਰਿ ਵਿਚ ਚਾਰ ਵਰਨਿ ਆਸ੍ਰਮ ਉਪਾਏ।
੨. ਦਸਿ ਨਾਮਿ ਸੰਨਿਆਸੀਆਂ ਜੋਗੀ ਬਾਰਹ ਪੰਥਿ ਚਲਾਏ।
੩. ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।
੪. ਬ੍ਰਹਮਣ ਬਹੁ ਪਰਕਾਰਿ ਕਰਿ ਸ਼ਾਸਤ੍ਰਿ ਵੇਦ ਪੁਰਾਣਿ ਲੜਾਏ।
੫. ਖਟੁ ਦਰਸ਼ਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।
੬. ਤੰਤ ਮੰਤ ਰਸਾਇਣਾ ਕਰਾਮਾਤਿ ਕਾਲਖਿ ਲਪਟਾਏ।
੭. ਇਕਸਿ ਤੇ ਬਹੁ ਰੂਪਿ ਕਰਿ ਰੂਪਿ ਕਰੂਪੀ ਘਣੇ ਦਿਖਾਏ।
੮. ਕਲਿਜੁਗਿ ਅੰਦਰਿ ਭਰਮਿ ਭੁਲਾਏ ॥ ੧੯ ॥

{ ਵਾਰਾਂ ਭਾਈ ਗੁਰਦਾਸ ਜੀ : ਵਾਰ ੧, ਪਉੜੀ ੧੯ }

: ਪਦ ਅਰਥ :

ਗਿਲਾਨਿ - ਇੱਕ ਦੂਜੇ ਤੋਂ ਨਫ਼ਰਤ । ਦਿਗੰਬਰ - ਜੈਨੀ । ਤੰਤ ਮੰਤ - ਧਾਗੇ, ਤਵੀਤ

: ਅਰਥ :

੧) ਜਗਤ ਵਿੱਚ ਵੱਡੀ ਗਿਲਾਨੀ (ਵੈਰ ਵਿਰੋਧ ਤੇ ਭੇਖਾਂ ਦੀ ਬਹੁ-ਗਿਣਤੀ) ਉਠ ਪਈ, ਚਾਰ ਵਰਨ (ਖੱਤਰੀ, ਬ੍ਰਾਹਮਣ, ਵੈਸ਼ ਤੇ ਸ਼ੂਦਰ) ਚਾਰ ਆਸ਼ਰਮ (ਬ੍ਰਹਮਚਾਰੀ, ਗ੍ਰਿਹਸਤੀ, ਬਾਨਪ੍ਰਸਤੀ ਤੇ ਸੰਨਿਆਸੀ) ਪੈਦਾ ਹੋ ਗਏ।

ਪ੍ਰ. : ਕਿਉਂ ਜੀ! ਇਹਨਾਂ ਨੇ ਫਿਰ ਕੀ ਵਰਤਾਰਾ ਕੀਤਾ ?

੨) ਉ. : ਸੰਨਿਆਸੀਆਂ ਨੇ ੧੦ ਤੇ ਜੋਗੀਆਂ ਨੇ ਆਪਣੇ ੧੨ ਪੰਥ ਕਾਇਮ ਕਰ ਲਏ।

੩) ਜੰਗਮਾਂ (ਨਾਂਗਿਆਂ) ਸਰੇਵੜੇ ਤੇ ਜੈਨੀਆਂ ਨੇ ਝਗੜੇ ਖੜੇ ਕਰ ਦਿੱਤੇ।

੪) ਬ੍ਰਾਹਮਣਾਂ ਨੇ ਵੇਦਾਂ ਤੇ ਪੁਰਾਣਾਂ ਦੇ ਵੱਖੋ-ਵੱਖਰੇ ਸਿਧਾਂਤਾਂ ਦੀ (ਬਹਿਸ ਤੇ ਚਰਚਾ) ਸ਼ੁਰੂ ਕਰ ਦਿੱਤੀ। ਸਾਰ ਵਸਤੂ ਤੋਂ ਸਭੇ ਥਿੜਕ ਗਏ।

੫) ਫਿਰ ਛੇ ਸ਼ਾਸਤਰਾਂ ਦੇ ਵੱਖੋ-ਵੱਖਰੇ ਗਿਆਨਾਂ ਵਿੱਚ ਟਾਕਰਾ ਹੋ ਗਿਆ, ਜਿਨ੍ਹਾਂ ਵਿੱਚ ਬ੍ਰਾਹਮਣਾਂ ਨੇ ਆਪਣੇ ਕੋਲੋਂ ਛੱਤੀ ਪ੍ਰਕਾਰ ਦੇ ਪਖੰਡ ਰਲਾ ਦਿੱਤੇ।

੬) ਤਵੀਤ, ਧਾਗੇ ਤੇ ਮੰਤਰਾਂ ਰੂਪ ਦਵਾਈਆਂ ਤੇ ਕਰਾਮਾਤ ਦੀ ਕਾਲਖ ਨੇ ਇਹਨਾਂ ਸਭ ਨੂੰ ਨਿਬੇੜ ਕੇ ਰੱਖ ਦਿੱਤਾ।

੭) ਇੱਕ ਰੂਪ (ਭਾਵ ਇੱਕੋ ਹੀ ਕਥਨ) ਦੇ ਕਈ-ਕਈ ਭਾਵ ਤੇ ਭੇਖ, ਭਲੇ-ਬੁਰੇ ਦੇ ਰੂਪ ਵਿੱਚ ਕਥਨ ਕਰ ਦਿੱਤੇ (ਸਾਂਗ, ਨਕਲ ਕਰਨ ਦਾ ਰਿਵਾਜ ਚਲਾ ਦਿੱਤਾ, ਕਈ ਰਾਸਧਾਰੀਏ ਬਣ ਗਏ) ਸੋ ਇਉਂ :

੮) ਕਲਜੁਗ ਵਿੱਚ ਸਭ ਲੋਕ ਭਰਮ-ਭੁਲੇਖਿਆਂ ਦੇ ਚੱਕਰ ਵਿੱਚ ਪੈ ਗਏ ।੧੯।

: ਭਾਵਾਰਥ :


ਸੰਸਾਰ ਵਿੱਚ ਵੈਰ-ਵਿਰੋਧ ਵਧ ਗਿਆ, ਸਭ ਧਰਮਾਂ ਨੇ ਇੱਕ-ਦੂਜੇ ਨਾਲ ਝਗੜੇ ਖੜੇ ਕਰ ਦਿੱਤੇ। ਬ੍ਰਾਹਮਣਾਂ ਨੇ ਵੇਦਾਂ, ਪੁਰਾਣਾਂ ਤੇ ਸ਼ਾਸਤਰਾਂ ਦੇ ਵੱਖੋ-ਵੱਖਰੇ ਅਰਥ ਕਰਕੇ ਉਹਨਾਂ ਵਿੱਚ ਪਖੰਡ ਰਲਾ ਦਿੱਤਾ। ਧਾਗੇ, ਤਵੀਤ, ਮੰਤਰਾਂ ਤੇ ਦਵਾਈਆਂ ਦੀ ਕਰਾਮਾਤ ਦੀ ਕਾਲਖ ਨਾਲ ਲੋਕ ਭਰਮ ਦੇ ਚਕਰਾਂ ਵਿੱਚ ਪੈ ਗਏ।

ਟੀਕਾਕਾਰ : ਸਿੰਘ ਸਾਹਿਬ ਗਿਆਨੀ ਮਨੀ ਸਿੰਘ
ਸਾਬਕਾ ਹੈਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

SIS GANJ
Published : February 1, 2023
Posting : 5-10 February 2023, LPC, Delhi RMS
Delhi-110006

FEBRUARY 2023

DL (ND)-11/6040/2021-22-2023
U(C)-224/2021-23
RNI 10622/64



ਭਗਤ ਰਵਿਦਾਸ ਜੀ

Total Pages : 1 to 64 (With Cover)